ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 24 | 19 June 2019 to 25 June 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

➢ ਅੰਦਰ ਪੜ੍ਹੋ



03

■ ਭਾਈਚਾਰਾ

ਪਹਿਲੀ ਵਾਰ ਦਰਬਾਰ ਸਾਹਿਬ ਨਤਮਸਤਕ ਹੋਇਆ ਜਪਾਨ ਦਾ ਸਫ਼ੀਰ



07

■ ਖਾਸ ਖ਼ਬਰਾਂ

ਕਾਂਗਰਸੀ ਕੌਂਸਲਰ ਦੇ ਭਰਾ ਨੇ ਔਰਤ ਨੂੰ ਕੁੱਟ-ਕੁੱਟ ਕੀਤਾ ਅਧਮੋਇਆ



12

■ ਨਜ਼ਰੀਆ

ਪੰਜਾਬ ਦੇ ਪਾਣੀਆਂ ਉੱਤੇ ਡਾਕਾ !



23

■ ਵਿਸ਼ੇਸ਼ ਰਿਪੋਰਟ

ਪੰਜਾਬ 'ਚ ਲਗਾਤਾਰ ਵਧ ਰਹੇ ਹਨ ਅਪਰਾਧ

# ਸਿੱਖ ਰੈਫਰੈਂਸ ਲਾਇਬਰੇਰੀ ਦੇ ਅਮੁੱਲੇ ਖਜ਼ਾਨੇ ਦੀ ਲੁੱਟ ਬਾਰੇ ਵਿਵਾਦ ਛਿੜਿਆ

- ✪ ਸ਼੍ਰੋਮਣੀ ਕਮੇਟੀ ਨੇ ਪੰਜ ਮੈਂਬਰੀ ਜਾਂਚ ਕਮੇਟੀ ਬਣਾਈ
- ✪ ਭਾਰਤੀ ਫੌਜ ਵੱਲੋਂ ਜੂਨ-84 'ਚ ਲੁੱਟੀ ਤੇ ਸਾੜੀ ਗਈ ਸੀ ਲਾਇਬਰੇਰੀ





**ਅੰਮ੍ਰਿਤਸਰ/ਏਟੀ ਨਿਊਜ਼ :** ਜੂਨ-1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸਿੱਖ ਲਾਇਬਰੇਰੀ ਦਾ ਅਮੁੱਲਾ ਖਜ਼ਾਨਾ ਫੌਜ ਚੁੱਕ ਕੇ ਲੈ ਗਈ ਸੀ, ਜਿਸ ਵਿਚ 500 ਤੋਂ ਵੱਧ ਹੱਥ ਲਿਖਤ ਸਰੂਪ ਅਤੇ 12 ਹਜ਼ਾਰ ਤੋਂ ਵੱਧ ਦੁਰਲੱਭ ਪੁਸਤਕਾਂ ਤੇ ਹੋਰ ਸਮਾਨ ਸ਼ਾਮਲ ਸੀ। ਹੁਣ ਇਹ ਮਾਮਲਾ ਉਸ ਸਮੇਂ ਮੁੜ ਉਭਰਿਆ ਜਦੋਂ ਫੌਜ ਵਲੋਂ ਇਸ ਲਾਇਬਰੇਰੀ ਦਾ ਚੁੱਕਿਆ ਸਾਮਾਨ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦੇਣ ਦਾ ਦਾਅਵਾ ਕੀਤਾ ਗਿਆ ਤੇ ਇਸ ਵਿਚੋਂ ਚੁੱਪ ਚੁਪੀਤੇ ਇਕ ਸਰੂਪ ਵਿਦੇਸ਼ ਵਿਚ ਵੇਚਣ ਦੇ ਦੋਸ਼ ਲੱਗੇ। ਇਨ੍ਹਾਂ ਗੰਭੀਰ ਦੋਸ਼ਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਵਲੋਂ ਸਮੁੱਚੀ ਸਥਿਤੀ ਦਾ ਪਤਾ ਲਾਉਣ ਲਈ 1984 ਤੋਂ ਬਾਅਦ ਦੇ ਅਧਿਕਾਰੀਆਂ ਤੇ ਮੌਜੂਦਾ ਸਬੰਧਿਤ ਅਧਿਕਾਰੀਆਂ ਦੀ ਮੀਟਿੰਗ ਸੱਦੀ ਗਈ ਜਿਸ ਵਿਚ ਖੁਲਾਸਾ ਹੋਇਆ ਕਿ ਫੌਜ ਵਲੋਂ ਹੁਣ ਤਕ 7 ਵਾਰ ਸਮਾਨ ਵਾਪਸ ਕੀਤਾ ਗਿਆ ਹੈ ਪਰ ਉਸ ਵਿਚ ਸਿੱਖ ਰੈਫਰੈਂਸ ਲਾਇਬਰੇਰੀ ਨਾਲ ਸਬੰਧਿਤ ਸਮਾਨ ਸਿਰਫ ਦੋ ਵਾਰ ਹੀ ਵਾਪਸ ਕੀਤਾ ਗਿਆ ਹੈ, ਜਿਸ ਵਿਚ 205 ਹੱਥ ਲਿਖਤ ਸਰੂਪ ਅਤੇ ਕੁਝ ਪੁਸਤਕਾਂ ਸ਼ਾਮਲ ਹਨ। ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸਿੱਖ ਰੈਫਰੈਂਸ ਲਾਇਬਰੇਰੀ ਦੇ ਅਮੁੱਲੇ ਖਜ਼ਾਨੇ ਦੀ ਵਾਪਸੀ ਸਬੰਧੀ ਅਤੇ ਪਾਵਨ ਸਰੂਪ ਨੂੰ ਵੇਚੇ ਜਾਣ ਸਬੰਧੀ ਚਲ ਰਹੇ ਵਿਵਾਦ ਦੌਰਾਨ ਸਮੁੱਚੇ ਮਾਮਲੇ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਵਲੋਂ ਪੰਜ ਮੈਂਬਰੀ ਉਚ ਪੱਧਰੀ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਜਾਂਚ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਬੀਬੀ ਜਗੀਰ ਕੌਰ,

ਬਾਕੀ ਸਫ਼ਾ 33 'ਤੇ

## ਸ਼੍ਰੋਮਣੀ ਕਮੇਟੀ ਵਲੋਂ ਤਿਆਰ ਕੀਤੀ ਲਿਸਟ

ਘੱਲੂਘਾਰਾ ਜੂਨ-84 ਸਮੇਂ ਸਿੱਖ ਰੈਫ਼ਰੈਂਸ ਲਾਈਬ੍ਰੇਰੀ ਵਿਚਲਾ ਕੀਮਤੀ ਸਾਹਿਬ ਫ਼ੌਜ ਵੱਲੋਂ ਹਾਲੇ ਤਕ ਵਾਪਸ ਨਾ ਕੀਤੇ ਜਾਣ 'ਤੇ ਸ਼੍ਰੋਮਣੀ ਕਮੇਟੀ ਨੇ ਪਹਿਲੀ ਸੂਚੀ ਤਿਆਰ ਕਰ ਲਈ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਤੇ ਸਾਬਕਾ ਮੈਂਬਰਾਂ ਨੇ ਇਸ ਬਾਰੇ ਪਹਿਲਾਂ ਬੈਠਕ ਕੀਤੀ ਅਤੇ ਫਿਰ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਮੀਡੀਆ ਨੂੰ ਚੋਰੀ ਹੋਏ ਕੀਮਤੀ ਗ੍ਰੰਥਾਂ ਤੇ ਹੋਰ ਸਾਹਿਤ ਬਾਰੇ ਦੱਸਿਆ। ਸ਼੍ਰੋਮਣੀ ਕਮੇਟੀ ਮੁਤਾਬਕ ਹਾਲੇ ਵੀ ਸੈਂਕੜੇ ਹੱਥ ਲਿਖਤ ਪਾਵਨ ਸਰੂਪ ਅਤੇ 11 ਹਜ਼ਾਰ ਤੋਂ ਵੱਧ ਪੁਸਤਕਾਂ ਵਾਪਸ ਨਹੀਂ ਕੀਤੀਆਂ ਗਈਆਂ।

ਡਾ. ਰੂਪ ਸਿੰਘ ਨੇ ਦੱਸਿਆ ਕਿ ਸੰਨ 1984 ਵਿਚ ਸਿੱਖ ਰੈਫਰੈਂਸ ਲਾਈਬ੍ਰੇਰੀ ਵਿੱਚ ਕੁੱਲ 512 ਪਾਵਨ ਸਰੂਪ ਸਨ।

ਬਾਕੀ ਸਫ਼ਾ 33 'ਤੇ

## ਅਗਲੇ ਹ਼ਫਤੇ ਤੋਂ ਹੋਵੇਗੀ ਅਮਰੀਕਾ 'ਚੋਂ ਗ਼ੈਰ-ਕਾਨੂੰਨੀ ਸ਼ਰਨਾਰਥੀਆਂ ਨੂੰ ਬਾਹਰ ਕੱਢਣ ਦੀ ਕਾਰਵਾਈ

**ਵਾਸ਼ਿੰਗਟਨ/ਏਟੀ ਨਿਊਜ਼ :** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਗਲੇ ਹਫ਼ਤੇ ਤੋਂ ਲੱਖਾਂ ਗ਼ੈਰ-ਕਾਨੂੰਨੀ ਸ਼ਰਨਾਰਥੀਆਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ ਜਾਵੇਗਾ। ਟਰੰਪ ਨੇ ਟਵੀਟ ਕਰ ਕੇ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫ਼ੋਰਸਮੈਂਟ ਏਜੰਸੀ ਦਾ ਹਵਾਲਾ ਦਿੰਦਿਆਂ ਕਿਹਾ, "ਅਗਲੇ ਹਫ਼ਤੇ ਆਈਸੀਈ ਲੱਖਾਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹਟਾਉਣ ਦੀ ਪ੍ਰਕਿਰਿਆ ਸ਼ੁਰੂ ਕਰੇਗਾ, ਜੋ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖ਼ਲ ਹੋਏ ਸਨ। ਜਿੰਨੀ ਛੇਤੀ ਉਹ ਪ੍ਰਵਾਸੀ ਆਏ ਸਨ, ਉਨ੍ਹਾਂ ਹੀ ਓਨੀ ਛੇਤੀ ਬਾਹਰ ਕੱਢਿਆ ਜਾਵੇਗਾ।"

ਅਮਰੀਕਾ ਵਿਚ ਕੁੱਲ 12 ਮਿਲੀਅਨ ਪ੍ਰਵਾਸੀ ਹਨ ਜੋ ਕਿ ਮੈਕਸੀਕੋ ਅਤੇ ਕੇਂਦਰੀ ਅਮਰੀਕਾ ਤੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਆ ਕੇ ਵੱਸ ਗਏ ਹਨ। ਅਮਰੀਕਾ ਅਤੇ ਮੈਕਸੀਕੋ ਵਿਚਕਾਰ ਹੋਏ ਇਕ ਸਮਝੌਤੇ ਦੇ ਤਹਿਤ

ਬਾਕੀ ਸਫ਼ਾ 32 'ਤੇ

# ਦਿੱਲੀ ਪੁਲਿਸ ਵੱਲੋਂ ਦੋ ਸਿੱਖਾਂ ਦੀ ਵਹਿਸ਼ੀਆਨਾ ਮਾਰਕੁੱਟ

- ✪ ਪੁਲੀਸ ਨੂੰ ਰਿਸ਼ਵਤ ਦੇਣ ਤੋਂ ਕੀਤਾ ਸੀ ਸਿੱਖ ਡਰਾਈਵਰ ਨੇ ਇਨਕਾਰ
- ✪ ਕੈਪਟਨ ਤੇ ਕੇਜਰੀਵਾਲ ਪੀੜਤ ਸਿੱਖ ਡਰਾਈਵਰ ਦੇ ਹੱਕ 'ਚ ਆਏ



**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਪੁਲੀਸ ਵੱਲੋਂ ਮੁਖਰਜੀ ਨਗਰ ਇਲਾਕੇ ਵਿੱਚ ਸਿੱਖ ਆਟੋ ਚਾਲਕ ਸਰਬਜੀਤ ਸਿੰਘ ਵਾਸੀ ਗਾਂਧੀ ਵਿਹਾਰ ਤੇ ਉਸ ਦੇ ਪੁੱਤਰ ਬਲਵੰਤ ਸਿੰਘ ਨੂੰ ਬੇਰਹਿਮੀ ਨਾਲ ਕੁੱਟਣ ਦਾ ਵੀਡੀਓ ਸਾਹਮਣੇ ਆਇਆ ਹੈ। ਵੀਡੀਓ ਮੁਤਾਬਕ ਪੁਲੀਸ ਦੇ ਵਾਹਨ ਨਾਲ ਆਟੋ ਟਕਰਾਉਣ ਮਗਰੋਂ ਤਕਰਾਰ ਵਧਿਆ। ਪੁਲੀਸ ਮੁਲਾਜ਼ਮ ਨੇ ਸਿੱਖ ਡਰਾਈਵਰ ਕੋਲ ਰਿਸ਼ਵਤ ਮੰਗੀ ਪਰ ਸਿੱਖ ਡਰਾਈਵਰ ਨੇ ਰਿਸ਼ਵਤ ਦੇਣ ਤੋਂ ਇਨਕਾਰ ਕਰ ਦਿੱਤਾ।

ਇਸ ਕਾਰਨ ਤਕਰਾਰ ਵਧ ਗਿਆ ਤੇ ਪੁਲੀਸ ਵਾਲੇ ਨੇ ਡੰਡੇ ਨਾਲ ਡਰਾਈਵਰ ਨੂੰ ਕੁੱਟਿਆ। ਡਰਾਈਵਰ ਸਰਬਜੀਤ ਸਿੰਘ ਨੇ ਆਪਣੇ ਬਚਾਅ ਲਈ ਕ੍ਰਿਪਾਨ ਕੱਢ ਲਈ। ਪੁਲਿਸ ਅਧਿਕਾਰੀ ਨੇ ਆਪਣੇ 'ਤੇ ਕਥਿਤ ਜਾਨਲੇਵਾ ਹਮਲੇ ਦਾ ਬਹਾਨਾ ਬਣਾ ਕੇ ਆਪਣੇ ਸਾਥੀ ਪੁਲੀਸ ਮੁਲਾਜ਼ਮਾਂ ਨਾਲ ਮਿਲ ਕੇ ਉਸ ਸਿੱਖ ਡਰਾਈਵਰ ਦੇ ਉਸ ਦੇ ਪੁੱਤਰ ਨਾਲ ਵਹਿਸ਼ੀਆਨਾ ਕੁੱਟਮਾਰ ਕੀਤੀ। ਇਹ ਘਟਨਾ ਲੰਘੇ ਐਤਵਾਰ ਸ਼ਾਮ ਵੇਲੇ ਦੀ ਹੈ। ਵੀਡੀਓ ਵਿੱਚ ਪੁਲੀਸ ਦੀ ਵਹਿਸ਼ੀਆਨਾ ਕੁੱਟ ਤੋਂ ਆਪਣੇ ਪਿਓ ਨੂੰ ਬਚਾਉਣ ਲਈ ਪੁੱਤਰ ਨੇ ਉਹਨਾਂ ਉੱਪਰ ਟੈਂਪੂ ਚਾੜ ਦਿੱਤਾ ਸੀ। ਇਕ ਪੁਲੀਸ ਵਾਲੇ ਨੇ ਉਸ ਨੂੰ ਟੈਂਪੂ ਵਿਚੋਂ ਬਾਹਰ ਕੱਢਿਆ ਤੇ ਉਸ ਉਪਰ ਪਿਸਤੌਲ ਵੀ ਤਾਣ ਦਿੱਤੀ ਜਿਵੇਂ ਕਿ ਉਹ ਅੱਤਵਾਦੀ ਹੁੰਦਾ ਹੈ। ਇਸ ਤੋਂ ਬਾਅਦ ਪੁਲੀਸ ਵਾਲੇ ਸਿੱਖ ਲੜਕੇ ਨੂੰ ਡੰਡਿਆਂ, ਲੱਤਾਂ ਤੇ ਮੁੱਕਿਆਂ ਨਾਲ ਜਾਨਵਰਾਂ ਦੀ ਤਰ੍ਹਾਂ ਕੁੱਟਮਾਰ ਕਰਦੇ ਦਿਖਾਈ ਦੇ ਰਹੇ ਹਨ। ਇਸ ਤੋਂ ਬਾਅਦ ਸਰਬਜੀਤ ਸਿੰਘ ਡਰਾਈਵਰ ਨੂੰ ਪੁਲੀਸ

ਬਾਕੀ ਸਫ਼ਾ 33 'ਤੇ












REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU





FREE ONE YEAR PROPERTY MANAGEMENT & SAVE $3000

FEW AREAS ARE GROWING RAPIDLY,
TRACY, LATHROP, MANTECA,
MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA,
MOUNTAIN HOUSE

Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653

VALLEY PACIFIC REALTY AND INVESTMENTS STOCKTON # 01722418

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SERVICE TRUST
SKYWAY TRAVEL
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

## ਇਕ ਵਿਅਕਤੀ ਦੀ ਸ਼ਨਾਖਤ ਲਈ ਐਫਬੀਆਈ ਕਰੋੜਾਂ ਤਸਵੀਰਾਂ ਦੀ ਕਰੇਗੀ ਛਾਣਬੀਣ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਐਫਬੀਆਈ ਨੂੰ ਇਕ ਵਿਅਕਤੀ ਦੀ ਤਲਾਸ਼ ਹੈ ਜਿਸ ਨੂੰ ਲੱਭਣ ਲਈ ਉਹ ਅਮਰੀਕੀ ਨਾਗਰਿਕਾਂ ਦੀਆਂ 64 ਕਰੋੜ ਤਸਵੀਰਾਂ ਦੀ ਛਾਣਬੀਣ ਕਰੇਗੀ। ਇਹ ਦਾਅਵਾ ਇਕ ਸਰਕਾਰੀ "ਵਾਚਡੌਗ ਗਰੁੱਪ" ਵੱਲੋਂ ਕੀਤਾ ਗਿਆ ਹੈ। ਇਕ ਰਿਪੋਰਟ ਅਨੁਸਾਰ ਸਰਕਾਰੀ ਜਵਾਬਦੇਹੀ ਦਫਤਰ ਨੇ ਰਿਪਬਲਿਕਨ ਤੇ ਡੈਮੋਕਰੈਟਿਕ ਸਾਂਸਦ ਮੈਂਬਰਾਂ ਨੂੰ ਦੱਸਿਆ ਕਿ ਐਫਬੀਆਈ ਇਕ ਵਿਅਕਤੀ ਦੀ ਸ਼ਨਾਖਤ ਲਈ ਕਰੋੜਾਂ ਤਸਵੀਰਾਂ ਨੂੰ ਘੋਖ ਸਕਦੀ ਹੈ। ਐਫਬੀਆਈ ਨੇ ਇਹ ਤਸਵੀਰਾਂ ਡਰਾਈਵਰਾਂ ਦੇ ਲਾਇਸੰਸਾਂ, ਪਾਸਪੋਰਟਾਂ ਤੇ ਸਰਕਾਰ ਵੱਲੋਂ ਜਾਰੀ ਹੋਰ ਪਛਾਣ ਪੱਤਰਾਂ ਤੋਂ ਲਈਆਂ ਹਨ। ਸਰਕਾਰੀ ਜਵਾਬਦੇਹੀ ਦਫਤਰ ਦੇ ਅਧਿਕਾਰੀ ਗਰੇਟਾ ਗੁਡਵਿਨ ਨੇ ਹਾਊਸ ਓਵਰਸਾਈਟ ਕਮੇਟੀ ਦੇ ਮੈਂਬਰਾਂ ਨੂੰ ਦੱਸਿਆ ਕਿ ਇਸ ਸਮੇਂ ਐਫਬੀਆਈ ਨੇ 21 ਰਾਜਾਂ ਨਾਲ ਕਰਾਰ ਕੀਤਾ ਹੈ ਜੋ ਡਰਾਈਵਰਾਂ ਦੇ ਲਾਇਸੰਸਾਂ ਉਪਰ ਲੱਗੀਆਂ ਤਸਵੀਰਾਂ ਦੀ ਘੋਖ ਕਰਵਾਉਣ ਲਈ ਸਹਿਮਤ ਹੋਏ ਹਨ। ਦੂਸਰੇ ਪਾਸੇ ਮਨੁੱਖੀ ਹੱਕਾਂ ਬਾਰੇ ਕਾਰਕੁੰਨਾਂ ਵੱਲੋਂ ਐਫਬੀਆਈ ਦੇ ਇਸ ਕਦਮ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨਾਂ ਦਾ ਕਹਿਣਾ ਹੈ ਕਿ ਇਹ ਨਿੱਜਤਾ ਦੀ ਉਲੰਘਣਾ ਹੈ।

## ਪਹਿਲੀ ਵਾਰ ਦਰਬਾਰ ਸਾਹਿਬ ਨਤਮਸਤਕ ਹੋਇਆ ਜਪਾਨ ਦਾ ਸਫ਼ੀਰ



**ਅੰਮ੍ਰਿਤਸਰ/ਏਟੀ ਨਿਊਜ਼ :** ਜਪਾਨ ਦੇ ਭਾਰਤ ਵਿਚ ਸਫ਼ੀਰ ਕੇਨਜੀ ਹੀਰਾਮਤਜ਼ੂ ਨੇ ਆਸ ਪ੍ਰਗਟਾਈ ਹੈ ਕਿ ਭਾਰਤ ਵਿਚ ਨਰਿੰਦਰ ਮੋਦੀ ਦੀ ਸਰਕਾਰ ਦੀ ਮੁੜ ਸਥਾਪਤੀ ਨਾਲ ਜਪਾਨ ਅਤੇ ਭਾਰਤ ਦੇ ਆਪਸੀ ਸਬੰਧ ਹੋਰ ਮਜ਼ਬੂਤ ਹੋਣਗੇ। ਉਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨਤਮਸਤਕ ਹੋਣ ਆਏ ਸਨ। ਦੱਸਣਯੋਗ ਹੈ ਕਿ ਜਪਾਨੀ ਸਫੀਰ ਪਹਿਲੀ ਵਾਰ ਹਰਿਮੰਦਰ ਸਾਹਿਬ ਆਏ ਹਨ। ਉਨ੍ਹਾਂ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਦੇਸ਼ ਵੰਡ ਸਬੰਧੀ ਪਾਰਟੀਸ਼ਨ ਮਿਊਜ਼ੀਅਮ ਦਾ ਵੀ ਦੌਰਾ ਕੀਤਾ। ਉਹ ਦੁਰਗਿਆਣਾ ਮੰਦਰ ਵੀ ਮੱਥਾ ਟੇਕਣ ਗਏ। ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਈ ਯੋਜਨਾਵਾਂ ਵਿਚ ਭਾਈਵਾਲੀ ਕੀਤੀ ਗਈ ਹੈ। ਇਸ ਸਬੰਧ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਦੋ ਵਾਰ ਮੀਟਿੰਗਾਂ ਵੀ ਹੋ ਚੁੱਕੀਆਂ ਹਨ। ਉਹ ਇਹ ਵੀ ਪਤਾ ਲਗਾ ਰਹੇ ਹਨ ਕਿ ਪੰਜਾਬ ਵਿਚ ਕਿਨ੍ਹਾਂ ਹੋਰ ਖੇਤਰਾਂ ਵਿਚ ਭਾਈਵਾਲੀ ਦੀਆਂ ਸੰਭਾਵਨਾਵਾਂ ਹਨ। ਰਜਤ ਅਗਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਜਪਾਨ ਤੋਂ ਸਹਿਯੋਗ ਲੈਣ ਲਈ ਇਛੁੱਕ ਹੈ। ਇਸ ਦੌਰਾਨ ਸਾਬਕਾ ਕੇਂਦਰੀ ਮੰਤਰੀ ਅਸ਼ਵਨੀ ਕੁਮਾਰ ਨੇ ਆਸ ਪ੍ਰਗਟਾਈ ਹੈ ਕਿ ਜਪਾਨ ਅਤੇ ਭਾਰਤ ਦੇ ਆਪਸੀ ਸਬੰਧਾਂ ਵਿਚ ਮਜ਼ਬੂਤੀ ਆਉਣ ਨਾਲ ਪੰਜਾਬ ਵਿਚ ਵੀ ਨਿਵੇਸ਼ ਦੀਆਂ ਵਧੇਰੇ ਸੰਭਾਵਨਾਵਾਂ ਪੈਦਾ ਹੋਣਗੀਆਂ।










# ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਸਿੱਖਾਂ 'ਤੇ ਜ਼ੁਲਮ ਕਰਨ ਵਾਲਿਆਂ ਦੀ ਘੇਰਾਬੰਦੀ ਦਾ ਸੱਦਾ

## "ਸਮਾਜਿਕ ਬਾਈਕਾਟ ਕਰਨ ਨਾਲ ਇਨ੍ਹਾਂ ਦੀਆਂ ਨਸਲਾਂ ਇਨ੍ਹਾਂ ਦੀ ਔਲਾਦ ਅਖਵਾਉਣ ਤੋਂ ਵੀ ਕੰਨੀਂ ਕਤਰਾਉਂਣਗੀਆਂ"

**ਲੰਡਨ/ਏਟੀ ਨਿਊਜ਼ :**

ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਦੁਨੀਆ ਭਰ ਵਿੱਚ ਵਸਦੇ ਸਿੱਖਾਂ ਨੂੰ ਸਨਿਮਰ ਅਪੀਲ ਕੀਤੀ ਹੈ ਕਿ ਪੰਜਾਬ ਦੀ ਧਰਤੀ 'ਤੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨ, ਸਿੱਖ ਪਰਿਵਾਰਾਂ ਦੀ ਲੁੱਟ ਖਸੁੱਟ ਕਰਨ ਵਾਲੇ ਪੁਲਿਸ ਕਰਮਚਾਰੀਆਂ, ਅਧਿਕਾਰੀਆਂ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ। ਸਿੱਖ ਨੌਜਵਾਨਾਂ ਦੇ ਇਨ੍ਹਾਂ ਕਾਤਲਾਂ ਨੂੰ ਵਿਦੇਸ਼ਾਂ ਵਿੱਚ ਵੜਨ ਤੋਂ ਰੋਕਣ ਲਈ ਭਾਰਤ ਸਥਿਤ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਯੂਰਪ ਭਰ ਦੇ ਦੂਤਘਰਾਂ ਨੂੰ ਇਨ੍ਹਾਂ ਦੇ ਹਮੇਸ਼ਾ ਵਾਸਤੇ ਵੀਜੇ ਬੰਦ ਕਰਕੇ ਬਲੈਕ ਲਿਸਟਡ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਕਿਸੇ ਵੀ ਕਾਤਲ, ਕੌਮੀ ਗੱਦਾਰ ਨੂੰ ਵਿਦੇਸ਼ਾਂ ਵਿੱਚ ਜਨਤਕ ਤੌਰ 'ਤੇ ਵਿਚਰਨ ਨਹੀਂ ਦਿੱਤਾ ਜਾਵੇਗਾ ਅਤੇ ਕਿਸੇ ਵੀ ਸੰਭਾਵੀ ਘਟਨਾ ਲਈ ਇਨ੍ਹਾਂ ਨੂੰ ਵੀਜ਼ਾ ਜਾਰੀ ਕਰਨ ਵਾਲੇ ਦੂਤਘਰ ਜਿੰਮੇਵਾਰ ਹੋਣਗੇ।

ਜ਼ਿਕਰਯੋਗ ਹੈ ਕਿ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਜਥੇਬੰਦੀਆਂ, ਗੁਰਦਵਾਰਾ ਪ੍ਰਬੰਧਕ ਕਮੇਟੀਆਂ ਵਲੋਂ ਭਾਰਤ ਸਰਕਾਰ ਦੇ ਨੁਮਾਇੰਦਿਆਂ, ਸਰਕਾਰੀ ਅਫਸਰਾਂ ਅਤੇ ਪੰਜਾਬ ਵਿੱਚ ਸਿੱਖਾਂ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਅਧਿਕਾਰੀਆਂ ਦੇ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਬੋਲਣ ਅਤੇ ਸਨਮਾਨ ਪ੍ਰਾਪਤ ਕਰਨ 'ਤੇ ਪੂਰਨ ਰੂਪ ਵਿੱਚ ਲਗਾਈ ਗਈ ਪਾਬੰਦੀ ਨੂੰ ਡੇਢ ਸਾਲ ਦਾ ਸਮਾਂ ਬੀਤ ਚੁੱਕਾ ਹੈ। ਯੁਨਾਈਟਿਡ ਖਾਲਸਾ ਦਲ ਯੂਕੇ. ਵਲੋਂ ਢਾਈ ਸੌ ਪੁਲਿਸ ਅਧਿਕਾਰੀਆਂ ਦੇ ਉਕਤ ਦੇਸ਼ਾਂ ਵਿੱਚ ਦਾਖਲਾ ਬੰਦ ਕਰਨ ਲਈ ਦੁਬਾਰਾ ਸੂਚੀ ਭੇਜੀ ਗਈ ਹੈ।

ਯੁਨਾਈਟਿਡ ਖਾਲਸਾ ਦਲ ਯੂਕੇ. ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਭਾਰਤ ਸਥਿਤ ਉਕਤ ਦੂਤ ਘਰਾਂ ਨੂੰ ਕਾਲੀ ਅਤੇ ਖੂਨੀ ਸੂਚੀ ਭੇਜਦਿਆਂ ਆਖਿਆ ਗਿਆ ਕਿ ਇਨ੍ਹਾਂ ਲੋਕਾਂ ਦੀ ਆਮਦ ਨਾਲ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੂੰ ਮਾਨਸਿਕ ਪੀੜਾ ਵਿੱਚੋਂ ਗੁਜ਼ਰਨਾ ਪੈਂਦਾ ਹੈ, ਜੋ ਕਿ ਮਾਨਸਿਕ ਤਸ਼ੱਦਦ ਦੇ ਸਮਾਨ ਹੈ। ਭਾਵੇਂ ਕਿ ਸਿੱਖਾਂ 'ਤੇ ਜ਼ੁਲਮ ਢਾਹੁਣ ਵਾਲੇ ਇਹ ਪੁਲਿਸ ਅਧਿਕਾਰੀ ਆਪਣੇ ਪਾਪਾਂ ਦੇ ਕਿਆਸੇ ਨਤੀਜੇ ਰੂਪੀ ਡਰ ਕਾਰਨ ਜਨਤਕ ਤੌਰ ਤੇ ਵਿਚਰਨ ਤੋਂ ਸਦਾ ਹੀ ਗੁਰੇਜ਼ ਕਰਦੇ ਹਨ ਪਰ ਜਦੋਂ ਇਨ੍ਹਾਂ ਦੁਆਰਾ ਕੀਤੇ ਅਣਮਨੁੱਖੀ ਤਸ਼ੱਦਦ ਨੂੰ ਝੱਲਣ ਵਾਲਿਆਂ, ਇਨ੍ਹਾਂ ਵਲੋਂ ਝੂਠੇ ਕੇਸਾਂ ਵਿੱਚ ਫਸਾ ਕੇ ਲੰਬਾ ਸਮਾਂ ਜੇਲ੍ਹਾਂ ਵਿੱਚ ਗੁਜ਼ਾਰਨ ਵਲਿਆਂ ਅਤੇ ਇਨ੍ਹਾਂ ਪੁਲਸੀਆਂ ਹੱਥੋਂ ਪੰਜਾਬ ਵਿੱਚ ਕੋਹ ਕੋਹ ਕੇ ਸ਼ਹੀਦ ਕੀਤੇ ਗਏ ਸਿੱਖਾਂ ਦੇ ਵਿਦੇਸ਼ਾਂ ਵਿੱਚ ਵਸਦੇ ਰਿਸ਼ਤੇਦਾਰਾਂ ਨੂੰ ਪਤਾ ਲੱਗਦਾ ਹੈ, ਤਾਂ ਉਨ੍ਹਾਂ ਦੇ ਦਰਦ ਫੇਰ ਤਾਜ਼ਾ ਹੋ ਜਾਂਦੇ ਹਨ ਜੋ ਕਿ ਮਾਨਸਿਕ ਤਸ਼ੱਦਦ ਹੈ। ਯੁਨਾਈਟਿਡ ਖਾਲਸਾ ਦਲ ਯੂਕੇ. ਵਲੋਂ ਭੇਜੀ ਗਈ ਇਸ ਸੂਚੀ ਵਿੱਚ ਦੋ ਸੌ ਤੋਂ ਵੱਧ ਪੁਲਿਸ ਅਧਿਕਾਰੀ ਸ਼ਾਮਲ ਹਨ, ਜਿਹਨਾਂ ਖਿਲਾਫ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨ, ਅਣਮਨੁੱਖੀ ਤਸ਼ੱਦਦ ਕਰਨ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਦੇ ਦੋਸ਼ ਹਨ।

ਇਸ ਸੂਚੀ ਵਿੱਚ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ 'ਤੇ ਤਸ਼ੱਦਦ ਕਰਨ ਵਾਲੇ ਬਾਘਾਪੁਰਾਣਾ ਥਾਣੇ ਦੇ ਮੁਖੀ ਅਤੇ ਫਰੀਦਕੋਟ ਦੇ ਪੁਲਿਸ ਮੁਖੀ ਜੰਗਜੀਤ ਸਿੰਘ ਦੇ ਨਾਮ ਸਭ ਤੋਂ ਉਪਰ ਰੱਖੇ ਗਏ ਹਨ। ਪੰਜਾਬ ਪੁਲਿਸ ਦੇ ਸਾਬਕਾ ਮੁਖੀਆਂ, ਸੁਮੇਧ ਸੈਣੀ, ਸਰਵਦੀਪ ਸਿੰਘ ਵਿਰਕ ਸਮੇਤ ਦੋ ਸੌ ਤੋਂ ਵੱਧ ਪੁਲਿਸ ਅਧਿਕਾਰੀਆਂ ਦੇ ਨਾਮ ਦਰਜ ਹਨ, ਜਿਨ੍ਹਾਂ ਦੇ ਹੱਥ ਸਿੱਖ ਨੌਜਵਾਨਾਂ ਦੇ ਖੂਨ ਨਾਲ ਰੰਗੇ ਹੋਏ ਹਨ। ਬਹੁਤ ਸਾਰੇ ਕੇਸਾਂ ਵਿੱਚ ਸਿੱਖਾਂ 'ਤੇ ਜ਼ੁਲਮ ਢਾਹੁਣ ਵਾਲੇ ਇਨ੍ਹਾਂ ਪੁਲਸੀਆਂ ਵਲੋਂ ਲੱਖਾਂ ਰੁਪਏ ਵੀ ਸਿੱਖ ਨੌਜਵਾਨਾਂ ਦੇ ਵਾਰਸਾਂ ਤੋਂ ਉਨ੍ਹਾਂ ਨੂੰ ਰਿਹਾਅ ਕਰਨ ਵਾਸਤੇ ਲੈ ਲਏ ਗਏ ਅਤੇ ਉਨ੍ਹਾਂ ਨੂੰ ਅਣਪਛਾਤੇ ਕਰਾਰ ਦੇ ਕੇ ਸ਼ਹੀਦ ਵੀ ਕਰ ਦਿੱਤਾ ਗਿਆ। ਇਸ ਸੂਚੀ ਵਿੱਚ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਅਤੇ ਭਾਈ ਗੁਰਦੀਪ ਸਿੰਘ ਦੀਪਾ ਹੇਰਾਂ ਸਮੇਤ ਫਿਲੌਰ ਇਲਾਕੇ ਦੇ ਹੀ ਦਸ ਤੋਂ ਵੱਧ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨ ਵਾਲੇ ਫਿਲੌਰ ਦੇ ਸਾਬਕਾ ਡੀਐੱਸਪੀ ਕਮਲਜੀਤ ਸਿੰਘ ਢਿੱਲੋਂ (ਜਿਸ ਨੂੰ ਬਿਕਰਮ ਮਜੀਠੀਆ ਵਲੋਂ ਪੁਲਿਸ ਮੁਖੀ ਲਗਾਇਆ ਗਿਆ ਸੀ) ਸਮੇਤ ਪੰਜਾਹ ਤੋਂ ਵੱਧ ਅਜਿਹੇ ਪੁਲਿਸ ਅਫਸਰਾਂ ਦਾ ਵਿਸਥਾਰ ਹੈ ਜਿਨ੍ਹਾਂ ਨੇ ਸਿੱਖ ਨੌਜਵਾਨਾਂ ਨੂੰ ਤਸੀਹੇ ਦੇਣ ਮਗਰੋਂ ਸ਼ਹੀਦ ਕੀਤਾ ਅਤੇ ਸਰਕਾਰ ਵਲੋਂ ਉਨ੍ਹਾਂ ਦੇ ਇਨਾਮ ਵਜੋਂ ਵਧਾਏ ਗਏ ਰੈਂਕਾਂ ਨੂੰ ਹਾਈ ਕੋਰਟ ਵਲੋਂ ਖਤਮ ਕਰਕੇ ਪਹਿਲਾਂ ਵਾਲੇ ਰੈਂਕਾਂ 'ਤੇ ਨਿਯੁਕਤ ਕੀਤਾ ਗਿਆ ਸੀ। ਇਸ ਸੂਚੀ ਵਿਚ ਕਈ ਅਜਿਹੇ ਪੁਲਿਸ ਅਫਸਰਾਂ ਦਾ ਵੇਰਵਾ ਹੈ ਜਿਨ੍ਹਾਂ ਨੂੰ ਅਦਾਲਤਾਂ ਵਲੋਂ ਸਜ਼ਾਵਾਂ ਵੀ ਸੁਣਾਈਆਂ ਗਈਆਂ ਹਨ। ਇਸ ਸੂਚੀ ਵਿੱਚ ਕੁਦਰਤੀ ਮੌਤ ਮਰ ਚੁੱਕੇ ਸਾਬਕਾ ਪੁਲਿਸ ਮੁਖੀ ਕੇਪੀ ਗਿੱਲ ਅਤੇ ਸਵਰਨੇ ਘੋਟਣੇ ਦਾ ਨਾਮ ਵੀ ਮੌਜੂਦ ਹੈ, ਜਿਨ੍ਹਾਂ ਨੇ ਹਜ਼ਾਰਾਂ ਸਿੱਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕੀਤਾ ਹੈ। ਯੂਨਾਈਟਿਡ ਖਾਲਸਾ ਦਲ ਯੂਕੇ. ਵਲੋਂ ਸਮੁੱਚੇ ਸਿੱਖ ਜਗਤ ਨੂੰ ਸੱਦਾ ਦਿੱਤਾ ਗਿਆ ਕਿ ਸਿੱਖਾਂ ਤੇ ਜ਼ੁਲਮ ਢਾਹੁਣ ਵਾਲੇ ਪੁਲਿਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ ਅਤੇ ਇਨ੍ਹਾਂ ਨਾਲ ਕਿਸੇ ਕਿਸਮ ਦੀ ਰਿਸ਼ਤੇਦਾਰੀ ਨਾ ਪਾਈ ਜਾਵੇ ਤਾਂ ਕਿ ਇਨ੍ਹਾਂ ਅਤੇ ਇਨ੍ਹਾਂ ਦੀਆਂ ਅਗਲੇਰੀਆਂ ਨਸਲਾਂ ਨੂੰ ਸਿੱਖ ਕੌਮ 'ਤੇ ਕੀਤੇ ਜ਼ੁਲਮਾਂ ਦਾ ਅਹਿਸਾਸ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਹੋਣ ਨਾਲ ਇਨ੍ਹਾਂ ਕਾਤਲਾਂ ਦਾ ਸਮਾਜ ਵਿੱਚ ਅਜਿਹਾ ਮੂੰਹ ਕਾਲਾ ਹੋਵੇਗਾ ਕਿ ਇਨ੍ਹਾਂ ਦੀਆਂ ਅਗਲੇਰੀਆਂ ਨਸਲਾਂ ਵੀ ਇਨ੍ਹਾਂ ਦੀ ਔਲਾਦ ਅਖਵਾਉਣ ਤੋਂ ਕੰਨੀਂ ਕਤਰਾਉਣਗੀਆਂ।

## 'ਭਾਰਤੀ ਪੁਲਿਸ ਦੀ ਸਿੱਖ ਵਿਰੋਧੀ ਭਾਵਨਾ ਵਿਚ ਕੋਈ ਬਦਲਾਅ ਨਹੀਂ'

**ਲੰਡਨ/ਏਟੀ ਨਿਊਜ਼ :** ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ. ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਜਾਰੀ ਪੈੱਸ ਨੋਟ ਵਿੱਚ ਕਿਹਾ ਕਿ ਹਾਲ ਹੀ 'ਚ ਦਿੱਲੀ ਵਿਚ ਵਾਪਰੀ ਹਿਰਦੇਵੇਦਕ ਘਟਨਾ ਨੇ ਸਾਬਤ ਕਰ ਕਰ ਦਿੱਤਾ ਕਿ ਭਾਰਤ ਦੀ ਪੁਲਿਸ ਸਿੱਖਾਂ ਦੀ ਸੁਰੱਖਿਆ ਵਾਸਤੇ ਨਹੀਂ ਬਲਕਿ ਉਨ੍ਹਾਂ ਤੇ ਜ਼ੁਲਮ ਕਰਨ ਵਾਸਤੇ ਬਣੀ ਹੈ। ਜਿਸ ਤਰ੍ਹਾਂ ਸਰਕਾਰੀ ਸ਼ਹਿ 'ਤੇ ਨਵੰਬਰ 84 ਵਿੱਚ ਦਿੱਲੀ, ਕਾਨਪੁਰ, ਬੋਕਾਰੋ ਸਮੇਤ ਹਿੰਦੂ ਬਹੁ ਗਿਣਤੀ ਵਸੋਂ ਵਾਲੇ ਇਲਾਕਿਆਂ ਵਿੱਚ ਹਿੰਦੂਤਵੀ ਗੁੰਡਿਆਂ ਵਲੋਂ ਸਿੱਖਾਂ 'ਤੇ ਅੱਤਿਅਚਾਰ ਕੀਤਾ ਗਿਆ ਸੀ ਅਤੇ ਦਿੱਲੀ ਪੁਲਿਸ ਨੇ ਸਿੱਖਾਂ ਦੀ ਸੁਰੱਖਿਆ ਕਰਨ ਦੀ ਬਜਾਏ ਗੁੰਡਿਆਂ ਦਾ ਸਾਥ ਦਿੱਤਾ ਅਤੇ ਸਿੱਖਾਂ ਨੂੰ ਨਿਹੱਥੇ ਕਰਵਾ ਕੇ ਗੁੰਡਿਆਂ ਦੇ ਹਵਾਲੇ ਕੀਤਾ ਸੀ, ਅੱਜ ਵੀ ਇਨ੍ਹਾਂ ਦੀ ਸਿੱਖ ਵਿਰੋਧੀ ਨੀਤੀ ਉਸੇ ਤਰ੍ਹਾਂ ਹੀ ਦੀ ਹੈ। ਦਿੱਲੀ ਵਿੱਚ ਪੁਲਿਸ ਵਲੋਂ ਜਿਸ ਤਰ੍ਹਾਂ ਸਿੱਖ ਡਰਾਈਵਰ ਅਤੇ ਉਸ ਦੇ ਪੁੱਤਰ ਦੀ ਕੁੱਟਮਾਰ ਕੀਤੀ ਗਈ ਅਤੇ ਇੱਕ ਹਿੰਦੂ ਵਿਅਕਤੀ ਪਾਸੋਂ ਉਸ ਗੁਰਸਿੱਖ ਨੂੰ ਕੁਟਵਾਇਆ ਗਿਆ, ਉਸ ਦੇ ਸਿਰ ਵਿੱਚ ਠੁੱਡੇ ਮਾਰੇ ਗਏ, ਜਿਸ ਤਰ੍ਹਾਂ ਉਸ ਨੂੰ ਘੜੀਸ ਕੇ ਲਿਜਾਇਆ ਗਿਆ, ਉਸ ਤਰ੍ਹਾਂ ਦਾ ਵਿਹਾਰ ਤਾਂ ਜਾਨਵਰਾਂ ਨਾਲ ਵੀ ਨਹੀਂ ਕੀਤਾ ਜਾਂਦਾ। ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਇਸ ਘਟਨਾ ਦੀ ਸਖਤ ਨਿਖੇਧੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੇ ਦੋਸ਼ੀ ਸਖਤ ਸਜ਼ਾ ਦੇ ਹੱਕਦਾਰ ਹਨ। ਸਮੁੱਚੀ ਸਿੱਖ ਕੌਮ ਨੂੰ ਮਹਿਸੂਸ ਕਰਨ ਦੀ ਲੋੜ ਹੈ ਕਿ ਭਾਰਤ ਵਿੱਚ ਸਿੱਖ ਗੁਲਾਮ ਹਨ ਅਤੇ ਇਸ ਗੁਲਾਮੀ ਨੂੰ ਗਲੋਂ ਲਾਹੁਣਾ ਹੀ ਹਰ ਸਿੱਖ ਦਾ ਫਰਜ਼ ਹੈ। ਖਾਲਿਸਤਾਨ ਵਿਚ ਹੀ ਸਮੂਹ ਸਿੱਖ ਸਮੱਸਿਆਵਾਂ ਦਾ ਸਥਾਈ ਹੱਲ ਹੋਣਾ ਹੈ ਅਤੇ ਇਸ ਨੇ ਹੀ ਸਿੱਖੀ ਦੇ ਪਰਚਾਰ, ਪਾਸਾਰ ਅਤੇ ਸੁਰੱਖਿਆ ਦਾ ਜ਼ਾਮਨ ਹੋਣਾ ਹੈ ।




WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

Call for more Info:

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

2101 MARTIN LUTHER KING JR WAY STOCKTON, CA 95205

# ਅਮਰੀਕਨ ਸਿੱਖਾਂ ਨੇ ਝੁਲਾਇਆ ਪੰਜਾਬ ਦਾ 'ਝੰਡਾ'

## *'ਨੌਰਵਿੱਚ ਸ਼ਹਿਰ ਦੇ ਡਾਊਨਟਾਊਨ ਦੀ ਸ਼ਾਨ ਬਣਿਆ*

**ਕੈਨੇਕਟਿਕਟ/ਹੁਸਨ ਲੜੋਆ ਬੰਗਾ :** ਅਮਰੀਕਾ ਦੇ ਸੂਬੇ ਕੈਨੇਕਟਿਕਟ ਨੇ ਦਰਬਾਰ ਸਾਹਿਬ ਉਤੇ ਹੋਏ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਸੰਨ 1984 ਦੇ ਸਿੱਖ ਕਤਲੇਆਮ ਦੀ ਯਾਦਗਾਰ ਬਣਾਈ ਹੈ, ਜਿਸ ਦੌਰਾਨ ਵਿਸ਼ਵ ਵਿਚ ਵਸਦੇ ਸਿੱਖ ਭਾਈਚਾਰੇ ਨੂੰ ਇਕ ਵਾਰ ਫਿਰ ਪੰਜਾਬ ਦੀ ਆਜ਼ਾਦੀ ਦੀ ਕਮਾਨ ਸੰਭਾਲਣ ਦਾ ਸੁਨੇਹਾ ਦਿੱਤਾ ਹੈ। ਇਸੇ ਤਰ੍ਹਾਂ ਨੌਰਵਿੱਚ ਸ਼ਹਿਰ ਵਿਚ ਕੈਨੇਕਟਿਕਟ ਦੇ ਸਿੱਖਾਂ ਵਲੋਂ ਪੰਜਾਬ ਦਾ ਝੰਡਾ ਡਾਊਨਟਾਊਨ ਵਿਚ ਲਹਿਰਾਇਆ। ਇਸ ਝੰਡੇ ਨੂੰ ਲਹਿਰਾਉਣ ਦੀ ਰੂਪ ਰੇਖਾ ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਅਤੇ ਨੌਰਵਿੱਚ ਪਲੇਨਿੰਗ ਬੋਰਡ ਦੇ ਮੈਂਬਰ ਸ. ਸਵਰਨਜੀਤ ਸਿੰਘ ਖਾਲਸਾ ਵਲੋਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਅਸੀ ਆਪਣੇ ਸ਼ਹਿਰ ਵਿਚ ਤਕਰੀਬਨ ਹਰ ਮੁਲਕ ਦਾ ਝੰਡਾ ਡਾਊਨਟਾਊਨ ਵਿਚ ਸਥਾਪਿਤ ਕੀਤਾ ਹੈ ਤਾਂ ਜੋ ਹਰ ਕੋਈ ਆਪਣੀ ਪਹਿਚਾਣ ਉਤੇ ਮਾਣ ਕਰ ਸਕੇ। ਉਨ੍ਹਾਂ ਦੱਸਿਆ ਕਿ ਇਹ ਡਿਜ਼ਾਇਨ ਉਨ੍ਹਾਂ ਕਾਫੀ ਡੂੰਘੀ ਰਿਸਰਚ ਕਰਕੇ ਬਣਾਇਆ ਹੈ ਤੇ ਉਹ ਉਮੀਦ ਕਰਦੇ ਹਨ ਕਿ ਪੰਜਾਬ ਦੇ ਵਸਨੀਕ ਵੀ ਇਸ ਨੂੰ ਅਪਣਾਉਣਗੇ। ਇਸ ਝੰਡੇ ਵਿੱਚੋਂ ਅਸੀਂ ਪੰਜਾਬ ਦੀ ਝਲਕ ਦੁਨੀਆ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸਿੱਖੀ ਦਾ ਸੁਨੇਹਾ ਘਰ ਘਰ ਪਹੁੰਚਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਣਕ ਪੰਜਾਬ ਦੀ ਖੇਤੀਬਾੜੀ ਦਰਸਾਉਂਦੀ ਹੈ ਤੇ ਪੰਜ ਲਾਈਨਾਂ ਪੰਜਾਬ ਦੇ ਪੰਜ ਦਰਿਆ, ਇਸ ਤੋਂ ਇਲਾਵਾ ਕਿਰਪਾਨ ਧਾਰਮਿਕ ਆਜ਼ਾਦੀ ਦਾ ਪ੍ਰਤੀਕ ਹੈ ਅਤੇ ਦੇਗ ਤੇਗ ਫਤਹਿ ਜੋ ਕਿ ਸਿੱਖਾਂ ਦਾ ਮਿਸ਼ਨ ਹੈ, ਇਸ ਝੰਡੇ ਵਿੱਚੋਂ ਪ੍ਰਗਟ ਹੁੰਦਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇ ਵਿਚ ਗਵਰਨਰ ਨੂੰ ਅਪੀਲ ਕਰਕੇ ਉਹ ਇਸ ਨੂੰ ਸੂਬੇ ਦੀ ਪਾਰਲੀਮੈਂਟ ਉੱਤੇ ਵੀ ਅਮਰੀਕਾ ਦੇ ਝੰਡੇ ਨਾਲ ਲਹਿਰਾਉਣ ਦੇ ਯਤਨ ਕਰਨਗੇ। ਇਸ ਤੋਂ ਇਲਾਵਾ ਸਿੱਖਾਂ ਦਾ ਕੌਮੀ ਝੰਡਾ ਸ਼ਹਿਰ ਦੀ ਲਾਇਬ੍ਰੇਰੀ ਵਿਚ ਵੀ ਸੁਸ਼ੋਭਿਤ ਹੈ।




# ਅਮਰੀਕਾ ਦੇ ਮਾਰੂਥਲ 'ਚ 6 ਸਾਲਾਂ ਦੀ ਬੱਚੀ ਪਿਆਸੀ ਮਰ ਗਈ

## *ਬੱਚੀ ਦੀ ਮਾਂ ਤੇ ਹੋਰ ਕਰ ਰਹੇ ਸਨ ਚੋਰੀ-ਛੁਪੇ ਸਰਹੱਦ ਪਾਰ*

**ਟਕਸਨ/ਏਟੀ ਨਿਊਜ਼ :** ਮੈਕਸੀਕੋ ਰਾਹੀਂ ਅਮਰੀਕਾ ਪੁੱਜਣ ਦੀ ਕੋਸ਼ਿਸ਼ ਵਿਚ ਐਰੀਜ਼ੋਨਾ ਦੇ ਮਾਰੂਥਲ 'ਚ ਇਕ 6 ਸਾਲਾਂ ਦੀ ਸਿੱਖ ਬੱਚੀ ਗੁਰਪ੍ਰੀਤ ਕੌਰ ਦੀ ਪਾਣੀ ਦੀ ਪਿਆਸ 'ਚ ਤੜਫਦਿਆਂ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਬੱਚੀ ਦੀ ਲਾਸ਼ 12 ਜੁਲਾਈ ਨੂੰ ਬਰਾਮਦ ਕੀਤੀ ਗਈ।

ਸਥਾਨਕ ਅਖਬਾਰਾਂ ਵਿਚ ਛਪੀ ਖ਼ਬਰ ਮੁਤਾਬਿਕ ਬੱਚੀ ਗੁਰਪ੍ਰੀਤ ਕੌਰ ਦੀ ਮਾਂ ਬੱਚੀ ਨੂੰ ਨਾਲ ਦੇ ਯਾਤਰੀਆਂ ਕੋਲ ਛੱਡ ਪਾਣੀ ਦੀ ਭਾਲ ਵਿਚ ਗਈ ਸੀ, ਜਿਸ ਦੌਰਾਨ ਬੱਚੀ ਦੀ ਪਿੱਛੇ ਮੌਤ ਹੋ ਗਈ। ਇਸ ਮੌਤ ਦੀ ਪੁਸ਼ਟੀ ਸਿਹਤ ਅਫਸਰ ਅਤੇ ਅਮਰੀਕਾ ਦੇ ਸਰਹੱਦ ਗਸ਼ਤ (ਬਾਰਡਰ ਪੈਟਰੋਲ) ਵੱਲੋਂ ਵੀ ਕੀਤੀ ਗਈ ਹੈ। ਦੱਸਣਯੋਗ ਹੈ ਕਿ ਪੰਜਾਬ ਦੇ ਲੋਕ ਹਰ ਮੁਸੀਬਤ ਸਹਾਰ ਕੇ ਅਤੇ ਹਰ ਹੀਲਾ ਵਰਤ ਕੇ ਭਾਰਤੀ ਪ੍ਰਬੰਧ ਹੇਠਲੇ ਪੰਜਾਬ ਨੂੰ ਛੱਡ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ।

ਸਰਕਾਰੀ ਅਫਸਰਾਂ ਨੇ ਦੱਸਿਆ ਕਿ ਬੱਚੀ ਗੁਰਪ੍ਰੀਤ ਕੌਰ ਯੂਐੱਸ ਬਾਰਡਰ ਪੈਟਰੋਲ ਦੇ ਮੁਲਾਜ਼ਮਾਂ ਨੂੰ ਐਰੀਜ਼ੋਨਾ ਦੇ ਮਾਰੂਥਲ ਵਿਚ ਮਿਲੀ ਜਿੱਥੇ ਤਾਪਮਾਨ 42 ਡਿਗਰੀ ਸੈਲਸਿਅਸ ਸੀ।



ਬੱਚੀ ਗੁਰਪ੍ਰੀਤ ਕੌਰ ਦੀ ਮੌਤ ਤੋਂ ਪਹਿਲਾਂ ਵੀ ਇਸ ਸਾਲ ਅੰਦਰ ਅਮਰੀਕਾ ਜਾਣ ਦੀ ਕੋਸ਼ਿਸ਼ ਕਰਦਾ ਇੱਕ ਬੱਚਾ ਇਸ ਮਾਰੂਥਲ ਵਿੱਚ ਮਾਰਿਆ ਗਿਆ ਸੀ। ਅਮਰੀਕਾ ਦੇ ਇਮੀਗਰੇਸ਼ਨ ਅਫਸਰਾਂ ਮੁਤਾਬਿਕ ਗੈਰਕਾਨੂੰਨੀ ਢੰਗ ਨਾਲ ਮੈਕਸੀਕੋ ਰਾਹੀਂ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਪ੍ਰਵਾਸੀਆਂ 'ਚ ਭਾਰਤੀਆਂ ਦੀ ਗਿਣਤੀ 'ਚ ਬਹੁਤ ਵਾਧਾ ਹੋਇਆ ਹੈ। ਇਸ ਖਤਰਿਆਂ ਭਰੇ ਰਾਹ ਤੋਂ ਹਰ ਸਾਲ ਹਜ਼ਾਰਾਂ ਅਫਰੀਕੀ ਅਤੇ ਏਸ਼ੀਆਈ ਲੋਕ ਰਾਜਸੀ ਪਨਾਹ ਲੈਣ ਖਾਤਰ ਅਮਰੀਕਾ ਵਿੱਚ ਦਾਖਲ ਹੁੰਦੇ ਹਨ। ਜਿੱਥੇ ਕਈ ਇਸ ਵਿੱਚ ਕਾਮਯਾਬ ਹੁੰਦੇ ਹਨ ਉੱਥੇ ਕਈ ਆਪਣੀ ਜ਼ਿੰਦਗੀ ਵੀ ਗੁਆ ਬਹਿੰਦੇ ਹਨ।

ਪ੍ਰਾਪਤ ਜਾਣਕਾਰੀ ਮੁਤਾਬਿਕ ਬੱਚੀ ਗੁਰਪ੍ਰੀਤ ਕੌਰ ਜਿਸ ਸਮੂਹ ਨਾਲ ਆਪਣੀ ਮਾਂ ਸਮੇਤ ਜਾ ਰਹੀ ਸੀ ਉਸ ਵਿਚ ਪੰਜ ਲੋਕ ਸ਼ਾਮਿਲ ਸਨ। ਇਹਨਾਂ ਨੂੰ ਏਜੰਟਾਂ ਨੇ ਸਰਹੱਦ ਨੇੜਲੇ ਬੀਆਬਾਨ ਖੇਤਰ ਵਿੱਚ ਛੱਡ ਦਿੱਤਾ ਸੀ। ਕੁਝ ਸਮਾਂ ਚੱਲਣ ਮਗਰੋਂ ਬੱਚੀ ਗੁਰਪ੍ਰੀਤ ਕੌਰ ਦੀ ਮਾਂ ਅਤੇ ਇੱਕ ਹੋਰ ਔਰਤ ਬੱਚੀ ਨੂੰ ਸਮੂਹ ਦੀ ਇੱਕ ਹੋਰ ਔਰਤ ਕੋਲ ਛੱਡ ਪਾਣੀ ਦੀ ਭਾਲ ਵਿੱਚ ਗਈਆਂ। ਅਮਰੀਕਾ ਦੇ ਬਾਰਡਰ ਪੈਟਰੋਲ ਦੇ ਇੱਕ ਅਫਸਰ ਨੇ ਦੱਸਿਆ ਕਿ ਪਾਣੀ ਦੀ ਭਾਲ ਵਿਚ ਵਿਛੜਨ ਤੋਂ ਬਾਅਦ ਵੱਖ ਹੋਏ ਇਹ ਲੋਕ ਆਪਸ ਵਿਚ ਨਾ ਮਿਲ ਸਕੇ। ਪਾਣੀ ਦੀ ਭਾਲ ਵਿਚ ਗਈਆਂ ਗੁਰਪ੍ਰੀਤ ਕੌਰ ਦੀ ਮਾਂ ਅਤੇ ਦੂਜੀ ਔਰਤ ਮਾਰੂਥਲ ਦੇ ਜੰਗਲ ਵਿਚ 22 ਘੰਟਿਆਂ ਤਕ ਭਟਕਦੀਆਂ ਰਹੀਆਂ ਤੇ ਬਾਅਦ ਵਿਚ ਇਹਨਾਂ ਨੂੰ ਯੂਐੱਸ ਬੋਰਡਰ ਪੈਟਰੋਲ ਨੇ ਇਹਨਾਂ ਦੇ ਪੈਰਾਂ ਦੇ ਨਿਸ਼ਾਨਾਂ ਦਾ ਪਿੱਛਾ ਕਰਦਿਆਂ ਭਾਲਿਆ। ਕੁਝ ਘੰਟਿਆਂ ਬਾਅਦ ਬੋਰਡਰ ਪੈਟਰੋਲ ਅਫਸਰਾਂ ਨੂੰ ਬੱਚੀ ਗੁਰਪ੍ਰੀਤ ਕੌਰ ਦੀ ਮ੍ਰਿਤਕ ਦੇਹ ਬਾਰਡਰ ਤੋਂ 1.6 ਕਿਲੋਮੀਟਰ ਦੀ ਵਿੱਥ 'ਤੇ ਲੱਭੀ। ਯੂਐੱਸ ਬਾਰਡਰ ਪੈਟਰੋਲ ਨੇ ਇਸ ਸਮੂਹ ਵਿੱਚ ਸ਼ਾਮਿਲ ਦੂਜੀ ਔਰਤ ਅਤੇ ਉਸ ਦੀ 8 ਸਾਲਾ ਬੱਚੀ ਨੂੰ ਵੀ ਭਾਲ ਲਿਆ ਹੈ। ਸਿਹਤ ਅਫਸਰ ਦੀ ਜਾਂਚ ਮੁਤਾਬਿਕ ਬੱਚੀ ਗੁਰਪ੍ਰੀਤ ਕੌਰ ਦੀ ਮੌਤ ਪਾਣੀ ਦੀ ਘਾਟ ਕਾਰਨ ਹੋਈ ਹੈ। 30 ਮਈ ਤਕ ਇਸ ਮਾਰੂਥਲ ਨੂੰ ਪਾਰ ਕਰਨ ਦੀ ਕੋਸ਼ਿਸ਼ ਵਿਚ 58 ਪ੍ਰਵਾਸੀਆਂ ਦੀ ਮੌਤ ਹੋ ਚੁੱਕੀ ਹੈ। ਸਾਲ 2018 ਵਿਚ ਇੱਥੇ 127 ਪ੍ਰਵਾਸੀਆਂ ਦੀ ਮੌਤ ਦਰਜ ਹੋਈ ਸੀ। ਯੂਐੱਸ ਬੋਰਡਰ ਪੈਟਰੋਲ ਦੇ ਸਥਾਨਕ ਮੁਖੀ ਨੇ ਇਸ ਮੌਤ ਲਈ ਏਜੰਟਾਂ ਨੂੰ ਜਿੰਮੇਵਾਰ ਦੱਸਿਆ ਹੈ ਜੋ ਆਪਣੇ ਲਾਭ ਖਾਤਰ ਲੋਕਾਂ ਦੀ ਜ਼ਿੰਦਗੀ ਨੂੰ ਖਤਰੇ ਵਿੱਚ ਪਾਉਂਦੇ ਹਨ।

# ਝਿੱਕਾ ਆਰਟ ਪ੍ਰੋਮੋਸ਼ਨ ਵਲੋਂ 'ਫਾਦਰ'ਜ਼ ਡੇਅ ਸਮਾਗਮ' ਹੇਅਵਰਡ 'ਚ 23 ਨੂੰ

**ਹੇਅਵਰਡ/ਏਟੀ ਨਿਊਜ਼ :**
ਝਿੱਕਾ ਆਰਟ ਪ੍ਰੋਮੋਸ਼ਨ ਦੇ ਮਨਜੀਤ ਝਿੱਕਾ ਅਤੇ ਸੋਨੀਆਂ ਝਿੱਕਾ ਵਲੋਂ ਪੰਜਾਬ ਲੋਕ ਰੰਗ, ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਸੈਨਹੋਜ਼ੇ ਹੈਰੀਟੇਜ ਕਲੱਬ ਦੇ ਸਹਿਯੋਗ ਨਾਲ 'ਫਾਦਰ'ਜ਼ ਡੇਅ' ਨੂੰ ਸਮਰਪਿਤ ਦੂਜਾ ਵੱਡਾ ਸੰਗੀਤਕ ਸਮਾਗਮ ਇੱਥੇ ਰਾਜਾ ਸਵੀਟਸ ਵਿਨਟਨ ਐਵਨਿਊ ਵਿਖੇ ਮਿਤੀ 23 ਜੂਨ ਦਿਨ ਐਤਵਾਰ ਨੂੰ ਸ਼ਾਮ 3 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਇਆ ਜਾ ਰਿਹਾ ਹੈ। ਸੋਨੀਆ ਝਿੱਕਾ ਅਤੇ ਮਨਜੀਤ ਝਿੱਕਾ ਨੇ ਦੱਸਿਆ ਕਿ ਮਾਂ ਦੀ ਮਮਤਾ ਅਤੇ ਸਮਾਜ ਦੀ ਸਿਰਜਣਹਾਰ ਮਾਂ ਦੀ ਯਾਦ ਵਿਚ ਜਿੱਥੇ ਵੱਡੇ ਸਮਾਗਮ ਕਰਵਾਏ ਜਾਂਦੇ ਹਨ ਉੱਥੇ 'ਫਾਦਰ'ਜ਼ ਡੇਅ' 'ਤੇ ਬਾਪੂ ਦੀ ਯਾਦ ਵਿਚ ਵੀ ਸਮਾਰੋਹ ਕਰਵਾਉਣ ਦੀ ਲੜੀ ਪੰਜਾਬੀ ਭਾਈਚਾਰੇ ਵਿਚ ਪਿਛਲੇ ਸਾਲ ਤੋਂ ਸ਼ੁਰੂ ਕੀਤੀ ਗਈ ਹੈ। ਕਿਉਂਕਿ ਮਾਂ ਘਰ ਚਲਾਉਂਦੀ ਹੈ ਅਤੇ ਬਾਪ ਪਰਿਵਾਰ। ਗ੍ਰਹਿਸਥ ਦੀ ਜ਼ਿੰਦਗੀ ਦੇ ਦੋਵੇਂ ਵੱਡੇ ਪਹੀਏ ਪੂਜਣਯੋਗ ਹਨ। ਇਸ ਸੰਗੀਤਕ ਸਮਾਰੋਹ ਵਿਚ ਜਿੱਥੇ ਪਿਤਾ ਦਾ ਫਰਜ਼ ਨਿਭਾਉਣ ਵਾਲੀਆਂ ਅਹਿਮ ਸਖਸ਼ੀਅਤਾਂ ਨੂੰ ਉਮਰ ਦੇ ਤਜਰਬੇ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਵੇਗਾ ਉੱਥੇ ਉਨ੍ਹਾਂ ਨੂੰ ਸਨਮਾਨ

**ਬਾਕੀ ਸਫ਼ਾ 32 'ਤੇ**

# ਗੁਰੂਸਰ ਗੁਰਦੁਆਰੇ ਵਿੱਚੋਂ ਗੁਰੂ ਗੋਬਿੰਦ ਸਿੰਘ ਦੀ ਮੂਰਤੀ ਹਟਾਈ

**ਗਿੱਦੜਬਾਹਾ/ਏਟੀ ਨਿਊਜ਼ :** ਮੁਕਤਸਰ ਦੇ ਪਿੰਡ ਗੁਰੂਸਰ ਦੇ ਗੁਰਦੁਆਰੇ ਵਿਚ ਵਣ ਦੇ ਰੁੱਖ ਕੋਲ ਪਿਛਲੇ ਤਿੰਨ ਸਾਲਾਂ ਤੋਂ ਸਥਾਪਤ ਗੁਰੂ ਗੋਬਿੰਦ ਸਿੰਘ ਦੀ ਮੂਰਤੀ ਨੂੰ ਹਟਾ ਦਿੱਤਾ ਗਿਆ ਹੈ। ਮੀਡੀਆ ਵਿਚ ਉਕਤ ਮਾਮਲਾ ਆਉਣ ਤੋਂ ਬਾਅਦ ਇਹ ਮਾਮਲਾ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਦੇ ਧਿਆਨ ਵਿਚ ਆਇਆ ਤਾਂ ਉਨ੍ਹਾਂ ਨੇ ਗੁਰਦੁਆਰੇ ਦੇ ਮੁੱਖ ਪ੍ਰਬੰਧਕ ਬਾਬਾ ਬਲਵੀਰ ਸਿੰਘ ਨਾਲ ਗੱਲ ਕਰਕੇ ਇਸ ਮੂਰਤੀ ਨੂੰ ਗੁਰੂ ਘਰ ਵਿੱਚੋਂ ਹਟਾ ਦਿੱਤਾ ਹੈ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਸਿਆਟਲ 'ਚ 'ਪਿਤਾ ਦਿਵਸ' ਮਨਾਇਆ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** 'ਪਿਤਾ ਦਾ ਪਰਿਵਾਰ ਵਿਚ ਖਾਸ ਰੁਤਬਾ ਹੈ ਜੋ ਕਮਾਈ ਕਰਕੇ ਪਰਿਵਾਰ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ। ਸੰਸਾਰ ਦੇ ਕੋਨੇ-ਕੋਨੇ ਵਿਚ 'ਫਾਦਰਜ਼ ਡੇਅ' ਮਨਾਇਆ ਗਿਆ। ਸਿਆਟਲ ਵਿਚ ਵੱਖ-ਵੱਖ ਧਰਮਾਂ, ਜਾਤਾਂ, ਰੰਗਾਂ ਤੇ ਦੇਸ਼ਾਂ ਦੇ ਲੋਕਾਂ ਨੇ ਆਪਣੇ ਰੀਤੀ ਰਿਵਾਜ਼ਾਂ ਅਨੁਸਾਰ ਪਿਤਾ ਦਿਵਸ ਮਨਾਇਆ। ਸਿੱਖ ਭਾਈਚਾਰੇ ਦੇ ਲੋਕਾਂ ਨੇ ਗੁਰਦੁਆਰਿਆਂ ਵਿਚ ਨਤਮਸਤਕ ਹੋ ਕੇ ਪਰਿਵਾਰ ਦੀ ਸ਼ੁੱਖ ਸ਼ਾਂਤੀ ਲਈ ਅਰਦਾਸ ਕੀਤੀ। ਬੱਚਿਆਂ ਨੇ ਤੋਹਫ਼ੇ ਵਜੋਂ ਆਪਣੇ ਮਾਪਿਆਂ ਨੂੰ ਯਾਦਗਾਰੀ ਚਿੰਨ ਭੇਟ ਕੀਤੇ, ਖਾਣਾ-ਪਾਰਟੀਆਂ ਕੀਤੀਆਂ। ਬੋਥਲ ਵਿਚ ਰਾਜਾ ਗਿੱਲ ਨੇ ਆਪਣੇ ਪਿਤਾ ਹਰਦੀਪ ਸਿੰਘ ਗਿੱਲ ਨੂੰ ਲੈਪਟੌਪ ਭੇਟ ਕਰਕੇ ਪਿਤਾ ਦਿਵਸ ਮਨਾਇਆ। ਸਨਮੋਹਣ ਸਿੰਘ ਸੋਢੀ ਦੀਆਂ ਲੜਕੀਆਂ ਨੇ ਕੇਕ ਕੱਟ ਕੇ ਪਿਤਾ ਦਿਵਸ ਮਨਾਇਆ। ਗ੍ਰੰਥੀ ਸਿੰਘ ਮਨਿੰਦਰ ਸਿੰਘ ਨੇ ਆਪਣੀ ਬੱਚੀ ਨਾਲ ਪਿਤਾ ਦਿਵਸ ਮਨਾਇਆ। ਇਸ ਮੌਕੇ ਸਿਆਟਲ ਸਿਜੈਟ ਰਿਵਰ ਪਾਰਕ ਵਿਚ ਫੁੱਟਬਾਲ ਦਾ ਮੈਚ ਖੇਡ ਕੇ ਪਿਤਾ ਦਿਵਸ ਮਨਾਇਆ ਜਿੱਥੇ ਕਰਨ ਵਿਰਕ ਦੀ ਟੀਮ ਜਿੱਤੀ ਅਤੇ ਮੈਡਲ ਪ੍ਰਾਪਤ ਕੀਤੇ। ਬੱਚਿਆਂ ਨੇ ਆਪੋ-ਆਪਣੇ ਪਿਤਾ ਦੀ ਤੰਦਰੁਸਤੀ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਅਰਦਾਸਾਂ ਕੀਤੀਆਂ।

# ਪ੍ਰਸਿੱਧ ਸ਼ਾਇਰ ਗੁਰਦਿਆਲ ਸਿੰਘ 'ਨੂਰਪੁਰੀ' ਦੀ ਕਾਵਿ ਪੁਸਤਕ 30 ਜੂਨ ਨੂੰ ਹੋਵੇਗੀ ਲੋਕ ਅਰਪਣ

**ਮਿਲਪੀਟਸ/ਪ੍ਰਮਿੰਦਰ ਸਿੰਘ ਪ੍ਰਵਾਨਾ :** ਸਾਹਿਤਕ ਹਲਕਿਆਂ ਵਿਚ ਇਹ ਖਬਰ ਬੜੇ ਉਤਸ਼ਾਹ ਨਾਲ ਪੜੀ ਜਾਵੇਗੀ ਕਿ ਸਥਾਨਕ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਦੀ ਚੌਥੀ ਕਾਵਿ-ਪੁਸਤਕ Gurdwara Singh Sabha, Bay Area-680E CALAVERAS Blvd. Milpitas CA 95035 ਵਿਖੇ 30 ਜੂਨ 2019 ਦਿਨ ਐਤਵਾਰ ਬਾਅਦ ਦੁਪਹਿਰ 02:00 ਵਜੇ ਲੋਕ ਅਰਪਣ ਹੋਵੇਗੀ। ਪ੍ਰੋਗਰਾਮ ਵਿਚ ਪਰਚਾ-ਪਾਠ, ਕਵਿਤਾ-ਪਾਠ, ਪੰਜਾਬੀ ਗੀਤ-ਸੰਗੀਤ ਅਤੇ ਫੋਟੋ ਦੌਰ ਦੇ ਨਾਲ-ਨਾਲ ਪੁਸਤਕਾਂ ਵੰਡੀਆਂ ਜਾਣਗੀਆਂ। ਜਲਪਾਨ ਨਿਰੰਤਰ ਚਲਦਾ ਰਹੇਗਾ।




ਦਾਖ਼ਲਾ ਸੱਦਾ ਪੱਤਰ ਰਾਹੀਂ ਹੈ ਜਾਂ ਫੋਨ ਨੰ. 510-415-9377 ਜਾਂ 510-432-1389 'ਤੇ ਸੰਪਰਕ ਕਰੋ। ਯਾਦ ਰਹੇ ਕਿ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ (408-659-5880) ਵਲੋਂ ਧਾਰਮਿਕ ਕਵੀ ਦਰਬਾਰਾਂ ਵਿਚ ਅਤੇ ਰੇਡੀਓ ਰਾਹੀਂ ਕਵਿਤਾਵਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਉਨਾਂ ਦੀਆਂ ਕਵਿਤਾਵਾਂ ਅਕਸਰ ਅਖ਼ਬਾਰਾਂ ਵਿਚ ਵੀ ਛਪਦੀਆਂ ਰਹਿੰਦੀਆਂ ਹਨ।

# ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ 'ਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਯੂਬਾ ਸਿਟੀ/ਏਟੀ ਨਿਊਜ਼ :** ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਯੂਬਾ ਸਿਟੀ ਵਿੱਚ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ. ਦੀਦਾਰ ਸਿੰਘ ਬੈਂਸ ਦੀ ਅਗਵਾਈ ਵਿਚ ਸਮੂਹ ਬੈਂਸ ਪਰਿਵਾਰਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਸਮੂਹ ਸਾਧ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਸ਼ੁੱਕਰਵਾਰ ਨੂੰ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਏ, ਐਤਵਾਰ 10 ਵਜੇ ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਗੁਰੂਦੁਆਰਾ ਸਾਹਿਬ ਵੱਲੋਂ ਹੈੱਡਗ੍ਰੰਥੀ ਭਾਈ ਬਲਜੀਤ ਸਿੰਘ ਜੀ ਨੇ ਸ. ਦੀਦਾਰ ਸਿੰਘ ਬੈਂਸ, ਸ. ਜਸਵੰਤ ਸਿੰਘ ਬੈਂਸ ਅਤੇ ਸ. ਦਿਲਬਾਗ ਸਿੰਘ ਬੈਂਸ ਨੂੰ ਸਿਰਪਾਉ ਨਾਲ ਨਿਵਾਜਿਆ। ਉਪਰੰਤ ਹਜੂਰੀ ਰਾਗੀ ਭਾਈ ਮਨੋਹਰ ਸਿੰਘ ਜੀ ਅਤੇ ਭਾਈ ਮਨਜੀਤ ਸਿੰਘ ਜੀ ਦੇ ਕੀਰਤਨੀ ਜੱਥੇ ਨੇ ਕੀਰਤਨ ਅਤੇ ਭਾਈ ਉਂਕਾਰ ਸਿੰਘ ਜੀ ਨੇ ਗੁਰਬਾਣੀ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਲਖਵਿੰਦਰ ਸਿੰਘ ਸੋਹਲ ਜੀ ਦੇ ਢਾਢੀ ਜੱਥੇ ਨੇ ਗੁਰੂ ਸਾਹਿਬ ਦੀ ਸ਼ਹੀਦੀ ਦਾ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ।

ਗੁਰੂਘਰ ਦੇ ਸੈਕਟਰੀ ਸ. ਸਰਬਜੀਤ ਸਿੰਘ ਥਿਆੜਾ ਨੇ ਸ. ਦੀਦਾਰ ਸਿੰਘ ਬੈਂਸ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਬੈਂਸ ਸਾਹਿਬ ਬਾਬਾ ਬੋਹੜ ਹਨ ਅਤੇ ਕਿਹਾ ਕਿ ਜਿਸ ਤਰ੍ਹਾਂ ਹਰ ਕਾਮਯਾਬ ਇਨਸਾਨ ਦੇ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ ਉਸੇ ਤਰਾਂ ਬੈਂਸ ਸਾਹਿਬ ਦੀ ਕਾਮਯਾਬੀ ਪਿੱਛੇ ਉਨ੍ਹਾਂ ਧਰਮ ਪਤਨੀ ਬੀਬੀ ਸੰਤੀ ਕੌਰ ਬੈਂਸ ਹਨ। ਬੈਂਸ ਸਾਹਿਬ ਦੇ ਉੱਦਮ ਸਦਕਾ ਹੀ ਅੱਜ ਯੂਬਾ ਸਿਟੀ ਦੀ ਸੰਗਤ ਕੋਲ ਇਹ ਆਲੀਸ਼ਾਨ ਗੁਰਦੁਆਰਾ ਸਾਹਿਬ ਹੈ। ਜੋ ਮਹਾਨ ਨਗਰ ਕੀਰਤਨ ਗੁਰਦੁਆਰਾ ਸਾਹਿਬ ਵਿੱਚ ਸਜਾਏ ਜਾਂਦੇ ਹਨ, ਉਹ ਵੀ ਇਨ੍ਹਾਂ ਦੇ ਉੱਦਮ ਸਦਕਾ ਹੀ ਹੈ। ਸ. ਦਿਲਬਾਗ ਸਿੰਘ ਬੈਂਸ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕੇ ਕਿਸ ਤਰ੍ਹਾਂ ਸੰਗਤਾਂ ਦੇ ਸਹਿਯੋਗ ਨਾਲ ਤਕਰੀਬਨ 50 ਸਾਲ ਪਹਿਲਾਂ ਗੁਰਦੁਆਰਾ ਸਾਹਿਬ ਦੀ ਤਿਆਰੀ ਅਰੰਭ ਹੋਈ ਸੀ ਅਤੇ ਸੰਗਤਾਂ ਲਈ ਅੱਜ ਵੀ ਇਹ ਗੁਰਦੁਆਰਾ ਸਾਹਿਬ ਇਕ ਚਾਨਣ ਮੁਨਾਰਾ ਹੈ। ਸ. ਬੈਂਸ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਸਾਰੀ ਸੰਗਤ ਇਕਜੁੱਟ ਹੋ ਕੇ ਸਿੱਖ ਪੰਥ ਦੀ ਚੜ੍ਹਦੀ ਕਲਾ ਦੀ ਅਰਦਾਸ ਬੇਨਤੀ ਕਰੇ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਹੋਰ ਵੀ ਸੁਚਾਰੂ ਢੰਗ ਨਾਲ ਚਲਾਉਣ ਲਈ ਮੌਜੂਦਾ ਮੈਨੇਜਮੈਂਟ ਦਾ ਸਾਥ ਦੇਣ ਦੀ ਅਪੀਲ ਕੀਤੀ। ਸ.ਦੀਦਾਰ ਸਿੰਘ ਬੈਂਸ, ਸ. ਜਸਵੰਤ ਸਿੰਘ ਬੈਂਸ (ਪ੍ਰਧਾਨ ਗੁਰਦੁਆਰਾ ਸਾਹਿਬ) ਸ. ਦਿਲਬਾਗ ਸਿੰਘ ਬੈਂਸ ਤੇ ਸਮੂਹ ਬੈਂਸ ਪਰਿਵਾਰਾਂ ਵੱਲੋਂ ਗੁਰੂ ਸਾਹਿਬ ਦੀਆਂ ਦਿੱਤੀਆਂ ਦਾਤਾਂ ਦਾ ਸ਼ੁਕਰਾਨਾ ਕਰਦਿਆਂ ਗੁਰਦੁਆਰਾ ਸਾਹਿਬ ਲਈ ਨਵੇਂ ਟਰੈਕਟਰ ਦੀ ਸੇਵਾ ਕੀਤੀ ਗਈ।

ਸਮਾਪਤੀ ਸਮੇਂ ਸ. ਦੀਦਾਰ ਸਿੰਘ ਬੈਂਸ ਦੀ ਦੇਹ ਅਰੋਗਤਾ ਦੀ ਅਰਦਾਸ ਕੀਤੀ ਗਈ। ਬੇਅੰਤ ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿੱਚ ਹਾਜਰੀਆਂ ਭਰ ਕੇ ਗੁਰੂ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



# ਕਾਂਗਰਸੀ ਕੌਂਸਲਰ ਦੇ ਭਰਾ ਨੇ ਔਰਤ ਨੂੰ ਕੁੱਟ-ਕੁੱਟ ਕੀਤਾ ਅਧਮੋਇਆ

## ਪਹਿਲਾਂ ਘਰ 'ਚੋਂ ਘੜੀਸ ਕੇ ਬਾਹਰ ਲਿਆਂਦਾ ਫਿਰ ਛਾਤੀ 'ਤੇ ਚੜ੍ਹ ਕੇ ਬੈਲਟਾਂ ਤੇ ਡੰਡਿਆਂ ਨਾਲ ਕੁੱਟਿਆ

**ਮੁਕਤਸਰ ਸਾਹਿਬ/ਏਟੀ ਨਿਊਜ਼ :**
ਮੁਕਤਸਰ ਸਾਹਿਬ ਦੇ ਬੂੜਾ ਗੁੱਜਰ ਰੋਡ 'ਤੇ ਮੁਕਤਸਰ ਦੇ ਵਾਰਡ ਨੰਬਰ 29 ਦੇ ਕਾਂਗਰਸੀ ਕੌਂਸਲਰ ਰਾਕੇਸ਼ ਚੌਧਰੀ ਦੇ ਭਰਾ ਸੰਨੀ ਚੌਧਰੀ ਦੀ ਅਗਵਾਈ ਵਿਚ ਅੱਧੀ ਦਰਜਨ ਤੋਂ ਵੱਧ ਗੁੰਡਿਆਂ ਵੱਲੋਂ ਨੇ ਇੱਕ ਘਰ ਵਿੱਚੋਂ ਮੀਨਾ ਰਾਣੀ ਨੂੰ ਵਾਲਾਂ ਤੋਂ ਬੁਰੀ ਤਰ੍ਹਾਂ ਘਸੀਟ ਕੇ ਘਰੋਂ ਬਾਹਰ ਲਿਆਂਦਾ ਤੇ ਡੰਡਿਆਂ, ਬੈਲਟਾਂ ਤੇ ਲੱਤਾਂ ਨਾਲ ਕੁੱਟਮਾਰ ਕੀਤੀ। ਕਾਂਗਰਸੀ ਕੌਂਸਲਰ ਦਾ ਪ੍ਰਧਾਨ ਸੰਨੀ ਚੌਧਰੀ ਮੀਨਾ ਦੀ ਛਾਤੀ 'ਤੇ ਬੈਠ ਕੇ ਕੁੱਟਮਾਰ ਕਰਨ ਲੱਗ ਪਿਆ। ਜਦੋਂ ਮੀਨਾ ਦੀ ਮਾਤਾ ਮਾਲਤੀ ਨੇ ਛੁਡਾਉਣ ਦੀ ਕੋਸ਼ਿਸ਼ ਕੀਤੀ, ਤਾਂ ਉਸ ਨੂੰ ਵੀ ਧੱਕੇ ਮਾਰੇ ਅਤੇ ਕੁੱਟਮਾਰ ਕੀਤੀ।

ਇਸ ਘਟਨਾ ਨੂੰ ਪੀੜਤ ਮੀਨਾ ਦੇ ਬੱਚੇ ਨੇ ਮੋਬਾਈਲ ਵਿੱਚ ਕੈਦ ਕਰ ਲਿਆ ਤੇ ਇਹ ਘਟਨਾ ਲਾਈਵ ਸ਼ੋਸ਼ਲ ਮੀਡੀਏ 'ਤੇ ਵਾਇਰਲ ਕਰ ਦਿੱਤੀ। ਇਸ ਵਿਚ ਬੱਚਾ ਖੁਦ ਵੀ ਰੋ-ਰੋ ਕੇ ਕਹਿ ਰਿਹਾ ਕੇ ਮੇਰੀ ਮੰਮੀ ਨੂੰ ਬਚਾ ਲਓ, ਮੇਰੀ ਮੰਮੀ ਮਾਰ ਦਿੱਤੀ। ਵੀਡੀਓ ਵਿੱਚ ਸੰਨੀ ਵੀ ਕਹਿੰਦਾ ਸੁਣਾਈ ਦਿੰਦਾ ਹੈ ਕਿ ਉਸ ਔਰਤ ਨੇ ਉਸ ਦੀ ਪਤਨੀ ਨਾਲ ਬਦਤਮੀਜ਼ੀ ਕਿਵੇਂ ਕੀਤੀ ? ਦੱਸਿਆ ਜਾਂਦਾ ਹੈ ਕਿ ਇਹਨਾਂ ਗੁੰਡਿਆਂ ਨੇ ਮੀਨਾ ਤੋਂ ਦਿੱਤੇ 25 ਹਜ਼ਾਰ ਰੁਪਏ ਵਾਪਸ ਲੈਣੇ ਸਨ।

ਕਾਂਗਰਸੀ ਕੌਂਸਲਰ ਰਾਕੇਸ਼ ਚੌਧਰੀ ਨੇ ਆਪਣੇ ਭਰਾ ਦਾ ਪੱਖ ਲੈਂਦਿਆਂ ਕਿਹਾ ਕਿ ਸੰਨੀ 25,000 ਰੁਪਏ ਵਾਪਸ ਲੈਣ ਗਿਆ ਸੀ, ਪਰ ਉਸ ਔਰਤ ਨੇ ਉਸ ਦੀ ਭਰਜਾਈ ਨੂੰ ਮੰਦਾ ਬੋਲਿਆ ਅਤੇ ਉਨ੍ਹਾਂ ਦੀ ਤਕਰਾਰ ਹੋ ਗਈ।

ਕੌਂਸਲਰ ਰਾਕੇਸ਼ ਚੌਧਰੀ ਇਹ ਵੀ ਕਹਿੰਦੇ ਵਿਖਾਈ ਦੇ ਰਹੇ ਹਨ ਕਿ ਜਿਸ ਔਰਤ ਨਾਲ ਉਸ ਦੇ ਭਰਾ ਨੇ ਕੁੱਟ ਮਾਰ ਕੀਤੀ ਹੈ ਉਹ ਵੀ ਉਨ੍ਹਾਂ ਦੀ ਰਿਸ਼ਤੇਦਾਰ ਹੈ ਤੇ ਇਹ ਮਾਮਲਾ ਉਨ੍ਹਾਂ ਦਾ ਆਪਸੀ ਹੈ ਤੇ ਇਸ ਵਿਚ ਕਿਸੇ ਨੂੰ ਦਖਲਅੰਦਾਜ਼ੀ ਦੇਣ ਦੀ ਲੋੜ ਨਹੀਂ, ਅਸੀਂ ਆਪੇ ਹੀ ਨਿਪਟਾ ਲਵਾਂਗੇ। ਆਪਣੇ ਭਰਾ ਦਾ ਪੱਖ ਲੈਂਦਿਆਂ ਕਾਂਗਰਸੀ ਲੀਡਰ ਨੇ ਇਹ ਵੀ ਕਹਿ ਦਿੱਤਾ ਕਿ ਉਸ ਦਾ ਭਰਾ ਕਿਹੜਾ ਕਿਰਪਾਨਾਂ ਲੈ ਕੇ ਗਿਆ ਸੀ, ਗੁੱਸਾ ਸੀ ਕੱਢ ਦਿੱਤਾ।



ਇਸ ਮਾਮਲੇ ਵਿੱਚ ਮੁਕਤਸਰ ਦੇ ਐਸਐਸਪੀ ਮਨਜੀਤ ਸਿੰਘ ਢੇਸੀ ਦਾ ਕਹਿਣਾ ਹੈ ਕਿ ਇਹ ਮਾਮਲਾ ਉਧਾਰ ਦਿੱਤੇ ਪੈਸੇ ਮੰਗਣ ਤੋਂ ਵਿਗੜਿਆ ਹੈ। ਉਨ੍ਹਾਂ ਕਿਹਾ ਕਿ 10 ਵਿਅਕਤੀਆਂ 'ਤੇ ਕੇਸ ਦਰਜ ਕਰਕੇ ਅੱਠ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਹਿਰਾਸਤ ਵਿੱਚ ਲਏ ਵਿਅਕਤੀਆਂ ਵਿੱਚ ਸੰਨੀ ਚੌਧਰੀ ਤੇ ਕੌਂਸਲਰ ਰਕੇਸ਼ ਚੌਧਰੀ ਵੀ ਸ਼ਾਮਲ ਹੈ। ਪੁਲਿਸ ਬਾਕੀਆਂ ਦੀ ਭਾਲ ਕਰ ਰਹੀ ਹੈ।

### ਸਿੰਘ ਆਏ ਬੀਬੀ ਦੀ ਮਦਦ 'ਤੇ ਹਥਿਆਰਬੰਦ ਹੋ ਕੇ

ਵੀਡੀਓ ਦੇ ਵਾਇਰਲ ਹੁੰਦਿਆਂ ਹੀ ਸਿੱਖ ਜਥੇਬੰਦੀਆਂ ਰੋਸ ਵਿਚ ਆ ਗਈਆਂ ਤੇ ਹੁੰਮ ਹੁੰਮਾ ਕੇ ਉਸ ਪੀੜਤ ਔਰਤ ਮੀਨਾ ਦੇ ਹੱਕ ਵਿੱਚ ਆ ਡਟੀਆਂ। ਇੱਥੋਂ ਤੱਕ ਕਿ ਸਿੱਖ ਜਥੇਬੰਦੀਆਂ ਨੇ ਪੀੜਤ ਪਰਿਵਾਰ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦਿਆਂ ਇਨ੍ਹਾਂ ਨੂੰ ਕੁੱਟਣ ਵਾਲੇ ਗੁੰਡਿਆਂ ਵਿਰੁੱਧ ਦੱਬ ਕੇ ਭੜਾਸ ਕੱਢਦਿਆਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਜੇ ਮਰਦ ਦੇ ਪੁੱਤ ਓ ਤਾਂ ਹੁਣ ਹੱਥ ਲਾਓ ਤੇ ਸਾਡੇ ਨਾਲ ਟਕਰੋ !

ਜਥੇਬੰਦੀ ਦੇ ਸਿੰਘ ਐਸਐਸਪੀ ਨੂੰ ਮਿਲੇ ਉਹਨਾਂ ਨੇ ਪੁਲੀਸ ਖਿਲਾਫ਼ ਧਰਨਾ ਲਗਾਇਆ ਤੇ ਚੇਤਾਵਨੀ ਦਿੱਤੀ ਕਿ ਜੇਕਰ 24 ਘੰਟਿਆਂ ਵਿਚ ਗੁੰਡੇ ਗ੍ਰਿਫ਼ਤਾਰ ਨਾ ਕੀਤੇ ਤਾਂ ਸਿੰਘ ਸਿੱਖ ਸਿਧਾਂਤਾਂ ਅਨੁਸਾਰ ਸਜ਼ਾ ਦੇਣਗੇ। ਇਸ ਤੋਂ ਬਾਅਦ ਪੁਲੀਸ ਤੇ ਪੰਜਾਬ ਸਰਕਾਰ ਹਰਕਤ ਵਿਚ ਆ ਗਈ ਤੇ ਤੁਰੰਤ ਪੁਲੀਸ ਕਾਰਵਾਈ ਸ਼ੁਰੂ ਹੋ ਗਈ।

ਪੀੜਤ ਲੜਕੀ ਦੇ ਭਰਾ ਨੇ ਸਿੰਘਾਂ ਨੂੰ ਦੱਸਿਆ ਕਿ ਉਨ੍ਹਾਂ ਸੰਨੀ ਚੌਧਰੀ ਤੋਂ ਵਿਆਜ ਤੇ ਪੈਸੇ ਲਏ ਸਨ ਜੋ ਕਿ ਉਨ੍ਹਾਂ ਨੇ ਵਾਪਸ ਕਰ ਦਿੱਤੇ ਸਨ ਪਰ ਅਜੇ ਵੀ ਉਹ 25000 ਰੁਪਏ ਹੋਰ ਉਸ ਦੀ ਭੈਣ ਕੋਲੋਂ ਮੰਗ ਰਹੇ ਹਨ ਅਤੇ ਇਸੇ ਗੱਲ ਨੂੰ ਲੈ ਕੇ ਉਨ੍ਹਾਂ ਨੇ ਉਸ ਦੀ ਭੈਣ ਨੂੰ ਬੁਰੀ ਤਰ੍ਹਾਂ ਨਾਲ ਕੁੱਟਿਆ ਹੈ।

### ਮੁੱਖ ਮੰਤਰੀ ਤੇ ਮਹਿਲਾ ਕਮਿਸ਼ਨ ਵਲੋਂ ਨੋਟਿਸ-

ਮੁੱਖ ਮੰਤਰੀ ਅਤੇ ਮਹਿਲਾ ਕਮਿਸ਼ਨ ਨੇ ਇਸ ਮਾਮਲੇ ਦਾ ਸਖ਼ਤ ਨੋਟਿਸ ਲਿਆ। ਇਸ ਦੌਰਾਨ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਇਸ ਮਾਮਲੇ ਵਿੱਚ ਐੱਸਐੱਸਪੀ ਅਤੇ ਥਾਣਾ ਮੁਖੀ ਨੂੰ 20 ਜੂਨ ਲਈ ਤਲਬ ਕੀਤਾ ਹੈ।

ਪੁਲਿਸ ਨੇ ਇਸ ਮਾਮਲੇ ਵਿੱਚ ਕੌਂਸਲਰ ਰਾਕੇਸ਼ ਚੌਧਰੀ ਨੂੰ ਵੀ ਨਾਮਜ਼ਦ ਕਰ ਲਿਆ ਗਿਆ ਤੇ ਕਤਲ ਦੀ ਕੋਸ਼ਿਸ਼ ਤੇ ਹੋਰ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ। ਜ਼ਿਲ੍ਹਾ ਪੁਲੀਸ ਮੁਖੀ ਮਨਜੀਤ ਸਿੰਘ ਢੇਸੀ ਨੇ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ ਰਾਕੇਸ਼ ਚੌਧਰੀ ਨੂੰ ਪਿੰਡ ਰੁਪਾਣਾ ਕੋਲੋਂ ਫੜਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਮਾਮਲੇ ਵਿੱਚ ਸ਼ਾਮਲ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਕਈ ਸੰਗੀਨ ਮੁਕਦਮੇ ਚੱਲਦੇ ਹਨ, ਜਿਨ੍ਹਾਂ ਨੂੰ ਪੜਤਾਲ ਦੇ ਘੇਰੇ ਵਿੱਚ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਾਕੀ ਮੁਲਜ਼ਮਾਂ ਹਸਨ, ਰੇਨੂੰ ਰਾਣੀ ਤੇ ਜੋਤੀ ਰਾਣੀ ਨੂੰ ਵੀ ਜਲਦੀ ਗ੍ਰਿਫ਼ਤਾਰ ਕੀਤਾ ਜਾਵੇਗਾ। ਪੁਲੀਸ ਨੇ ਇਸ ਮਾਮਲੇ ਦੇ ਛੇ ਮੁਲਜ਼ਮਾਂ ਰੂਪ, ਸੁਰੇਸ਼ ਚੌਧਰੀ, ਸਨੀ ਚੌਧਰੀ, ਸੇਖ਼ ਉਰਫ਼ ਗਿਸੂ, ਜੈਬੋ ਉਰਫ਼ ਸਲੀਮ ਅਤੇ ਗੁੱਡੀ ਨੂੰ ਬੀਤੇ ਦਿਨੀਂ ਅਦਾਲਤ ਵਿੱਚ ਪੇਸ਼ ਕੀਤਾ।

ਮੁਕਤਸਰ ਦੀ ਘਟਨਾ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕੀਤਾ ਹੈ, "ਵੀਡੀਓ ਵਿਚਲੇ ਮੁਲਜ਼ਮ ਨੂੰ ਪੰਜਾਬ ਪੁਲੀਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਆਈਪੀਸੀ ਦੀ ਧਾਰਾ 307 ਅਧੀਨ ਹੱਤਿਆ ਕਰਨ ਦੀ

**ਬਾਕੀ ਸਫ਼ਾ 32 'ਤੇ**

## ਪੰਥਕ ਆਗੂ ਰੁਪਿੰਦਰ ਸਿੰਘ ਬਣਿਆ ਲੋਕਾਂ ਦਾ ਹੀਰੋ

ਨੌਜਵਾਨ ਪੰਥਕ ਆਗੂ ਰੁਪਿੰਦਰ ਸਿੰਘ ਪੰਜਗਰਾਈਂ ਨੇ ਆਪਣੇ ਸਾਥੀਆਂ ਨਾਲ ਕਾਂਗਰਸੀ ਕੌਂਸਲਰ ਦੇ ਗੁੰਡਿਆਂ ਦੀ ਦਹਿਸ਼ਤਗਰਦੀ, ਦਰਿੰਦਗੀ ਦੀ ਸ਼ਿਕਾਰ ਦਲਿਤ ਬੀਬੀ ਮੀਨਾ ਨੂੰ ਇਨਸਾਫ ਦਿਵਾ ਕੇ ਸਾਰੇ ਦੋਸ਼ੀ ਅੰਦਰ ਕਰਵਾਏ ਹਨ। ਦਲਿਤ ਔਰਤ ਮੀਨਾ ਦੇ ਇਲਾਜ ਦਾ ਖਰਚਾ ਚੁੱਕਣ ਤੇ ਕੇਸ ਲੜਨ ਦਾ ਐਲਾਨ ਕੀਤਾ ਹੈ। ਇਹ ਜੰਗ ਸੌਖੀ ਨਹੀਂ ਸੀ। ਪਰ ਰੁਪਿੰਦਰ ਸਿੰਘ ਨੇ ਖਾਲਸਈ ਕਿਰਦਾਰ ਨੂੰ ਆਪਣੇ ਮਨ ਵਿਚ ਵਸਾ ਕੇ ਲੜੀ ਹੈ। ਏਨੇ ਵੱਡੇ ਗੈਂਗ ਜਿਸ ਉੱਪਰ ਚਿੱਟੇ ਵੇਚਣ ਤੇ ਕਤਲ ਕਰਨ ਦੇ ਦੋਸ਼ ਸਨ, ਜਿਸ ਤੋਂ ਸਾਰਾ ਪਿੰਡ ਕੰਬਦਾ ਸੀ, ਉਸ ਨੂੰ ਖਾਲਸਈ ਗਰਜ਼ ਨਾਲ ਫਨਾਹ ਕਰ ਦੇਣਾ ਖਾਲਸਾ ਜੀ ਦੇ ਹਿੱਸੇ ਆਇਆ ਹੈ। ਇਹ ਇਤਿਹਾਸਕ ਘਟਨਾਵਾਂ ਵਾਰ ਵਾਰ ਦੁਸ਼ਟਾਂ ਖਿਲਾਫ ਇਤਿਹਾਸ ਸਿਰਜਣਗੀਆਂ ਤੇ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਵਾਰ ਵਾਰ ਜਨਮ ਲੈਣਗੇ ਜੋ ਮਨੁੱਖਤਾ ਦੇ ਉਲਟ ਬਲਵਾਨ ਹਉਮੈਂ ਵਿਚ ਭਿੱਜੇ ਦੁਸ਼ਟਾਂ ਨੂੰ ਮਿੱਟੀ ਵਿਚ ਰੋਲ ਦੇਣਗੇ। ਇਹ ਜੋ ਰੁਪਿੰਦਰ ਦੀ ਭੂਮਿਕਾ ਹੈ ਉਹ ਖਾਲਸਾ ਪੰਥ ਦੀ ਸਭਿਅਤਾ ਉਸਰਨ ਦਾ ਪੁਨਰ ਚਿੰਨ ਹੈ, ਜਿਸ ਨੇ ਮਨੁੱਖਤਾ, ਅਬਲਾ ਤੇ ਦੱਬੇ ਕੁਚਲੇ ਲੋਕਾਂ ,ਭਾਈ ਲਾਲੋਆ ਦੇ ਹਕ ਵਿਚ ਖੜੋਨਾ ਹੈ ਇਹ ਸ਼ਕਤੀ ਸਮਰੱਥਾ ਗੁਰੂ ਗਰੰਥ ਸਾਹਿਬ ਜੀ ਦੀ ਹੈ ਜਿਸ ਨੂੰ ਮਨੁੱਖਤਾ ਦੇ ਦੁਸ਼ਮਣਾਂ ਨੇ ਅਗਨ ਭੇਟ ਕੀਤਾ ਹੈ। ਖਾਲਸਾ ਪੰਥ ਚੜ੍ਹਦੀਕਲਾ ਵਿਚ ਰਹੇਗਾ। ਜਿਉ ਜਿਉ ਉਹ ਗੁਰੂ ਦੇ ਅਸੂਲਾਂ ਤੇ ਨੈਤਿਕਤਾ ਨੂੰ ਆਪਣੀ ਤਰਜੇ ਜਿੰਦਗੀ ਦਾ ਆਧਾਰ ਬਣਾਏਗਾ ਚਹੁੰ ਕੁੰਟਾਂ ਵਿਚ ਉਸਦੀ ਸ਼ੋਭਾ ਵਧੇਗੀ। ਗੁਰੂ ਦੀ ਦਿੱਤੀ ਨੈਤਿਕਤਾ ਤੇ ਇਕ ਸਿਖ ਦਾ ਗੁਰੂ ਨੂੰ ਸੀਸ ਭੇਟ ਵੱਡੀਆਂ ਵੱਡੀਆਂ ਬਦੀ ਦੀਆਂ ਤਾਕਤਾਂ ਨੂੰ ਧੂੜ ਵਿਚ ਉਡਾ ਦੇਵੇਗਾ। ਇਹੀ ਸਵਾ ਲਖ ਨਾਲ ਲੜਨ ਦੀ ਗੁਰੂ ਸ਼ਕਤੀ ਹੈ।




A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਕੈਨੇਡਾ ਵਿਚ ਦਾਖਲ ਹੋਣ ਸਮੇਂ ਸਵਾਲਾਂ ਦੇ ਸਹੀ ਜਵਾਬ ਦੇਵੋ

**ਸਤਪਾਲ ਜੌਹਲ**



ਹਵਾਈ ਅੱਡੇ ਅੰਦਰ ਲੋਕਾਂ ਦਾ ਵਾਹ ਇਮੀਗ੍ਰੇਸ਼ਨ ਅਫ਼ਸਰਾਂ ਤੋਂ ਪਹਿਲਾਂ ਮਸ਼ੀਨ ਨਾਲ ਪੈਂਦਾ ਹੈ। ਕੈਨੇਡਾ ਦੇ 9 ਮੁੱਖ ਹਵਾਈ ਅੱਡਿਆਂ ਅੰਦਰ 'ਪ੍ਰਾਇਮਰੀ ਇੰਸਪੈਕਸ਼ਨ ਕਿਓਸਕ' ਭਾਵ ਆਟੋਮੈਟਿਕ ਮਸ਼ੀਨਾਂ ਲੱਗ ਚੁੱਕੀਆਂ ਹਨ ਉਨ੍ਹਾਂ ਮਸ਼ੀਨਾਂ ਵਿਚ ਪੰਜਾਬੀ ਸਮੇਤ 15 ਭਾਸ਼ਾਵਾਂ ਤੱਕ ਦੀ ਪ੍ਰੋਗਰੈਮਿੰਗ ਕੀਤੀ ਹੋਈ ਹੈ। ਵੈਨਕੂਵਰ, ਐਡਮਿੰਟਨ, ਵਿੰਨੀਪੈਗ, ਟੋਰਾਂਟੋ, ਮਾਂਟਰੀਅਲ, ਕਿਊਬਕ ਸਿਟੀ ਅਤੇ ਹੈਲੀਫੈਕਸ ਵਿਖੇ ਹਵਾਈ ਅੱਡਿਆਂ ਅੰਦਰ ਇਮੀਗ੍ਰੇਸ਼ਨ ਤੇ ਕਸਟਮਜ਼ ਦੀ ਕਾਗਜ਼ੀ ਕਾਰਵਾਈ ਮਸ਼ੀਨਾਂ ਰਾਹੀਂ ਹੁੰਦੀ ਹੈ, ਜੋ ਪਾਸਪੋਰਟ ਅਤੇ ਪਰਮਾਨੈਂਟ ਰੈਜ਼ੀਡੈਂਟ (ਪੀ.ਆਰ.) ਕਾਰਡ ਦਾ ਡਾਟਾ ਪੜ੍ਹ ਸਕਦੀਆਂ ਹਨ। ਕੈਲਗਰੀ ਹਵਾਈ ਅੱਡੇ 'ਤੇ ਵੀ ਮਸ਼ੀਨਾਂ ਫਿੱਟ ਕੀਤੀਆਂ ਗਈਆਂ ਹਨ ਜੋ 22 ਮਈ, 2019 ਨੂੰ ਚਾਲੂ ਕਰ ਦਿੱਤੀਆਂ ਗਈਆਂ ਹਨ। ਇਕ ਪਰਿਵਾਰ ਦੇ ਪੰਜ ਜੀਅ ਤੱਕ ਜੇਕਰ ਇਕੱਠੇ ਸਫ਼ਰ ਕਰ ਰਹੇ ਹਨ ਤਾਂ ਉਹ ਇਕੱਠੇ ਆਪਣੇ ਡੈਕਲਾਰੇਸ਼ਨ ਦੀ ਕਾਰਵਾਈ ਪੂਰੀ ਕਰ ਸਕਦੇ ਹਨ।

ਤਕਨੀਕੀ ਤੌਰ 'ਤੇ ਮਸ਼ੀਨ ਵਿਚ ਹਰੇਕ ਮੁਸਾਫ਼ਰ ਦੇ ਪਾਸਪੋਰਟ ਦਾ ਫੋਟੋ ਵਾਲਾ ਪੇਜ਼ ਸਕੈਨ ਕਰਨਾ ਹੁੰਦਾ ਹੈ। ਪਾਸਪੋਰਟ ਦਾ ਪੇਜ਼ ਸਕੈਨ ਹੋ ਜਾਵੇ ਤਾਂ ਮਸ਼ੀਨ ਉਸ ਮੁਸਾਫ਼ਰ ਦੀ ਫੋਟੋ ਖਿੱਚਦੀ ਹੈ। ਉਸ ਤੋਂ ਬਾਅਦ ਕੁਝ (ਡੈਕਲਾਰੇਸ਼ਨ ਕਾਰਡ ਵਾਲੇ) ਸਵਾਲਾਂ ਦੇ ਜਵਾਬ ਦੇਣੇ ਹੁੰਦੇ ਹਨ। ਅਖ਼ੀਰ 'ਤੇ ਮਸ਼ੀਨ ਵਿਚੋਂ ਇਕ ਰਸੀਦ ਨਿਕਲਦੀ ਹੈ। ਉਹ ਰਸੀਦ ਤੇ ਪਾਸਪੋਰਟ ਅੱਗੇ ਜਾ ਕੇ ਇਮੀਗ੍ਰੇਸ਼ਨ ਤੇ ਕਸਟਮਜ਼ ਅਫ਼ਸਰਾਂ ਨੇ ਚੈੱਕ ਕਰਨੇ ਹੁੰਦੇ ਹਨ। ਪਤਾ ਲੱਗਾ ਹੈ ਕਿ ਮਸ਼ੀਨਾਂ ਦੀ ਮਦਦ ਨਾਲ ਮੁਸਾਫ਼ਰਾਂ ਦਾ ਹਵਾਈ ਅੱਡੇ ਅੰਦਰ ਕਲੀਅਰੈਂਸ ਦਾ ਕੰਮ ਤੇਜ਼ ਹੋ ਗਿਆ ਹੈ ਜਿਸ ਨਾਲ ਪਹਿਲਾਂ ਦੇ ਮੁਕਾਬਲੇ ਮੁਸਾਫ਼ਰ ਅੱਧੇ ਸਮੇਂ ਵਿਚ ਹਵਾਈ ਅੱਡੇ ਤੋਂ ਬਾਹਰ ਨਿਕਲ ਜਾਂਦੇ ਹਨ ਪਰ ਜਿਸ ਵਿਅਕਤੀ ਨੇ ਡੈਕਲਾਰੇਸ਼ਨ ਵਿਚ (ਮਸ਼ੀਨ ਜਾਂ ਅਫ਼ਸਰ ਵਲੋਂ ਪੁੱਛੇ ਸਵਾਲਾਂ ਦੇ ਜਵਾਬਾਂ) ਗੜਬੜੀ ਕੀਤੀ ਹੋਵੇ ਉਸ ਨੂੰ ਬਾਹਰ ਨਿਕਲਣ ਵਿਚ ਘੰਟਿਆਂਬੱਧੀ ਸਮਾਂ ਲੱਗਣਾ ਤੈਅ ਹੋ ਜਾਂਦਾ ਹੈ। ਕੈਨੇਡਾ ਦੇ ਪੀ.ਆਰ. ਨੂੰ ਡਿਊਟੀ ਫ੍ਰੀ ਅਲਾਊਂਸ 800 ਡਾਲਰ ਤੱਕ ਦਾ ਹੈ, ਭਾਵ ਵਿਦੇਸ਼ ਤੋਂ ਖ਼ਰੀਦ ਕੇ ਲਿਆਂਦਾ ਜਾ ਰਿਹਾ ਨਵਾਂ ਸਾਮਾਨ ਇਸ ਤੋਂ ਵੱਧ ਕੀਮਤ ਦਾ ਨਹੀਂ ਹੋਣਾ ਚਾਹੀਦਾ।

ਡੈਕਲਾਰੇਸ਼ਨ ਦੇ ਪਹਿਲੇ ਸਵਾਲ ਵਿਚ ਪੁੱਛਿਆ ਜਾਂਦਾ ਹੈ ਕਿ ਕੈਨੇਡਾ ਵਿਚ ਹਥਿਆਰ (ਪਿਸਤੌਲ, ਬੰਦੂਕ ਤੇਜ਼ਧਾਰ ਬਲੇਡ ਜਾਂ ਚੋਭਦਾਰ ਸੂਆ ਵਗੈਰਾ) ਲਿਆ ਰਹੇ ਹੋ ? ਇਸ ਸਵਾਲ ਦਾ ਲਗਪਗ 100 ਫ਼ੀਸਦੀ ਲੋਕਾਂ ਦਾ ਜਵਾਬ 'ਨਾਂਹ' ਵਿਚ ਹੁੰਦਾ ਹੈ। ਦੂਜਾ ਸਵਾਲ ਕਾਰੋਬਾਰੀ ਮਕਸਦ ਲਈ ਲਿਆਂਦੇ ਜਾ ਰਹੇ ਸਾਮਾਨ ਬਾਰੇ ਹੈ, ਜਿਸ ਵਿਚ ਕਾਰੋਬਾਰੀ ਲੋਕਾਂ ਨੇ ਦੱਸਣਾ ਹੁੰਦਾ ਹੈ ਕਿ ਉਨ੍ਹਾਂ ਕੋਲ ਕੈਨੇਡਾ ਵਿਚ ਛੱਡ ਕੇ ਜਾਣ ਵਾਲੇ ਕੁਝ ਨਮੂਨੇ ਜਾਂ ਹੋਰ ਵਿਕਰੀ ਵਾਲਾ ਸਾਮਾਨ ਹੈ ਜਾਂ ਨਹੀਂ ? ਤੀਜਾ ਸਵਾਲ ਕੁਝ ਵਿਸਥਾਰ ਵਿਚ ਹੈ ਜਿਸ ਨੂੰ ਪੜ੍ਹ ਕੇ ਦੱਸਣਾ ਹੁੰਦਾ ਹੈ ਕਿ ਕੈਨੇਡਾ ਵਿਚ (ਖਾਣ ਵਾਲੀ ਚੀਜ਼) ਮੀਟ, ਮੱਛੀ, ਆਂਡੇ, ਦੁੱਧ ਤੋਂ ਬਣੇ ਪਦਾਰਥ, ਫ਼ਲ, ਸਬਜ਼ੀਆਂ, ਬੀਜ, ਗਿਰੀਆਂ, ਬੂਟੇ, ਫੁੱਲ, ਲੱਕੜ, ਜਾਨਵਰ, ਪੰਛੀ, ਕੀੜੇ ਆਦਿਕ ਲਿਆਂਦੇ ਜਾ ਰਹੇ ਹਨ ਜਾਂ ਨਹੀਂ ? ਇਸ ਤੋਂ ਅੱਗੇ ਮੁਸਾਫ਼ਰ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਉਸ ਕੋਲ 10,000 ਡਾਲਰ ਤੋਂ ਵੱਧ ਨਕਦੀ ਹੈ ਜਾਂ ਨਹੀਂ। ਅਗਲਾ ਸਵਾਲ ਨਵੇਂ ਲੈਂਡ ਹੋ ਰਹੇ ਇਮੀਗ੍ਰਾਂਟਾਂ ਵਾਸਤੇ ਜ਼ਰੂਰੀ ਹੈ ਕਿਉਂਕਿ ਜੇਕਰ ਉਹ ਆਪਣਾ ਸਾਰਾ ਸਾਮਾਨ ਨਾਲ ਲੈ ਕੇ ਜਹਾਜ਼ ਨਾ ਚੜ੍ਹ ਸਕੇ/ਸਕੀਆਂ ਹੋਣ ਤਾਂ ਹੋ ਸਕਦਾ ਹੈ ਕਿ ਉਨ੍ਹਾਂ ਨੇ ਪਿੱਛੇ ਰਹਿ ਗਿਆ ਸਾਮਾਨ ਡਾਕ ਜਾਂ ਕਾਰਗੋ ਰਾਹੀਂ ਬਾਅਦ ਵਿਚ ਮੰਗਵਾਉਣਾ ਹੋਵੇ। ਇਸ ਸਵਾਲ ਦਾ ਜਵਾਬ 'ਹਾਂ' ਵਿਚ ਦੇਣ ਨਾਲ ਇਮੀਗ੍ਰਾਂਟ ਦੇ ਬਾਅਦ ਵਿਚ ਮੰਗਵਾਏ ਸਾਮਾਨ ਉੱਪਰ ਕਸਟਮ ਡਿਊਟੀ ਬਚ ਸਕਦੀ ਹੈ। ਜਿਸ ਨੇ ਇਸ ਸਵਾਲ ਦਾ ਜਵਾਬ 'ਹਾਂ' ਵਿਚ ਦੇਣਾ ਹੋਵੇ ਉਸ ਕੋਲੋਂ ਉਸ ਪਿੱਛੇ ਰਹਿ ਗਏ ਸਾਮਾਨ ਦੀ ਸੂਚੀ ਨਾਲ ਲਿਆਂਦੀ ਹੋਣੀ ਚਾਹੀਦੀ ਹੈ। ਇਕ ਹੋਰ ਸਵਾਲ ਇਹ ਹੈ ਕਿ, ਕੀ ਕਿਸੇ ਖੇਤੀ ਵਾਲੇ ਫਾਰਮ 'ਤੇ ਗਏ ਸੀ ਤੇ ਕੈਨੇਡਾ ਵਿਚ ਫਾਰਮ 'ਤੇ ਜਾਣਾ ਹੈ ਕਿ ਨਹੀਂ। ਸ਼ਰਾਬ, ਤੰਬਾਕੂ 'ਤੇ ਭੰਗ ਬਾਰੇ ਵੀ ਸਵਾਲ ਹੈ। ਸ਼ਰਾਬ (ਵਿਸਕੀ/ਵਾਈਨ 1 ਬੋਤਲ) ਤੇ ਸਿਗਰਟਾਂ, ਤੰਬਾਕੂ ਦੀਆਂ ਸਿਗਰਟਾਂ 200 ਗ੍ਰਾਮ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ। ਇਸੇ ਤਰ੍ਹਾਂ ਜੇਕਰ ਕੈਨੇਡਾ ਵਿਚ ਕਿਸੇ ਨੂੰ ਦੇਣ ਲਈ 60 ਡਾਲਰ ਤੋਂ ਮਹਿੰਗਾ ਤੋਹਫ਼ਾ ਲਿਆਂਦਾ ਹੋਵੇ ਤਾਂ ਉਹ ਵੀ ਡਿਕਲੇਅਰ ਕਰਨਾ ਜ਼ਰੂਰੀ ਹੈ।

ਆਮ ਲੋਕ ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਇਕ ਵਾਢਿਓਂ 'ਨਾਂਹ' ਵਿਚ ਦਿੰਦੇ ਹਨ। ਭਾਵ ਰਟਿਆ ਰਟਾਇਆ 'ਨੋ ਨੋ ਨੋ' ਆਖ ਦਿੱਤਾ ਜਾਂਦਾ ਹੈ ਪਰ ਯਾਦ ਰਹੇ ਕਿ ਇਮੀਗ੍ਰੇਸ਼ਨ ਅਤੇ ਕਸਟਮਜ਼ ਦੀ ਚੈਕਿੰਗ ਵੇਲੇ ਕਿਸੇ ਸਵਾਲ ਦਾ ਜਵਾਬ 'ਹਾਂ' ਦੀ ਬਜਾਏ ਨਾਂਹ ਵਿਚ ਸਾਬਿਤ ਹੋ ਜਾਵੇ ਤਾਂ ਸਖ਼ਤ ਕਾਨੂੰਨੀ ਪੇਚੀਦਗੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮਾਨ ਜ਼ਬਤ ਹੋ ਸਕਦਾ ਅਤੇ ਜੁਰਮਾਨਾ ਹੋ ਸਕਦਾ ਹੈ, ਜੇਲ੍ਹ ਯਾਤਰਾ ਵੀ ਕਰਨੀ ਪੈ ਸਕਦੀ ਹੈ। ਅੰਗਰੇਜ਼ੀ/ਫਰੈਂਚ ਜਾਂ ਮਸ਼ੀਨ ਵਿਚ ਉਪਲਬਧ ਭਾਸ਼ਾ ਨਾ ਪੜ੍ਹ ਸਕਣ ਅਤੇ ਵੀਲ੍ਹਚੇਅਰਾਂ ਵਾਲੇ ਬਜ਼ੁਰਗ ਅਤੇ ਬੀਬੀਆਂ ਆਮ ਤੌਰ 'ਤੇ ਕਾਰਡ ਨੂੰ ਭਰੇ ਬਿਨਾਂ ਭਾਵ ਮਸ਼ੀਨ ਵਿਚ ਪਾਸਪੋਰਟ ਸਕੈਨ ਕੀਤੇ ਬਿਨਾਂ ਇਮੀਗ੍ਰੇਸ਼ਨ ਕਾਊਂਟਰ ਤੱਕ ਪੁੱਜਦੇ/ਪੁੱਜਦੀਆਂ ਹਨ ਤੇ ਇਮੀਗ੍ਰੇਸ਼ਨ ਅਫ਼ਸਰ ਉਨ੍ਹਾਂ ਦੀ ਮਦਦ ਕਰਦੇ ਹਨ। ਜੇਕਰ ਇਮੀਗ੍ਰੇਸ਼ਨ ਤੇ ਕਸਟਮਜ਼ ਕਲੀਅਰ ਕਰਵਾਉਣ ਦੀ ਮੁਸਾਫ਼ਰ ਨੇ ਤਿਆਰੀ ਕੀਤੀ ਹੋਵੇ ਤਾਂ ਕੁਝ ਪਲਾਂ ਵਿਚ ਕੰਮ ਨਿੱਬੜ ਜਾਂਦਾ ਹੈ। ਜੇਕਰ ਫਾਰਮ ਭਰਿਆ ਨਾ ਹੋਵੇ ਅਤੇ ਅਫ਼ਸਰ ਦੇ ਸਵਾਲਾਂ (ਕਿਉਂ ਕੈਨੇਡਾ ਆਏ ਹੋ ?, ਕਿੱਥੇ ਠਹਿਰਨਾ, ਕੈਨੇਡਾ ਵਿਚ ਕਿੰਨੀ ਦੇਰ ਰਹਿਣਾ, ਪੈਸੇ ਕਿੰਨੇ ਲਿਆਂਦੇ, ਕੀ ਰਿਟਰਨ ਟਿਕਟ ਬਣੀ ਹੋਈ ਹੈ, ਸਮਾਨ ਵਿਚ ਮੀਟ, ਘਿਓ, ਫ਼ਲ ਆਦਿਕ ਤਾਂ ਨਹੀਂ ਵਗੈਰਾ, ਦੇ ਢੁਕਵੇਂ ਜਵਾਬ ਨਾ ਦਿੱਤੇ ਜਾਣ ਤਾਂ ਗਿੱਲਾ ਪੀਹਣ ਪਿਆ ਰਹਿੰਦਾ ਹੈ। ਸੁਪਰ ਵੀਜ਼ਾ ਵਾਲੇ ਲੋਕਾਂ ਕੋਲ ਇੰਸ਼ੋਰੈਂਸ ਦਾ ਸਬੂਤ (ਫੋਟੋ ਕਾਪੀ) ਹੋਣਾ ਅਤਿ ਜ਼ਰੂਰੀ ਹੈ। ਕੈਨੇਡਾ ਵਿਚ ਪਰਮਾਨੈਂਟ ਰੈਜ਼ੀਡੈਂਸੀ ਵਾਲੇ ਬਜ਼ੁਰਗ ਪਾਸਪੋਰਟ ਨਾਲ ਪੀ.ਆਰ. ਕਾਰਡ ਇਮੀਗ੍ਰੇਸ਼ਨ ਅਫ਼ਸਰ ਨੂੰ ਦੇਣਾ ਅਕਸਰ ਭੁੱਲ ਜਾਂਦੇ ਹਨ ਜਦ ਕਿ ਪਾਸਪੋਰਟ ਦੀ ਬਜਾਏ ਲੋੜ ਪੀ.ਆਰ. ਕਾਰਡ ਦੇਣ ਦੀ ਹੁੰਦੀ ਹੈ। ਅਟੈਚੀਆਂ ਵਿਚ ਆਪਣੀਆਂ ਦਵਾਈਆਂ ਪੈਕ ਕੀਤੀਆਂ ਹੋਣ ਤਾਂ ਨਾਲ ਡਾਕਟਰ ਦੀ ਪਰਚੀ ਹੋਣੀ ਚਾਹੀਦੀ ਹੈ ਜਿਸ ਸਦਕਾ ਕਸਟਮਜ਼ ਕਲੀਅਰ ਕਰਨ ਸਮੇਂ ਪ੍ਰੇਸ਼ਾਨੀ ਨਹੀਂ ਹੁੰਦੀ।

## 7 ਸਾਲਾਂ ਦੌਰਾਨ ਅਮਰੀਕਾ 'ਚ ਭਾਰਤੀਆਂ ਦੀ ਅਬਾਦੀ 38 ਫੀਸਦੀ ਵਧੀ

**ਵਾਸ਼ਿੰਗਟਨ/ਏਟੀ ਨਿਊਜ਼ :** ਸਾਲ 2010-17 ਦੌਰਾਨ ਅਮਰੀਕਾ ਵਿਚ ਭਾਰਤੀ ਆਬਾਦੀ ਦੀ ਗਿਣਤੀ 38 ਫੀਸਦੀ ਵਧ ਗਈ ਹੈ। ਸਾਊਥ ਏਸ਼ੀਅਨ ਅਮਰੀਕਨ ਲੀਡਿੰਗ ਟੂਗੈਦਰ (ਸਾਲਟ) ਦੀ ਰਿਪੋਰਟ ਅਨੁਸਾਰ 6 ਲੱਖ 30 ਹਜ਼ਾਰ ਭਾਰਤੀ ਗ਼ੈਰਕਾਨੂੰਨੀ ਤੌਰ 'ਤੇ ਇੱਥੇ ਰਹਿ ਰਹੇ ਹਨ ਇਹ ਸਾਰੇ ਲੋਕਾਂ ਦੇ ਵੀਜ਼ੇ ਖਤਮ ਹੋ ਗਏ ਹਨ। ਸਾਲ 2010 ਤੋਂ ਅਮਰੀਕਾ ਵਿੱਚ ਰਹਿਣ ਵਾਲੇ ਗੈਰਕਾਨੂੰਨੀ ਭਾਰਤੀਆਂ ਦੀ ਗਿਣਤੀ ਵਿਚ 78 ਫੀਸਦੀ ਦਾ ਵਾਧਾ ਹੋਇਆ ਹੈ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੱਖਣੀ ਏਸ਼ੀਆਈ ਦੇਸ਼ਾਂ ਦੇ ਤਕਰੀਬਨ 50 ਲੱਖ ਲੋਕ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਹੇ ਹਨ। ਸਾਲ 2010-17 ਦੌਰਾਨ, ਅਮਰੀਕਾ ਵਿੱਚ ਨੇਪਾਲੀਆਂ ਦੀ ਗਿਣਤੀ ਵਿੱਚ 206.6 ਫੀਸਦੀ ਦਾ ਵਾਧਾ ਹੋਇਆ ਹੈ। ਸਾਲ 2010-17 ਦੌਰਾਨ ਭੂਟਾਨੀ 38 ਫੀਸਦੀ, ਪਾਕਿਸਤਾਨੀ 33 ਫੀਸਦੀ, ਬੰਗਲਾਦੇਸ਼ੀ 26 ਫੀਸਦੀ ਤੇ ਸ਼੍ਰੀਲੰਕਾ ਦੀ ਆਬਾਦੀ ਦਾ ਤਾਦਾਦ 15 ਫੀਸਦੀ ਤਕ ਵਧ ਗਈ। ਮੌਜੂਦਾ ਜਨਸੰਖਿਆ ਸਰਵੇਖਣ ਮੁਤਾਬਕ ਸੰਨ 2016 ਦੀਆਂ ਅਮਰੀਕੀ ਚੋਣਾਂ ਵਿੱਚ ਏਸ਼ੀਅਨ ਦੇਸ਼ਾਂ ਦੇ 49.9 ਫੀਸਦੀ ਲੋਕਾਂ ਨੇ ਵੋਟਿੰਗ ਕੀਤੀ ਸੀ। ਸੰਨ 2001 ਵਿੱਚ ਜਿੱਥੇ ਦੱਖਣੀ ਏਸ਼ੀਅਨ ਮੂਲ ਦੇ ਵੋਟਰਾਂ ਦੀ ਗਿਣਤੀ 20 ਲੱਖ ਸੀ, 2016 ਵਿੱਚ ਇਹ 50 ਲੱਖ ਹੋ ਗਈ ਹੈ। ਇਹਨਾਂ ਵਿਚੋਂ 15 ਲੱਖ ਭਾਰਤੀ ਹਨ। ਪਾਕਿਸਤਾਨ ਮੂਲ ਦੇ ਵੋਟਰਾਂ ਦੀ ਗਿਣਤੀ 2 ਲੱਖ 22 ਹਜ਼ਾਰ 252 ਹੈ, ਜਦੋਂ ਕਿ ਬੰਗਲਾਦੇਸ਼ੀ 69,825 ਵੋਟਰ ਹਨ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਮਾਸੂਮ .ਫਤਹਿਵੀਰ ਸਿੰਘ ਦਾ ਦੁਖਾਂਤ ਅਤੇ ਪੰਜਾਬ ਸਰਕਾਰ

## *ਲੋਕਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫ਼ੇ ਤੇ ਡੀਸੀ ਖ਼ਿਲਾ.ਫ ਕਾਰਵਾਈ ਦੀ ਕੀਤੀ ਮੰਗ*

**ਰਜਿੰਦਰ ਸਿੰਘ**

ਜ਼ਿਲ੍ਹਾ ਸੰਗਰੂਰ ਦੇ ਪਿੰਡ ਭਗਵਾਨਪੁਰਾ ਦੇ ਬੱਚੇ ਫ਼ਤਹਿਵੀਰ ਦੀ ਮੌਤ ਤੋਂ ਬਾਅਦ ਸਾਰਾ ਪੰਜਾਬ ਸੋਗ ਵਿਚ ਹੈ। ਫ਼ਤਹਿਵੀਰ ਸਿੰਘ, ਜਿਸ ਨੇ ਆਪਣਾ ਦੂਜਾ ਜਨਮ ਦਿਨ ਵੀ ਨਹੀਂ ਮਨਾਇਆ, ਇਸ ਦੁਨੀਆ ਤੋਂ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਤੁਰ ਗਿਆ ਹੈ। ਪ੍ਰਸ਼ਾਸਨ ਦੀ ਅਣਗਹਿਲੀ ਤੇ ਸਿਆਸਤਦਾਨਾਂ ਦੀ ਸਿਆਸਤ ਕਾਰਨ ਦੇਸ਼ ਸ਼ਰਮਿੰਦਾ ਵੀ ਹੈ ਕਿ ਦੋ ਸਾਲਾਂ ਦੇ ਮਾਸੂਮ ਬੱਚੇ ਦੀ ਜਾਨ ਨਹੀਂ ਬਚਾਈ ਜਾ ਸਕੀ, ਜੋ ਕਿ 125 ਫ਼ੁੱਟ ਦੇ ਬੋਰ ਵਿਚ ਡਿੱਗ ਗਿਆ ਸੀ। 5 ਦਿਨ ਜ਼ਿੰਦਗੀ-ਮੌਤ ਨਾਲ ਘੁਲਦਾ ਰਿਹਾ ਅਤੇ ਅੰਤ 11 ਜੂਨ ਨੂੰ ਉਹ ਮਰਿਆ ਹੀ ਯੰਤਰ ਕੁੰਡੀ ਨਾਲ ਕੱਢਿਆ ਗਿਆ। ਪ੍ਰਸ਼ਾਸਨ ਦੀ ਹਾਜ਼ਰੀ ਵਿਚ ਉਸ ਨੂੰ ਚੰਡੀਗੜ੍ਹ ਦੇ ਪੀ.ਜੀ.ਆਈ ਲਿਜਾਇਆ ਗਿਆ ਉਥੇ ਡਾਕਟਰਾਂ ਨੇ ਫ਼ਤਹਿਵੀਰ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਇਹ ਵੀ ਰਿਪੋਰਟਾਂ ਆਈਆਂ ਕਿ ਬੱਚੇ ਦਾ ਸਰੀਰ ਪਹਿਲਾਂ ਹੀ ਫੁਲਿਆ ਹੋਇਆ ਸੀ ਅਤੇ ਉਸ ਵਿਚੋਂ ਬਦਬੂ ਆ ਰਹੀ ਸੀ। ਦੱਸਿਆ ਜਾਂਦਾ ਹੈ ਕਿ ਫ਼ਤਹਿਬੀਰ ਸਿੰਘ ਪੀਜੀਆਈ ਲਿਆਉਣ ਤੋਂ 2 ਕੁ ਦਿਨ ਪਹਿਲਾਂ ਹੀ ਮਰ ਚੁੱਕਾ ਸੀ। ਦੱਸਿਆ ਜਾਂਦਾ ਹੈ ਕਿ ਫ਼ਤਹਿਬੀਰ ਸਿੰਘ ਆਪਣੇ ਘਰ ਦੇ ਬਾਹਰ ਆਪਣੇ ਹੀ ਬੋਰ, ਜੋ ਲੰਮਾ ਸਮਾਂ ਪਹਿਲਾਂ ਕੰਮ ਕਰਨਾ ਬੰਦ ਕਰ ਗਿਆ ਸੀ, ਦੀ ਗਲ ਚੁੱਕੀ ਬੋਰੀ 'ਤੇ ਬੈਠਣ ਲੱਗਾ ਤਾਂ ਬੋਰ ਵੈੱਲ ਵਿਚ ਜਾ ਡਿੱਗਿਆ। ਕੌਮੀ ਰਾਹਤ ਪ੍ਰਬੰਧਨ ਬਲ ਦੇ ਮੈਂਬਰਾਂ ਅਤੇ ਡੇਰਾ ਪ੍ਰੇਮੀਆਂ ਨੇ ਬਰਾਬਰ ਟੋਆ ਪੁੱਟ ਦੇ ਬਾਹਰ ਕੱਢਣ ਦੇ ਉਦਮ ਕਰਨੇ ਸ਼ੁਰੂ ਕਰ ਦਿੱਤੇ। ਪਰ ਪ੍ਰਸ਼ਾਸਨ ਨੇ ਫ਼ੌਜ ਦੇ ਮਾਹਿਰਾਂ ਨਾ ਸੱਦਿਆ, ਜਿਸ ਕਰਕੇ ਇਹ ਦੁਖਾਂਤ ਵਾਪਰਿਆ। ਸਾਰਾ ਕੰਮ ਡੇਰੇ ਸਿਰਸਾ ਵਾਲਿਆਂ ਦੀ ਅਗਵਾਈ ਵਿਚ ਹੁੰਦਾ ਰਿਹਾ, ਜੋ ਕਿ ਆਪਣੇ ਆਪ ਵਿਚ ਇਕ ਅਪਰਾਧ ਹੈ। ਕੈਪਟਨ ਸਰਕਾਰ ਨੇ ਇਕ ਬੱਚੇ ਦੀ ਜ਼ਿੰਦਗੀ ਨੂੰ ਡੇਰਾਵਾਦ ਦੇ ਹਵਾਲੇ ਕਰ ਦਿੱਤਾ, ਜਦ ਕਿ ਇਹ ਕੰਮ ਸਾਰਾ ਪ੍ਰਸ਼ਾਸ਼ਣ ਤੇ ਫ਼ੌਜ ਦਾ ਸੀ। ਹਾਲਾਂਕਿ ਫ਼ੌਜ ਵੀ ਆ ਚੁੱਕੀ ਸੀ, ਪਰ ਉਸ ਨੂੰ ਜ਼ਿੰਮੇਵਾਰੀ ਨਹੀਂ ਸੌਂਪੀ ਗਈ। ਪ੍ਰਸ਼ਾਸਨ ਦੀ ਢਿੱਲ ਮੱਠ ਦੀ ਨੀਤੀ ਕਾਰਨ ਮਾਸੂਮ ਫ਼ਤਹਿਬੀਰ ਸਿੰਘ 5 ਦਿਨ ਇਕ ਤੰਗ ਜਿਹੇ ਪਾਈਪ ਵਿਚ ਫਸਿਆ ਰਿਹਾ ਤੇ ਸਾਹ ਘੁੱਟਣ ਨਾਲ ਉਸ ਦੀ ਮੌਤ ਹੋ ਗਈ। ਵਿਰੋਧੀ ਧਿਰਾਂ ਨੇ ਸੁਆਲ ਖੜੇ ਕੀਤੇ ਹਨ ਕਿ ਮੁੱਖ ਮੰਤਰੀ ਮੌਕੇ 'ਤੇ ਕਿਉਂ ਨਹੀਂ ਆਏ। ਸਿਆਸਤਦਾਨਾਂ ਨੇ ਆਪਣੀ ਵੱਖਰੀ ਸਿਆਸਤ ਖੇਡਣੀ ਸ਼ੁਰੂ ਕਰ ਦਿੱਤੀ। ਕੇਂਦਰੀ ਗ੍ਰਹਿ ਮੰਤਰਾਲੇ ਨੂੰ ਚਿੱਠੀਆਂ ਲਿਖ ਕੇ ਪੰਜਾਬ ਸਰਕਾਰ ਦੀ ਜਵਾਬ ਤਲਬੀ ਦੀ ਗੱਲ ਕੀਤੀ ਗਈ। ਲੋਕਾਂ ਵਿਚ ਇਸ ਘਟਨਾ ਨੂੰ ਲੈ ਕੇ ਖਾਸਾ ਰੋਸ ਹੈ ਤੇ ਸਰਕਾਰ ਨੂੰ ਲੋਕਾਂ ਦਾ ਗੁੱਸਾ ਸਮਝਣਾ ਚਾਹੀਦਾ ਹੈ ਕਿ ਇਹੋ ਜਿਹੇ ਹਾਦਸੇ ਮੁੜ ਕੇ ਨਾ ਵਾਪਰਨ, ਸਰਕਾਰ ਨੂੰ ਆਪਣੀ ਜ਼ਿੰਮੇਵਾਰੀ



### ਖੁੱਲ੍ਹੇ ਬੋਰਵੈੱਲ ਬਾਰੇ ਕੈਪਟਨ ਸਰਕਾਰ ਹੋਈ ਸਖ਼ਤ

#### *ਸੂਹ ਦੇ ਕੇ ਪਾਓ ਨਕਦ ਇਨਾਮ, ਮਾਲਕਾਂ ਖਿਲਾਫ ਕਾਰਵਾਈ ਦਾ ਐਲਾਨ*

**ਚੰਡੀਗੜ੍ਹ/ਏਟੀ ਨਿਊਜ਼ :** ਦੋ ਸਾਲ ਦੇ ਫ਼ਤਹਿਵੀਰ ਦੀ ਬੋਰਵੈੱਲ ਵਿੱਚ ਤਕਰੀਬਨ 110 ਘੰਟੇ ਫਸੇ ਰਹਿਣ ਕਾਰਨ ਮੌਤ ਹੋ ਜਾਣ ਮਗਰੋਂ ਕੈਪਟਨ ਸਰਕਾਰ ਹਰਕਤ ਵਿੱਚ ਆਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਜੋ ਵੀ ਖੁੱਲ੍ਹੇ ਬੋਰਵੈੱਲ ਦੀ ਜਾਣਕਾਰੀ ਦੇਵੇਗਾ, ਉਸ ਨੂੰ 5 ਹਜ਼ਾਰ ਨਕਦ ਇਨਾਮ ਦਿੱਤਾ ਜਾਵੇਗਾ। ਕੈਪਟਨ ਨੇ ਇਹ ਐਲਾਨ ਤੰਦਰੁਸਤ ਪੰਜਾਬ ਮਿਸ਼ਨ ਤਹਿਤ ਕੀਤਾ ਹੈ। ਕੈਪਟਨ ਅਨੁਸਾਰ ਇਸ ਇੱਕ ਮਹੀਨੇ ਦੇ ਵਕਫ਼ੇ ਦੌਰਾਨ ਜੇਕਰ ਕਿਸੇ ਨੇ ਅਜਿਹਾ ਖੁੱਲ੍ਹਾ ਬੋਰ ਬੰਦ ਨਹੀਂ ਕੀਤਾ ਤਾਂ ਉਸ ਵਿਅਕਤੀ ਖ਼ਿਲਾਫ਼ ਅਪਰਾਧਿਕ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਜੇਕਰ ਬੋਰਵੈੱਲ ਕਾਰਨ ਕੋਈ ਘਟਨਾ ਵਾਪਰਦੀ ਹੈ ਤਾਂ ਇਸ ਦੇ ਮਾਲਕ 'ਤੇ ਜ਼ੁਰਮਾਨੇ ਦੇ ਨਾਲ ਨਾਲ ਉਸ ਖ਼ਿਲਾਫ਼ ਕੇਸ ਵੀ ਦਰਜ ਕੀਤਾ ਜਾਵੇਗਾ।

ਸਮਝਣੀ ਚਾਹੀਦੀ ਹੈ। ਇਹ ਪੰਜਾਬ ਸਰਕਾਰ ਦਾ ਸਹੀ ਫੈਸਲਾ ਹੈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਭਰ ਦੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਕੀਤੀਆਂ ਹਨ ਕਿ ਆਪੋ-ਆਪਣੇ ਜ਼ਿਲ੍ਹਿਆਂ ਵਿਚ ਅਜਿਹੇ ਬੋਰ ਵੈੱਲਾਂ ਬਾਰੇ ਜਾਣਕਾਰੀ 24 ਘੰਟਿਆਂ ਵਿਚ ਦਿੱਤੀ ਜਾਵੇ ਤੇ ਬੋਰ ਵੈਲ ਨੰਗੇ ਨਾ ਛੱਡੇ ਜਾਣ ਤਾਂ ਜੋ ਇਹੋ ਜਿਹੇ ਹਾਦਸੇ ਨਾ ਵਾਪਰ ਸਕਣ।

ਲੋਕਾਂ ਵਿਚ ਪੰਜਾਬ ਸਰਕਾਰ ਦੇ ਖਿਲਾਫ਼ ਕਾਫੀ ਗੁੱਸਾ ਹੈ। ਇਸੇ ਕਾਰਨ ਮਾਲਵੇ ਵਿਚ ਲੋਕ ਧਰਨੇ ਤੇ ਮੁਜ਼ਾਹਰੇ ਕਰ ਰਹੇ ਹਨ। ਫ਼ਤਹਿਵੀਰ ਦੀ ਮੌਤ ਦੇ ਬਾਅਦ ਸਰਕਾਰ ਵਿਰੁੱਧ ਲੋਕਾਂ ਦਾ ਗੁੱਸਾ 7ਵੇਂ ਅਸਮਾਨ 'ਤੇ ਹੈ। ਗੁੱਸੇ ਵਿਚ ਆਏ ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾ.ਫ ਸਿੱਧਾ ਮੋਰਚਾ ਖੋਲ੍ਹਦਿਆਂ ਸੰਗਰੂਰ ਦੇ ਡਿਪਟੀ ਕਮਿਸ਼ਨਰ ਦੇ ਦ.ਫਤਰ ਬਾਹਰ ਧਰਨਾ ਦਿੱਤਾ ਹੋਇਆ ਹੈ। ਸੰਗਰੂਰ ਤੇ ਸੁਨਾਮ ਵੀ ਲੋਕ ਰੋਸ ਕਾਰਨ ਪੂਰੀ ਤਰ੍ਹਾਂ ਬੰਦ ਹੈ। ਲੋਕਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫ਼ੇ ਤੇ ਡੀਸੀ ਖ਼ਿਲਾ.ਫ ਕਾਰਵਾਈ ਦੀ ਮੰਗ ਕੀਤੀ ਹੈ। ਫਤਿਹਵੀਰ ਮੌਤ ਮਾਮਲੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਟਵੀਟ ਕਰਨਾ ਮਹਿੰਗਾ ਸਾਬਤ ਹੋਇਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਫੇਸਬੁੱਕ ਪੇਜ਼ ਤੇ ਟਵਿੱਟਰ 'ਤੇ ਜਿਵੇਂ ਹੀ ਅਫਸੋਸ ਦਾ ਸੁਨੇਹਾ ਪਾਇਆ ਤਾਂ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਹੀ ਮੁੱਖ ਮੰਤਰੀ ਨੂੰ ਘੇਰ ਲਿਆ। ਫੇਸਬੁੱਕ ਪੇਜ਼ 'ਤੇ ਤਾਂ ਸ਼ਾਮ ਤੱਕ 8500 ਤੋਂ ਵੱਧ ਕੁਮੈਂਟ ਆ ਚੁੱਕੇ ਸਨ, ਜਿਨ੍ਹਾਂ ਵਿੱਚ ਜ਼ਿਆਦਾਤਰ ਕੁਮੈਂਟ ਕਾਂਗਰਸ ਸਰਕਾਰ ਦੇ ਖ਼ਿਲਾ.ਫ ਸਨ, ਲੋਕਾਂ ਨੇ ਕੁਮੈਂਟ ਕਰਕੇ ਸਰਕਾਰ ਨੂੰ ਘੇਰਿਆ ਤੇ ਸਰਕਾਰ ਦੀ ਲਾਪ੍ਰਵਾਹੀ ਦੀ ਨਿੰਦਾ ਕੀਤੀ। ਕੁਮੈਂਟਾਂ ਵਿੱਚ ਜ਼ਿਆਦਾਤਰ ਲੋਕਾਂ ਨੇ ਲਿਖਿਆ ਕਿ ਮੁੱਖ ਮੰਤਰੀ ਪਹਾੜਾਂ ਵਿੱਚ ਛੁੱਟੀਆਂ ਮਨਾ ਰਹੇ ਹਨ ਤੇ ਬੱਚੇ ਬੋਰਵੈਲਾਂ ਵਿੱਚ ਡਿੱਗ ਰਹੇ ਹਨ। ਕਿਸੇ ਨੇ ਲਿਖਿਆ ਕਿ ਮੁੱਖ ਮੰਤਰੀ ਨੇ ਕੁੱਝ ਨਹੀਂ ਕੀਤਾ। ਕੁਝ ਲੋਕਾਂ ਨੇ ਡੀਸੀ ਤੇ ਐਸਡੀਐਮ ਖ਼ਿਲਾ.ਫ ਕਾਰਵਾਈ ਕਰਨ ਦੀ ਮੰਗ ਵੀ ਕੀਤੀ। ਉਧਰ, ਟਵਿੱਟਰ ਪੇਜ਼ 'ਤੇ ਵੀ ਮੁੱਖ ਮੰਤਰੀ ਨੂੰ ਲੋਕਾਂ ਦੀਆਂ ਖ਼ਰੀਆਂ ਖੋਟੀਆਂ ਸੁਣਨੀਆਂ ਪਈਆਂ। ਟਵਿੱਟਰ 'ਤੇ ਇੱਕ ਹਜ਼ਾਰ ਤੋਂ ਵੱਧ ਲੋਕਾਂ ਨੇ ਕੁਮੈਂਟ ਕੀਤੇ ਹੋਏ ਸਨ। ਦੱਸ ਦੇਈਏ ਇਹ ਮਾਮਲਾ ਹਾਈਕੋਰਟ ਵੀ ਪਹੁੰਚ ਚੁੱਕਾ ਹੈ। ਇਸ ਸਬੰਧੀ ਹਾਈਕੋਰਟ ਵਿੱਚ ਜਨਹਿੱਤ ਪਟੀਸ਼ਨ ਲਾਈ ਗਈ ਹੈ। ਦੂਜੇ ਪਾਸੇ ਡੀਸੀ ਦ.ਫਤਰ ਵੱਲੋਂ ਇਸ ਬਾਰੇ ਸ.ਫਾਈ ਵੀ ਦਿੱਤੀ ਗਈ ਹੈ। ਪ੍ਰਸ਼ਾਸਨ ਨੇ ਕਿਹਾ ਕਿ .ਫਤਹਿ ਦੇ ਬਚਾਅ ਕਾਰਜ ਵਿੱਚ ਨਾ ਤਾਂ ਕੋਈ ਢਿੱਲ ਵਰਤੀ ਗਈ ਤੇ ਨਾ ਹੀ ਕੋਈ ਕਮੀ ਛੱਡੀ ਗਈ ਸੀ। ਪਿੰਡ ਮੰਗਵਾਲ ਦੇ ਗਰਿੰਦਰ ਸਿੰਘ ਗਿੰਦੀ ਨੇ ਫ਼ਤਹਿਵੀਰ ਨੂੰ ਕੱਢਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਦਾ ਕਹਿਣਾ ਹੈ ਕਿ ਉਹ 1998 ਤੋਂ ਸਬਮਰਸੀਬਲ ਮੋਟਰਾਂ ਕੱਢਣ ਦਾ ਕੰਮ ਕਰ ਰਿਹਾ ਹੈ। ਉਸ ਦਾ ਦਾਅਵਾ ਹੈ ਕਿ 7 ਜੂਨ ਦੀ ਸਵੇਰ ਹੀ ਅਧਿਕਾਰੀਆਂ ਨੂੰ ਕਿਹਾ ਸੀ ਕਿ ਉਹ ਇਹ ਕੰਮ ਦੋ ਘੰਟਿਆਂ ਵਿਚ ਕਰ ਸਕਦਾ ਹੈ ਪਰ ਉਸ ਦੀ ਗੱਲ ਕਿਸੇ ਨਾ ਸੁਣੀ। ਲੋਕਾਂ ਦਾ ਕਹਿਣਾ ਹੈ ਕਿ ਜਦ ਫ਼ੌਜ ਮੌਜੂਦ ਸੀ ਤਾਂ ਪ੍ਰਸ਼ਾਸਣ ਨੇ ਬੱਚੇ ਦੀ ਜਾਨ ਬਚਾਉਣ ਦੇ ਲਈ ਫ਼ੌਜ ਦੀ ਮਦਦ ਕਿਉਂ ਨਹੀਂ ਲਈ ? ਪਿੰਡ ਭਗਵਾਨਪੁਰਾ ਦਾ ਇਹ ਦੁਖਾਂਤ ਸਾਰੇ ਪੰਜਾਬ ਨੂੰ ਸ਼ਰਮਸਾਰ ਕਰਨ ਵਾਲਾ ਹੈ। ਇਸ ਹਾਦਸੇ ਦਾ ਜ਼ਿੰਮੇਵਾਰ ਡਿਪਟੀ ਕਮਿਸ਼ਨਰ ਹੈ, ਜਿਸ ਨੇ ਜ਼ਿੰਮੇਵਾਰੀ ਨਹੀਂ ਨਿਭਾਈ ਤੇ ਆਪਣੀ ਅਣਗਹਿਲੀ ਕਾਰਨ ਬੱਚੇ ਦੀ ਬਲੀ ਲੈ ਲਈ। ਇਸ ਸੰਬੰਧ ਵਿਚ ਕੈਪਟਨ ਸਰਕਾਰ ਨੂੰ ਕਰੜੀ ਕਾਰਵਾਈ ਕਰਨੀ ਚਾਹੀਦੀ ਹੈ।

## ਮੋਦੀ ਦੇ ਕਾਨੂੰਨੀ ਪਿੰਜਰੇ ਕਾਰਨ ਮਾਇਆਵਤੀ ਦੀ ਰਾਜਨੀਤੀ ਹੋਣ ਲੱਗੀ ਠੁੱਸ




**ਦਿੱਲੀ/ਏ.ਟੀ. ਨਿਊਜ਼** , ਮਾਇਆਵਤੀ 2019 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਉਡੀਕ ਕਰ ਰਹੀ ਸੀ ਅਤੇ ਜਿਵੇਂ ਹੀ ਨਤੀਜਿਆਂ ਦੀ ਘੋਸ਼ਣਾ ਹੋਈ, ਉਨ੍ਹਾਂ ਨੇ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਨਾਲ ਮਿਲ ਕੇ ਬਣਾਏ ਮਹਾਗੱਠਜੋੜ ਨਾਲੋਂ ਨਾਤਾ ਤੋੜਨ ਦਾ ਫ਼ੈਸਲਾ ਕਰ ਲਿਆ। ਹਾਲਾਂਕਿ ਮਾਇਆਵਤੀ ਦੀ ਅਗਵਾਈ ਵਾਲੀ ਬਸਪਾ ਨੇ ਇਸ ਵਾਰ ਲੋਕ ਸਭਾ ਚੋਣਾਂ ਵਿਚ 10 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ, ਜਦਕਿ 2014 ਦੀਆਂ ਲੋਕ ਸਭਾ ਸੀਟਾਂ 'ਤੇ ਉਨ੍ਹਾਂ ਨੂੰ ਇਕ ਵੀ ਸੀਟ ਨਹੀਂ ਮਿਲੀ ਸੀ। ਸਮਾਜਵਾਦੀ ਪਾਰਟੀ ਨੇ 2014 ਦੀਆਂ ਲੋਕ ਸਭਾ ਚੋਣਾਂ ਵਿਚ 5 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ, ਜਦੋਂ ਉਹ ਇਕੱਲੇ ਚੋਣਾਂ ਲੜ ਰਹੇ ਸਨ। ਸਮਾਜਵਾਦੀ ਪਾਰਟੀ ਨੇ ਗੱਠਜੋੜ ਤੋਂ ਬਾਅਦ ਵੀ ਓਨੀਆਂ ਹੀ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ, ਜਿੰਨੀਆਂ 'ਤੇ ਉਹ ਪਹਿਲਾਂ ਜਿੱਤੇ ਸਨ। ਇਸ ਲਈ ਇੱਥੇ ਇਹ ਸਵਾਲ ਪੁੱਛਣਾ ਜ਼ਰੂਰੀ ਹੋ ਜਾਂਦਾ ਹੈ ਕਿ ਮਾਇਆਵਤੀ ਇਹ ਦੋਸ਼ ਕਿਵੇਂ ਲਗਾ ਰਹੀ ਹੈ ਕਿ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਲੋਕ ਦਲ, ਬਸਪਾ ਦੇ ਉਮੀਦਵਾਰਾਂ ਨੂੰ ਜਾਟ ਅਤੇ ਯਾਦਵ ਵੋਟ ਦਿਵਾਉਣ ਵਿਚ ਅਸਫ਼ਲ ਰਹੇ ਹਨ ? ਸਹਾਰਨਪੁਰ, ਬਿਜਨੌਰ, ਨਗੀਨਾ, ਅਮਰੋਹਾ, ਜੌਨਪੁਰ ਅਤੇ ਗਾਜ਼ੀਪੁਰ ਦੀਆਂ ਲੋਕ ਸਭਾ ਸੀਟਾਂ ਵਿਚ ਬਸਪਾ ਇਸ ਲਈ ਜਿੱਤੀ, ਕਿਉਂਕਿ ਉੱਥੋਂ ਦੇ ਮੁਸਲਮਾਨ ਵੋਟਰਾਂ ਨੇ ਗੱਠਜੋੜ ਕਾਰਨ ਇਸ ਨੂੰ ਵੋਟਾਂ ਪਾ ਦਿੱਤੀਆਂ, ਜਦਕਿ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਮੁਸਲਮਾਨ ਵੋਟਾਂ ਕਾਂਗਰਸ, ਸਮਾਜਵਾਦੀ ਪਾਰਟੀ ਅਤੇ ਬਸਪਾ ਵਿਚ ਵੰਡੇ ਸਨ। 2019 ਦੀਆਂ ਲੋਕ ਸਭਾ ਚੋਣਾਂ ਵਿਚ ਜੇਕਰ ਬਸਪਾ ਦਾ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਨਾ ਹੋਇਆ ਹੁੰਦਾ ਤਾਂ ਮੁਸਲਮਾਨ ਵੋਟਾਂ ਵੰਡੀਆਂ ਜਾਂਦੀਆਂ ਅਤੇ ਬਸਪਾ ਇਕੱਲੀਆਂ ਦਲਿਤ ਵੋਟਾਂ ਦੇ ਆਸਰੇ ਇਕ ਵੀ ਸੀਟ ਨਾ ਪ੍ਰਾਪਤ ਕਰਦੀ। ਮਾਇਆਵਤੀ ਨੇ ਐਲਾਨ ਕੀਤਾ ਹੈ ਕਿ ਉਹ ਆਗਾਮੀ 11 ਵਿਧਾਨ ਸਭਾ ਸੀਟਾਂ ਲਈ ਹੋਣ ਵਾਲੀਆਂ ਉਪ-ਚੋਣਾਂ 'ਤੇ ਇਕੱਲਿਆਂ ਹੀ ਚੋਣ ਲੜੇਗੀ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਮਾਇਆਵਤੀ ਨੇ ਇਹ ਫ਼ੈਸਲਾ ਇਸ ਲਈ ਲਿਆ, ਕਿਉਂਕਿ ਕਈ ਕੇਂਦਰੀ ਏਜੰਸੀਆਂ ਵਲੋਂ ਉਨ੍ਹਾਂ ਖ਼ਿਲਾ.ਫ ਜਾਂਚ ਜਾਰੀ ਹੈ, ਇਸ ਲਈ ਜੇਕਰ ਲੋੜ ਪਈ ਤਾਂ ਉਹ ਆਪਣੇ ਬਚਾਅ ਲਈ ਭਾਜਪਾ ਦੇ ਨਾਲ ਵੀ ਗੱਠਜੋੜ ਕਰ ਸਕਦੀ ਹੈ।

# ਪਾਕਿਸਤਾਨੀ ਬੀਵੀ ਨੂੰ ਚੀਨੀ ਸ਼ੌਹਰ ਨੇ ਵੇਸਵਾਗਿਰੀ 'ਚ ਧੱਕਿਆ

**ਫ਼ੈਸਲਾਬਾਦ/ਏਟੀ ਨਿਊਜ਼ :** ਪਾਕਿਸਤਾਨ ਦੇ ਫ਼ੈਸਲਾਬਾਦ ਸ਼ਹਿਰ ਦੀ 19 ਸਾਲ ਦੀ ਨਤਾਸ਼ਾ ਮਸੀਹ ਦੇ ਗ਼ਰੀਬ ਮਾਪਿਆਂ ਨੇ ਕੁਝ ਰੁਪਿਆਂ ਦੇ ਲਾਲਚ ਵਿਚ ਆਪਣੀ ਬੇਟੀ ਦਾ ਵਿਆਹ ਇਕ ਚੀਨੀ ਨਾਲ ਕਰਵਾ ਦਿੱਤਾ। ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਦੇ ਬੇਟੀ ਵਿਦੇਸ਼ ਜਾ ਕੇ ਆਰਾਮ ਨਾਲ ਰਹੇਗੀ ਪਰ ਹੋਇਆ ਇਸ ਦੇ ਉਲਟ। ਨਤਾਸ਼ਾ ਦਾ ਸ਼ੌਹਰ ਨਾ ਸਿਰਫ਼ ਉਸ ਨੂੰ ਮਾਰਦਾ ਕੁੱਟਦਾ ਸੀ ਬਲਕਿ ਵੇਸਵਾਗਿਰੀ ਲਈ ਵੀ ਉਸ ਨੂੰ ਮਜਬੂਰ ਕਰਦਾ ਸੀ। ਇਹ ਸਭ ਕੁਝ ਸਹਿਣ ਵਾਲੀ ਨਤਾਸ਼ਾ ਇਕੱਲੀ ਨਹੀਂ ਹੈ। ਉਸ ਵਰਗੀਆਂ ਸੈਂਕੜੇ ਅਜਿਹੀਆਂ ਪਾਕਿਸਤਾਨੀ ਕੁੜੀਆਂ ਹਨ ਜਿਨ੍ਹਾਂ ਦੀ ਵਿਆਹ ਦੇ ਨਾਂ 'ਤੇ ਚੀਨ ਵਿਚ ਸਮੱਗਲਿੰਗ ਕੀਤੀ ਜਾ ਰਹੀ



ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਲੜਕੀਆਂ ਪਾਕਿਸਤਾਨ ਦੇ ਸਭ ਤੋਂ ਗ਼ਰੀਬ ਈਸਾਈ ਭਾਈਚਾਰੇ ਦੀਆਂ ਹਨ। ਪਾਕਿਸਤਾਨ ਤੇ ਚੀਨ ਦੇ ਦਲਾਲ ਆਪਸੀ ਗੰਢਤੁੱਪ ਕਰਕੇ ਦੇਸ਼ 'ਚ ਮਨੁੱਖੀ ਤਸਕਰੀ ਦਾ ਗਿਰੋਹ ਚਲਾ ਰਹੇ ਹਨ। ਉਹ ਗ਼ਰੀਬ ਪਰਿਵਾਰਾਂ ਨੂੰ ਰੁਪਿਆਂ ਦਾ ਲਾਲਚ ਦੇ ਕੇ ਉਨ੍ਹਾਂ ਦੀਆਂ ਬੇਟੀਆਂ ਨਾਲ ਚੀਨੀ ਨਾਗਰਿਕਾਂ ਦੇ ਵਿਆਹ ਕਰਵਾਉਂਦੇ ਹਨ। ਫਿਰ ਉਨ੍ਹਾਂ ਕੁੜੀਆਂ ਨੂੰ ਚੀਨ ਭੇਜ ਦਿੱਤਾ ਜਾਂਦਾ ਹੈ ਜਿੱਥੇ ਉਨ੍ਹਾਂ ਦੇ ਸ਼ੌਹਰ ਉਨ੍ਹਾਂ ਨੂੰ ਜ਼ਬਰਦਸਤੀ ਵੇਸਵਾਗਿਰੀ ਵੱਲ ਧੱਕ ਦਿੰਦੇ ਹਨ। ਹਾਲ ਹੀ ਵਿਚ ਪੁਲਿਸ ਵੱਲੋਂ ਮਾਰੇ ਗਏ ਛਾਪਿਆਂ 'ਚ ਇਹ ਮਾਮਲਾ ਉਜਾਗਰ ਹੋਇਆ ਹੈ। ਪੰਜਾਬ ਸੂਬੇ ਦੇ ਮਨੁੱਖੀ ਅਧਿਕਾਰ ਤੇ ਘੱਟਗਿਣਤੀ ਮਾਮਲਿਆਂ ਦੇ ਮੰਤਰੀ ਏਜਾਜ ਆਲਮ ਅਨੁਸਾਰ ਹੁਣ ਤਕ 500 ਕੁੜੀਆਂ ਦੀ ਚੀਨ 'ਚ ਤਸਕਰੀ ਕੀਤੀ ਜਾ ਚੁੱਕੀ ਹੈ। ਕੁਝ ਵਰਕਰਾਂ ਅਨੁਸਾਰ ਇਹ ਅੰਕੜਾ ਹਜ਼ਾਰ ਤਕ ਪੁੱਜ ਗਿਆ ਹੈ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਗੁਰੂ ਦਾ ਲੰਗਰ ਬਣਿਆ ਹੁਣ 'ਸੇਵਾ ਭੋਜ'

## ਮੋਦੀ ਨੇ ਆਪਣਾ ਵਾਅਦਾ ਪੂਰਾ ਕੀਤਾ: ਹਰਸਿਮਰਤ

## ਲੰਗਰ ਦਾ ਨਾਂ ਬਦਲਣਾ ਬੇਹੱਦ ਮੰਦਭਾਗਾ : ਪੀਰ ਮੁਹੰਮਦ



ਸ੍ਰੀ ਗੁਰੂ ਰਾਮਦਾਸ ਲੰਗਰ ਦੀਆਂ ਵਸਤਾਂ ਦੀ ਖਰੀਦ ਉਪਰ ਵਸੂਲੇ ਟੈਕਸ ਵਿਚੋਂ 57 ਲੱਖ ਦੀ ਰਕਮ ਰੀਫੰਡ ਕੀਤੀ ਗਈ

**ਜਲੰਧਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਗਲਿਆਰਿਆਂ ਨੇ ਇੱਕ ਜਾਣਕਾਰੀ ਅੰਮ੍ਰਿਤਸਰ ਦੇ ਮੀਡੀਆ ਨੂੰ ਮੁਹੱਈਆ ਕਰਵਾਈ। ਕੁਝ ਅਖਬਾਰਾਂ ਵਲੋਂ ਚੰਡੀਗੜ੍ਹ ਤੋਂ ਕੇਂਦਰੀ ਮੰਤਰੀ ਤੇ ਬਾਦਲ ਪਰਿਵਾਰ ਦੀ ਨੂੰਹ ਬੀਬਾ ਹਰਸਿਮਰਤ ਕੌਰ ਬਾਦਲ ਦੇ ਹਵਾਲੇ ਨਾਲ ਖਬਰ ਛਾਪੀ ਸੀ ਕਿ ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਲਈ ਖਰੀਦ ਵਸਤਾਂ ਉਪਰ ਵਸੂਲ ਕੀਤੇ ਇੱਕ ਕਰੋੜ 53 ਲੱਖ ਰੁਪਏ ਦੇ ਜੀ.ਐਸ.ਟੀ. ਦੀ ਪਹਿਲੀ 57 ਲੱਖ ਰੁਪਏ ਦੀ ਕਿਸ਼ਤ ਰੀਫੰਡ ਕਰ ਦਿੱਤੀ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਜੇ ਜੀਐਸਟੀ ਦੀ ਰਕਮ ਦੀ ਵਾਪਸੀ ਹੁੰਦੀ ਹੈ ਤਾਂ ਸ਼੍ਰੋਮਣੀ ਕਮੇਟੀ ਇਸ ਰਕਮ ਨੂੰ ਲੋਕ ਭਲਾਈ ਦੇ ਕੰਮਾਂ ਲਈ ਖਰਚ ਕਰੇਗੀ।

ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਬੀਤੇ ਦਿਨੀਂ ਕਿਹਾ ਸੀ ਕਿ ਕੇਂਦਰ ਦੀ ਐਨਡੀਏ ਸਰਕਾਰ ਨੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਸਮੇਤ ਗੁਰਦੁਆਰਿਆਂ ਵਿਚ ਲੰਗਰ ਵਾਸਤੇ ਇਸਤੇਮਾਲ ਹੁੰਦੀ ਸਮੱਗਰੀ ਉੱਤੇ ਲੱਗੇ ਜੀਐਸਟੀ ਨੂੰ ਵਾਪਸ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਕੇ ਸਿੱਖਾਂ ਨਾਲ ਕੀਤਾ ਵਾਅਦਾ ਪੂਰਾ ਕਰ ਦਿੱਤਾ ਹੈ। ਬੀਬੀ ਬਾਦਲ ਨੇ ਕਿਹਾ ਕਿ ਕੇਂਦਰੀ ਸੱਭਿਆਚਾਰ ਮੰਤਰਾਲੇ ਨੇ ਲੁਧਿਆਣਾ ਦੀ ਜੀਐਸਟੀ ਅਥਾਰਿਟੀ ਨੂੰ 57 ਲੱਖ ਰੁਪਏ ਜੀਐਸਟੀ ਦੀ ਰਾਸ਼ੀ ਰਿਫੰਡ ਕਰ ਦਿੱਤੀ ਹੈ, ਜੋ ਕਿ ਅੱਗੇ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਜਾਵੇਗੀ। ਉਹ ਮੋਦੀ ਸਰਕਾਰ ਵਲੋਂ ਸਾਲ 2018 ਵਿੱਚ ਲਾਗੂ ਕੀਤੀ ਸੇਵਾ ਭੋਜ ਯੋਜਨਾ ਤਹਿਤ ਹੈ। ਜ਼ਿਕਰ ਕਰਨਾ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਦੀ ਇਹ ਸੇਵਾ ਭੋਜ ਯੋਜਨਾ ਇਕੱਲੇ ਦਰਬਾਰ ਸਾਹਿਬ ਲਈ ਹੀ ਨਹੀ ਬਲਕਿ ਵੱਖ ਵੱਖ ਧਰਮਾਂ ਨਾਲ ਜੁੜੇ ਧਾਰਮਿਕ ਸਥਾਨਾਂ ਲਈ ਵੀ ਹੈ। ਉਨ੍ਹਾਂ ਕਿਹਾ ਕਿ ਇਹ ਜੀਐਸਟੀ ਰੀਫੰਡ ਦੀ ਪਹਿਲੀ ਕਿਸ਼ਤ ਹੈ ਅਤੇ ਇਸ ਤੋਂ ਬਾਅਦ ਇਹ ਰਿਫੰਡ ਹਰ ਤਿੰਨ ਮਹੀਨਿਆਂ ਬਾਅਦ ਸ਼੍ਰੋਮਣੀ ਕਮੇਟੀ ਨੂੰ ਜਾਰੀ ਕੀਤਾ ਜਾਵੇਗਾ। ਉਨ੍ਹਾਂ ਨੇ ਇਸ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਪਿਛਲੀ ਐਨਡੀਏ ਸਰਕਾਰ ਨੇ 'ਸੇਵਾ ਭੋਜ ਯੋਜਨਾ' ਤਹਿਤ ਵਿੱਤੀ ਮੱਦਦ ਦੇ ਕੇ ਲੰਗਰ ਰਸਦ ਨੂੰ ਜੀਐਸਟੀ ਤੋਂ ਛੋਟ ਦੇਣ ਦਾ ਫ਼ੈਸਲਾ ਲਿਆ ਸੀ। ਇਸ ਸਕੀਮ ਤਹਿਤ ਗੁਰਦੁਆਰਿਆਂ ਅਤੇ ਲੰਗਰ ਛਕਾਉਣ ਵਾਲੀਆਂ ਹੋਰ ਧਾਰਮਿਕ ਸੰਸਥਾਵਾਂ ਉੱਤੇ ਲੱਗਣ ਵਾਲੇ ਕੇਂਦਰੀ ਜੀਐਸਟੀ ਅਤੇ ਆਈਜੀਐਸਟੀ ਨੂੰ ਵਾਪਸ ਮੋੜਨ ਦਾ ਫ਼ੈਸਲਾ ਲਿਆ ਸੀ। ਇੱਥੇ ਜ਼ਿਕਰਯੋਗ ਹੈ ਕਿ ਸਿੱਖ ਧਰਮ ਇਤਿਹਾਸ ਵਿੱਚ ਲੰਗਰ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਲੋੜਵੰਦਾਂ ਨੂੰ ਭੋਜਨ ਛਕਾ ਕੇ ਲੰਗਰ ਪਰੰਪਰਾ ਦੀ ਸ਼ੁਰੂਆਤ ਕੀਤੀ ਸੀ। ਇਸੇ ਗੁਰੂ ਨਾਨਕ ਪਰੰਪਰਾ ਨੂੰ ਅਗਾਂਹ ਤੋਰਦਿਆਂ ਸੰਸਥਾ ਵਜੋਂ ਇਸ ਦੀ ਸਥਾਪਨਾ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਵਲੋਂ ਗੋਇੰਦਵਾਲ ਵਿਖੇ ਕੀਤੀ ਗਈ।

ਦੁਖਾਂਤ ਇਹ ਹੈ ਕਿ ਜਿਸ ਜੀ.ਐਸ.ਟੀ. ਰੀਫੰਡ ਦੀ ਗਲ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਸ਼੍ਰੋਮਣੀ ਕਮੇਟੀ ਨੇ ਕੀਤੀ ਹੈ ਉਹ ਸਿਰਫ ਸ੍ਰੀ ਦਰਬਾਰ ਸਾਹਿਬ ਸਥਿਤ ਲੰਗਰ ਗੁਰੂ ਰਾਮਦਾਸ ਜੀ ਨਾਲ ਜੁੜੀ ਦੱਸੀ ਗਈ ਹੈ। ਅਜਿਹੇ ਵਿੱਚ ਕੁਝ ਤੱਥਾਂ ਨੂੰ ਵਿਚਾਰਨ ਦੀ ਜਰੂਰਤ ਹੈ ਕਿ ਸ਼੍ਰੋਮਣੀ ਕਮੇਟੀ ਦੇ ਸਿੱਧੇ ਪਰਬੰਧ ਅਧੀਨ ਕੋਈ 80 ਦੇ ਕਰੀਬ ਇਤਿਹਾਸਕ ਗੁਰਦੁਆਰਾ ਸਾਹਿਬਾਨ ਹਨ। ਇਨ੍ਹਾਂ ਗੁਰਦੁਆਰਾ ਸਾਹਿਬ ਦਾ ਲੰਗਰ ਲਈ ਸਾਲਾਨਾ ਬਜਟ ਵੱਖ ਵੱਖਰਾ ਹੈ। ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 85 ਹੇਠ ਆਉਂਦੇ ਇਨ੍ਹਾਂ ਗੁਰਦੁਆਰਾ ਸਾਹਿਬਾਨ ਵਿਚ ਉਪਰਲੇ (ਭਾਵ ਆਮਦਨ ਦੇ ਹਿਸਾਬ) ਵੀਹ ਗੁਰਦੁਆਰਾ ਸਾਹਿਬ ਦਾ ਲੰਗਰ ਦਾ ਸਾਲਾਨਾ ਅਨੁਮਾਨਤ ਬਜਟ 44 ਕਰੋੜ ਨਿਰਧਾਰਤ ਕੀਤਾ ਗਿਆ ਹੈ ਤੇ ਇਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਬਜਟ ਲੰਗਰ ਸ੍ਰੀ ਦਰਬਾਰ ਸਾਹਿਬ ਲਈ ਹੈ ਜੋ 38 ਕਰੋੜ ਦੱਸਿਆ ਜਾ ਰਿਹਾ ਹੈ ।

ਇਸ ਦੇ ਨਾਲ ਹੀ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲੰਗਰ ਲਈ ਸੰਗਤਾਂ ਵਲੋਂ ਪ੍ਰਾਪਤ ਚੜ੍ਹਤ 43 ਕਰੋੜ ਮੰਨੀ ਜਾ ਰਹੀ ਹੈ। ਫਿਰ ਸਵਾਲ ਸੰਗਤ ਦੀ ਕਚਹਿਰੀ ਵਿੱਚ ਹੈ ਕਿ ਜਦੋਂ ਸ਼ਰਧਾਵਾਨ ਸੰਗਤ ਗੁਰੂ ਘਰ ਦੇ ਲੰਗਰਾਂ ਲਈ ਅਨੁਮਾਨਤ ਬਜਟ ਤੋਂ ਵੱਧ ਦੇ ਰਹੀ ਹੋਵੇ। ਕਮੇਟੀ ਕਰੋੜਾਂ-ਅਰਬਾਂ ਰੁਪਏ ਗੁਰੂ ਕੀ ਗੋਲਕ ਵਿਚੋਂ ਖਰਚ ਕੇ ਸਰਕਾਰੀ ਮਿਆਰ ਤੋਂ ਉਪਰ ਦੇ ਵੱਧ ਪਾਏਦਾਰ ਸਿਖਿਆ, ਸਿਹਤ ਸੰਸਥਾਨ ਤੇ ਤਕਨੀਕੀ ਸੰਸਥਾਨ ਚਲਾ ਰਹੀ ਹੋਵੇ। ਸਾਲ ਦਾ ਕਰੋੜ ਰੁਪਏ ਗੁਰੂ ਦੀ ਗੋਲਕ ਵਿਚੋਂ ਸਿਆਸੀ ਮਾਲਕਾਂ ਦੇ ਕਿਸੇ ਚਹੇਤੇ ਚਾਰਟਰਡ ਅਕਾਊਂਟੈਂਟ ਨੂੰ ਦੇ ਰਹੀ ਹੋਵੇ ਤਾਂ ਉਸ ਨੂੰ ਸਰਕਾਰਾਂ ਸਾਹਮਣੇ ਮੰਗਤਾ ਬਨਣ ਦੀ ਕੀ ਜ਼ਰੂਰਤ ਹੈ? ਉਹ ਵੀ ਉਸ ਵੇਲੇ ਜਦੋਂ ਮੋਦੀ ਸਰਕਾਰ ਦੀ ਸੇਵਾ ਭੋਜ ਯੋਜਨਾ ਦਾ ਕਾਰਜਕਾਲ ਵੀ 2-3 ਸਾਲ ਹੀ ਹੋਵੇ। ਪੁਛਣਾ ਤਾਂ ਇਹ ਵੀ ਬਣਦਾ ਹੈ ਕਿ ਕੀ ਸ਼੍ਰੋਮਣੀ ਕਮੇਟੀ ਦੇ ਬਾਕੀ ਗੁਰਦੁਆਰਾ ਸਾਹਿਬ ਵਿਖੇ ਸਥਾਪਿਤ ਤੇ ਲਾਗੂ ਲੰਗਰ ਦੀ ਪਰੰਪਰਾ, ਮੋਦੀ ਦੀ ਬਖਸ਼ੀਸ਼ ਤੋਂ ਬਿਨ੍ਹਾਂ ਬੰਦ ਹੋ ਗਈ ਹੈ?

ਸ਼੍ਰੋਮਣੀ ਕਮੇਟੀ ਇਹ ਕਿਉਂ ਭੁੱਲ ਗਈ ਹੈ ਕਿ ਕਮੇਟੀ ਦੇ ਪ੍ਰਚਾਰਕ, ਕਥਾਵਾਚਕ ਤੇ ਤਖ਼ਤਾਂ ਦੇ ਜਥੇਦਾਰ ਵੀ ਜਦੋਂ ਲੰਗਰ ਦੀ ਗੱਲ ਕਰਦੇ ਹਨ ਤਾਂ ਗੋਇੰਦਵਾਲ ਸਾਹਿਬ ਦੇ ਗੁਰ-ਅਸਥਾਨ ਨੂੰ ਨਹੀਂ ਭੁੱਲਦੇ। ਜਦੋਂ ਇਹ ਵੀ ਦਾਅਵੇ ਸੁਨਣ ਵਿੱਚ ਆਏ ਹਨ ਕਿ ਜੀ.ਐਸ.ਟੀ. ਇੱਕਸਾਰ ਟੈਕਸ ਹੈ ਤਾਂ ਫਿਰ ਸ਼੍ਰੋਮਣੀ ਕਮੇਟੀ ਵੱਖ ਵੱਖ ਗੁਰਦੁਆਰਾ ਸਾਹਿਬ ਵਿਖੇ ਚਲ ਰਹੀ ਲੰਗਰ ਪਰੰਪਰਾ ਨਾਲ ਵਖਰੇਵਾਂ ਕਿਉਂ ਕਰ ਰਹੀ ਹੈ? ਜਾਣੇ ਅਨਜਾਣੇ ਵਿੱਚ ਕਿਉਂ ਝੁਠਲਾ ਰਹੀ ਹੈ ਗੋਇੰਦਵਾਲ ਸਾਹਿਬ ਵਿਖੇ ਸ਼ੁਰੂ ਕੀਤੀ ਲੰਗਰ ਦੀ ਪਰੰਪਰਾ ਨੂੰ ਜਿਥੇ ਪੰਗਤ ਵਿੱਚ ਬੈਠਣ ਦੇ ਗੁਰੂ ਹੁਕਮ ਨੂੰ ਉਸ ਵੇਲੇ ਦਾ ਬਾਦਸ਼ਾਹ ਅਕਬਰ ਨੇ ਵੀ ਸਿਰਮੱਥੇ ਪ੍ਰਵਾਨ ਕੀਤਾ।

### ਲੰਗਰ ਦਾ ਨਾਮ ਬਦਲਣਾ ਸਿਧਾਂਤ ਦੀ ਉਲੰਘਣਾ-

ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਜਨਰਲ ਸਕੱਤਰ ਅਤੇ ਬੁਲਾਰੇ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਧਾਰਮਿਕ ਥਾਵਾਂ 'ਤੇ ਲੰਗਰ ਉੱਤੇ ਜੀਐਸਟੀ ਬਦਲੇ 'ਸੇਵਾ ਭੋਜ ਯੋਜਨਾ' ਤਹਿਤ ਰਾਹਤ ਦਿੱਤੀ ਗਈ ਹੈ। ਇਸ ਆੜ ਵਿੱਚ ਗੁਰੂ ਸਾਹਿਬਾਨ ਵੱਲੋਂ ਚਲਾਏ ਗਏ ਲੰਗਰ ਨਾਂ ਦੇ ਸ਼ਬਦ ਦੀ ਬੇਅਦਬੀ ਕੀਤੀ ਗਈ ਹੈ। ਟਕਸਾਲੀ ਦਲ ਦੇ ਆਗੂ ਸ੍ਰੀ ਪੀਰਮੁਹੰਮਦ ਨੇ ਅਕਾਲੀ ਦਲ (ਬ) ਅਤੇ ਸ਼੍ਰੋਮਣੀ ਕਮੇਟੀ ਦੀ ਤਿੱਖੀ ਅਲੋਚਨਾ ਕਰਦਿਆਂ ਕਿਹਾ ਕਿ ਬਾਦਲ ਪਰਿਵਾਰ ਕੇਂਦਰ ਸਰਕਾਰ ਅਤੇ ਐਸਜੀਪੀਸੀ ਬਾਦਲਾਂ ਦੀ ਪਿੱਠੂ ਬਣ ਕੇ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਵਿੱਚ ਆਰਐੱਸਐੱਸ ਦਾ ਰਾਜ ਲਿਆਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕੁਰਸੀ ਦੀ ਲਾਲਸਾ ਵਿੱਚ ਅਕਾਲੀ ਹੁਣ ਗੁਰੂ ਸਾਹਿਬਾਨ ਵੱਲੋਂ ਚਲਾਏ ਗਏ ਲੰਗਰ ਨਾਮ ਦੇ ਪਵਿੱਤਰ ਸ਼ਬਦ ਨੂੰ ਸੇਵਾ ਭੋਜ ਯੋਜਨਾ ਵਿੱਚ ਤਬਦੀਲ ਕਰ ਚੁੱਕੇ ਹਨ।

# ਵਿਦੇਸ਼ਾਂ 'ਚ ਬੱਚੇ ਸੈੱਟ ਕਰਨ ਲਈ ਪੰਜਾਬੀਆਂ ਦੇ ਘਪਲੇ ਦਾ ਪਰਦਾਫਾਸ਼

**ਮੁੰਬਈ/ਏਟੀ ਨਿਊਜ਼ :** ਪੰਜਾਬ ਵਿੱਚ ਬੱਚੇ ਚੋਰੀ ਕਰ ਵਿਦੇਸ਼ਾਂ ਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵੇਚਣ ਵਾਲੇ ਗਰੋਹ ਦੇ ਮੁਖੀ ਨੂੰ ਮੁੰਬਈ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਮੁਤਾਬਕ ਉਕਤ ਕਾਰੋਬਾਰੀ ਪੰਜਾਬ ਤੇ ਹੋਰ ਖੇਤੀ ਪ੍ਰਧਾਨ ਸੂਬਿਆਂ ਵਿੱਚੋਂ ਬੱਚੇ ਚੋਰੀ ਕਰ ਯੂਰਪ ਤੇ ਫਰਾਂਸ ਵਿੱਚ ਵੇਚਣ ਵਾਲੇ ਮਨੁੱਖੀ ਤਸਕਰਾਂ ਦਰਮਿਆਨ ਇੱਕ ਮੁੱਖ ਕੜੀ ਸੀ। ਇਹ ਤਸਕਰ ਮਾਪਿਆਂ ਤੋਂ ਉਨ੍ਹਾਂ ਦੀ ਮਰਜ਼ੀ ਨਾਲ ਬੱਚੇ ਲਿਜਾਂਦੇ ਸਨ ਤੇ ਲੱਖਾਂ ਰੁਪਏ ਵੀ ਵਸੂਲਦੇ ਸਨ। ਉਕਤ ਗਰੋਹ ਬੱਚਿਆਂ ਨੂੰ ਵਿਦੇਸ਼ ਭੇਜਣ ਬਦਲੇ ਉਨ੍ਹਾਂ ਦੇ ਮਾਪਿਆਂ ਤੋਂ 10 ਲੱਖ ਰੁਪਏ ਵੀ ਵਸੂਲਦਾ ਸੀ। ਇਹ ਮਨੁੱਖੀ ਤਸਕਰ ਬੱਚਿਆਂ ਨੂੰ ਯੂਰਪ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਕਰਦੇ ਸਨ। ਬੱਚੇ ਜਦ 18 ਸਾਲ ਦੇ ਹੋ ਜਾਂਦੇ ਸਨ ਤਾਂ ਉੱਥੋਂ ਦੀ ਨਾਗਰਿਕਤਾ ਹਾਸਲ ਕਰਨ ਦੇ ਯੋਗ ਹੋ ਜਾਂਦੇ ਸਨ। ਬੱਚਿਆਂ ਨੂੰ ਵੱਖ-ਵੱਖ ਧਾਰਮਿਕ ਸਥਾਨਾਂ ਵਿੱਚ ਠਹਿਰਾਇਆ ਜਾਂਦਾ ਸੀ। ਪੁਲਿਸ ਮੁਤਾਬਕ ਉਕਤ ਕਾਰੋਬਾਰੀ ਨੇ ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਦੇ 20 ਤੋਂ 30 ਨਾਬਾਲਗਾਂ ਨੂੰ ਫਰਾਂਸ, ਜਰਮਨ, ਸਵਿਟਜ਼ਰਲੈਂਡ ਤੇ ਯੂਰਪ ਦੇ ਹੋਰਨਾਂ ਦੇਸ਼ਾਂ ਵਿੱਚ ਭੇਜ ਚੁੱਕਾ ਹੈ। ਮਾਮਲਾ ਉਦੋਂ ਰੌਸ਼ਨੀ ਵਿੱਚ ਆਇਆ ਜਦ ਸਾਲ 2017 ਵਿੱਚ ਇੱਕ ਔਰਤ ਸਮੇਤ ਤਿੰਨ ਵਿਅਕਤੀ ਈਥੋਪੀਅਨ ਏਅਰਲਾਈਨਜ਼ ਦੇ ਜਹਾਜ਼ ਵਿੱਚ ਚਾਰ ਨਾਬਾਲਗਾਂ ਸਮੇਤ ਚੜ੍ਹੇ ਸਨ। ਪ੍ਰਵਾਸ ਵਿਭਾਗ ਦੇ ਅਧਿਕਾਰੀਆਂ ਨੇ ਜਦੋਂ ਪੜਤਾਲ ਸ਼ੁਰੂ ਕੀਤੀ ਤਾਂ ਪਤਾ ਲੱਗਾ ਬੱਚਿਆਂ ਦੇ ਜਨਮ ਪ੍ਰਮਾਣ ਪੱਤਰ ਤੇ ਹੋਰ ਪਛਾਣ ਪੱਤਰ ਜਾਅਲੀ ਸਨ। ਇਸ ਤੋਂ ਬਾਅਦ ਮੁੰਬਈ ਪੁਲਿਸ ਨੇ ਮਾਮਲੇ ਦੀ ਪੈਰਵਾਈ ਕੀਤੀ ਅਤੇ ਹੁਣ ਇਸ ਦਾ ਗਰੋਹ ਦਾ ਮੁੱਖ ਸਰਗਨਾ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹਨਾਂ ਬੱਚਿਆਂ ਨੂੰ ਫ਼ਿਲਮ ਸ਼ੂਟਿੰਗ ਦੇ ਬਹਾਨੇ ਵਿਦੇਸ਼ਾਂ ਵਿਚ ਲਿਜਾਇਆ ਜਾਂਦਾ ਸੀ।

# ਕੈਨੇਡਾ 'ਚ ਸਿੱਧੂ ਮੂਸੇ ਆਲੇ ਦੇ ਗਾਉਣ 'ਤੇ ਲੱਗੀ ਪਾਬੰਦੀ

**ਸਰੀ/ਏਟੀ ਨਿਊਜ਼ :** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ, ਜਿਹੜਾ ਕਦੇ ਆਪਣੇ ਗੀਤਾਂ ਵਿਚਲੀ ਹਿੰਸਕ ਸ਼ਬਦਾਵਲੀ ਕਰਕੇ ਚਰਚਾ ਵਿਚ ਰਹਿੰਦਾ ਹੈ ਤੇ ਕਦੇ ਆਪਣੇ ਗੀਤ ਦੇ ਵੀਡੀਓ ਵਿਚ ਦਿਖਾਏ ਜਾਂਦੇ ਹਥਿਆਰਾਂ ਕਰਕੇ ਤੇ ਕਦੇ ਆਪਣੇ ਸ਼ੋਅ ਦੌਰਾਨ ਹੁੰਦੇ ਵਿਵਾਦ ਕਰਕੇ। ਹੁਣੇ ਜਿਹੇ ਹੀ ਕੈਨੇਡਾ ਦੇ ਮੈਟਰੋ ਵੈਨਕੂਵਰ ਵਿਚ ਕਰਵਾਏ ਜਾ ਰਹੇ ਫਾਈਵ ਐਕਸ ਫੈਸਟੀਵਲ ਵਿਚ ਗਾਇਕ ਸਿੱਧੂ ਮੂਸੇ ਆਲੇ ਨੇ ਗਾਉਣ ਆਉਣਾ ਸੀ ਪਰ ਸਰੀ ਦੀ ਪੁਲਿਸ ਨੇ ਉਸ ਨੂੰ "ਜਨਤਕ ਸੁਰੱਖਿਆ ਲਈ ਖਤਰਾ" ਦੱਸ ਕੇ ਗਾਉਣ ਤੋਂ ਮਨ੍ਹਾ ਕਰ ਦਿੱਤਾ ਹੈ। ਪੁਲਿਸ ਨੇ ਇਸ ਸਬੰਧੀ ਸਮਾਗਮ ਦੇ ਪ੍ਰਬੰਧਕ "ਵੈਨਕੂਵਰ ਇੰਟਰਨੈਸ਼ਨਲ ਭੰਗੜਾ ਕੰਪੀਟੀਸ਼ਨ" ਤੱਕ ਪਹੁੰਚ ਕੀਤੀ ਸੀ ਤੇ ਕਿਹਾ ਸੀ ਕਿ ਮੂਸੇਵਾਲਾ ਦੇ ਸ਼ੋਅ ਵਿਚ ਆਉਣ ਤੇ ਉਹ ਸ਼ੋਅ ਨਹੀਂ ਕਰਵਾਉਣ ਦੇਣਗੇ। ਅਖੀਰ ਸ਼ੋਅ ਵਾਲਿਆਂ ਵਲੋਂ ਮੂਸੇਵਾਲਾ ਦਾ ਨਾਮ ਗਾਇਕਾਂ ਦੀ ਲਿਸਟ 'ਚੋਂ ਕੱਢਣ ਮਗਰੋਂ ਪੁਲਿਸ ਸ਼ੋਅ ਲਈ ਰਾਜ਼ੀ ਹੋ ਗਈ। ਸਿਟੀ ਕੌਂਸਲਰ ਮਨਦੀਪ ਨਾਗਰਾ ਨੇ ਦੱਸਿਆ ਕਿ ਲੋਕਾਂ ਦੀ ਮੰਗ ਸੀ ਕਿ ਅਜਿਹੇ ਗਾਇਕਾਂ ਨੂੰ ਸਰੀ ਵਿਚ ਪ੍ਰੋਗਰਾਮ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ, ਇਸ ਲਈ ਸਿਟੀ ਪੁਲਿਸ ਨੇ ਪ੍ਰੋਗਰਾਮ ਦਾ ਪਰਮਿਟ ਦੇਣ ਤੋਂ ਹੀ ਮਨ੍ਹਾ ਕਰ ਦਿੱਤਾ ਸੀ ਕਿ ਪਰਮਿਟ ਤਾਂ ਮਿਲਣਾ, ਜੇ ਮੂਸੇ ਵਾਲੇ ਦਾ ਨਾਮ ਸੂਚੀ ਵਿਚੋਂ ਬਾਹਰ ਕੱਢੋਗੇ ਤੇ ਅਖੀਰ ਪ੍ਰਬੰਧਕ ਸਹਿਮਤ ਹੋ ਗਏ। ਜਿਸ ਮੂਸੇਵਾਲੇ ਦੇ ਗੀਤਾਂ ਨੇ ਪੰਜਾਬ ਦੀ ਜਵਾਨੀ ਨੂੰ ਗਲਤ ਰਾਹੇ ਪਾਉਣ ਵਿਚ ਆਪਣਾ ਯੋਗਦਾਨ ਪਾਇਆ, ਉਸ ਨੂੰ ਪੰਜਾਬੀ ਲੋਕ ਤਾਂ ਸਮਝ ਨਹੀਂ ਸਕੇ ਪਰ ਕਨੇਡਾ ਦੀ ਪੁਲਿਸ ਨੂੰ ਸਮਝ ਆ ਗਿਆ ਕਿ ਇਸ ਦੇ ਗੀਤ ਸਮਾਜ ਨੂੰ ਕਿੰਨਾ ਨੁਕਸਾਨ ਕਰ ਸਕਦੇ ਹਨ।



# ਯੂਕੇ ਦੇ ਸਿੱਖ ਪਾਕਿ ਨੂੰ ਦੇਣਗੇ 500 ਮਿਲੀਅਨ ਪੌਂਡ

**ਨਵੀਂ ਦਿੱਲੀ/ਏਟੀ ਨਿਊਜ਼ :** ਲੰਡਨ ਦਾ ਸਿੱਖ ਭਾਈਚਾਰਾ ਪੀਟਰ ਵਿਰਦੀ ਫਾਊਂਡੇਸ਼ਨ ਦੀ ਮਦਦ ਨਾਲ ਪਾਕਿਸਤਾਨ 'ਚ 500 ਮਿਲੀਅਨ ਪੌਂਡ ਦਾ ਨਿਵੇਸ਼ ਕਰਨ ਲਈ ਤਿਆਰ ਹਨ। ਇਹ ਨਿਵੇਸ਼ ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਕੌਰੀਡੋਰ ਲਈ ਕੀਤਾ ਜਾਵੇਗਾ। ਇੰਨੀ ਵੱਡੀ ਰਾਸ਼ੀ ਦਾ ਲੈਣ-ਦੇਣ ਸਾਹਮਣੇ ਆਉਂਦੇ ਹੀ ਖੁਫੀਆ ਏਜੰਸੀਆਂ ਚੌਕਸ ਹੋ ਗਈਆਂ ਹਨ ਕਿ ਕਿਤੇ ਇੰਨੀ ਵੱਡੀ ਰਕਮ ਗਲਤ ਲੋਕਾਂ ਦੇ ਹੱਥਾਂ ਵਿੱਚ ਨਾ ਚਲੀ ਜਾਵੇ। ਯੂਕੇ ਦੇ ਸਿੱਖਾਂ ਨੇ ਇਹ ਕਰਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਵਿਸ਼ੇਸ਼ ਸਹਾਇਕ ਤੇ ਪਾਕਿਸਤਾਨ ਸੈਰ ਸਪਾਟਾ ਬੋਰਡ ਦੇ ਚੇਅਰਮੈਨ ਸਈਅਦ ਜ਼ੁਲਫੀਕਾਰ ਬੁਖ਼ਾਰੀ ਨਾਲ ਲੰਡਨ ਵਿੱਚ 10 ਜੂਨ ਨੂੰ ਹੋਈ ਬੈਠਕ ਵਿੱਚ ਕੀਤਾ ਗਿਆ। ਸਿੱਖ ਫੈਡਰੇਸ਼ਨ ਦੇ ਸਕੱਤਰ ਗੁਰਜੀਤ ਦੇ ਮੁਤਾਬਕ ਸੈਂਟਰਲ ਗੁਰਦੁਆਰਾ (ਖ਼ਾਲਸਾ ਜਥਾ), ਲੰਡਨ, ਪੀਟਰ ਵਿਰਦੀ ਫਾਊਂਡੇਸ਼ਨ ਦੇ ਸਮਰਥਕ ਤੇ ਹੋਰਾਂ ਨੇ ਇਸ ਵਿੱਚ ਸਹਿਯੋਗ ਦਿੱਤਾ ਹੈ। ਗਲਿਆਰਾ ਪ੍ਰਾਜੈਕਟ ਲਈ ਹਾਲੇ ਤਕ ਭਾਰਤ ਵਾਲੇ ਪਾਸੇ ਜਾਰੀ ਪ੍ਰਾਜੈਕਟਾਂ ਲਈ ਕਿਸੇ ਵੀ ਵਿਦੇਸ਼ੀ ਸੰਸਥਾ ਨੇ ਅਜਿਹੀ ਰੁਚੀ ਨਹੀਂ ਦਿਖਾਈ ਹੈ।

# ਸਿੱਖਸ ਆਫ ਅਮਰੀਕਾ ਨੇ ਦਿੱਲੀ ਪੁਲਿਸ ਵਲੋਂ ਸਿੱਖ ਪਿਉ-ਪੁੱਤਰ ਨੂੰ ਕੁੱਟੇ ਜਾਣ ਦੀ ਕੀਤੀ ਸਖਤ ਨਿਖੇਧੀ

## ਪੁਲਿਸ ਖਿਲਾਫ ਸਖਤ ਕਾਰਵਾਈ ਕਰਨ ਦੀ ਕੀਤੀ ਮੰਗ

**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :** ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਵਲੋਂ ਇੱਕ ਹੰਗਾਮੀ ਮੀਟਿੰਗ ਬੁਲਾਈ ਗਈ, ਜਿਸ ਵਿੱਚ ਦਿੱਲੀ 'ਚ ਸਿੱਖ ਪਿਉ—ਪੁੱਤਰ 'ਤੇ ਪੁਲਿਸ ਵਲੋਂ ਢਾਹੇ ਕਹਿਰ ਦਾ ਸਖਤ ਨੋਟਿਸ ਲਿਆ ਗਿਆ। ਉਨ੍ਹਾਂ ਕਿਹਾ ਕਿ ਇਸ ਘਟਨਾ ਕਾਰਨ ਵਿਸ਼ੇਸ਼ ਕਰਕੇ ਵਿਦੇਸ਼ੀ ਸਿੱਖ ਸਖਤ ਨਾਰਾਜ਼ ਹਨ। ਦਿੱਲੀ ਪੁਲਿਸ ਵਲੋਂ ਸ਼ਰੇਆਮ ਡੰਡਿਆਂ ਨਾਲ ਪਿਉ-ਪੁੱਤਰ 'ਤੇ ਤਸ਼ੱਦਦ ਕੀਤਾ ਗਿਆ ਤੇ ਮੂੰਹ 'ਤੇ ਠੁੱਡੇ ਮਾਰੇ ਗਏ। ਇਸ ਦੀ ਵੀਡੀਓ ਪੂਰੇ ਸੰਸਾਰ ਵਿੱਚ ਵਾਇਰਲ ਹੋਈ ਹੈ। ਇਸ ਘਟਨਾ ਨੇ ਸਿੱਖਾਂ ਦੇ ਹਿਰਦਿਆਂ 'ਤੇ ਭਾਰੀ ਸੱਟ ਮਾਰੀ ਹੈ। ਉਨ੍ਹਾਂ ਲਿਖਤੀ ਰੂਪ ਵਿੱਚ ਭਾਰਤ ਦੇ ਹੋਮ ਮਨਿਸਟਰ ਅਮਿਤ ਸ਼ਾਹ ਅਤੇ ਬੀਜੇਪੀ. ਦੇ ਸਕੱਤਰ ਜਨਰਲ ਨੂੰ ਸਖਤ ਤੋਂ ਸਖਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜਿਹਾ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਜਿਸ ਤਰ੍ਹਾਂ ਪੁਲਿਸ ਨੇ ਨਿਹੱਥਿਆਂ ਨੂੰ ਜਾਨਵਰਾਂ ਵਾਂਗ ਕੁੱਟਿਆ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਤੁਰੰਤ ਕਾਰਵਾਈ ਨਾ ਕੀਤੀ ਗਈ ਤਾਂ ਇਸ ਦੇ ਨਤੀਜੇ ਭੈੜੇ ਨਿਕਲਣਗੇ। ਸਿੱਖਸ ਆਫ ਅਮਰੀਕਾ ਸੰਸਥਾ ਵਲੋਂ ਪਰਿਵਾਰ ਨਾਲ ਹਮਦਰਦੀ ਜਤਾਈ ਤੇ ਪੁਲਿਸ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ।



ਸਥਾਨਕ ਬੀਜੇਪੀ. ਉੱਪ ਪ੍ਰਧਾਨ ਅਡੱਪਾ ਪ੍ਰਸਾਦ ਨੂੰ ਵੀ ਕਿਹਾ ਹੈ ਕਿ ਉਹ ਤੁਰੰਤ ਫੋਨ ਰਾਹੀਂ ਪ੍ਰਧਾਨ ਮੰਤਰੀ ਨਾਲ ਰਾਬਤਾ ਕਾਇਮ ਕਰਕੇ ਇਸ ਮਸਲੇ ਦਾ ਹੱਲ ਕਰਵਾਉਣ। ਜੇਕਰ ਕਾਰਵਾਈ ਨਾ ਕੀਤੀ ਤਾਂ ਪੂਰੇ ਸੰਸਾਰ ਵਿੱਚ ਅੰਬੈਸੀਆਂ ਦੇ ਸਾਹਮਣੇ ਮੁਜ਼ਾਹਰੇ ਕੀਤੇ ਜਾਣਗੇ। ਖਬਰ ਲਿਖਣ ਤਕ ਪਤਾ ਚੱਲਿਆ ਹੈ ਕਿ ਅੰਬੈਸੀ ਵਲੋਂ ਅਡੱਪਾ ਪ੍ਰਸਾਦ ਵਲੋਂ ਕੇਂਦਰ ਸਰਕਾਰ ਨੂੰ ਵਿਦੇਸ਼ੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਹੈ।

# ਗੁਰਦੁਆਰਿਆਂ 'ਚ ਵਰਤੇ ਜਾਂਦੇ ਪਾਣੀ ਨੂੰ ਰਿਚਾਰਜ ਕੀਤਾ ਜਾਵੇ

**ਅੰਮ੍ਰਿਤਸਰ/ਏਟੀ ਨਿਊਜ਼ :** ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾਣ ਤੋਂ ਰੋਕਣ ਲਈ ਸਿੱਖ ਜਥੇਬੰਦੀ ਨੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦਿੱਤਾ ਹੈ ਕਿ ਗੁਰਦੁਆਰਿਆਂ ਵਿੱਚ ਵਰਤੇ ਜਾਂਦੇ ਪਾਣੀ ਨੂੰ ਮੁੜ ਵਰਤੋਂ ਵਿੱਚ ਲਿਆਉਣ ਜਾਂ ਇਸ ਨੂੰ ਰਿਚਾਰਜ ਕਰਨ ਦੀ ਸ਼ੁਰੂਆਤ ਦਰਬਾਰ ਸਾਹਿਬ ਤੋਂ ਕੀਤੀ ਜਾਵੇ।

ਇਸ ਸਬੰਧ ਵਿੱਚ ਗੁਰੂ ਨਾਨਕ ਦੇਵ ਜੀ ਗੁਰਪੁਰਬ ਕਮੇਟੀ ਵੱਲੋਂ ਪਾਣੀ ਦੀ ਮੁੜ ਵਰਤੋਂ ਸਬੰਧੀ ਸੇਵਾ ਸੌਂਪਣ ਦੀ ਵੀ ਪੇਸ਼ਕਸ਼ ਕੀਤੀ ਗਈ ਹੈ। ਇਸ ਜਥੇਬੰਦੀ ਨੇ ਹੁਣ ਸ਼੍ਰੋਮਣੀ ਕਮੇਟੀ ਨੂੰ ਪੇਸ਼ਕਸ਼ ਕੀਤੀ ਹੈ ਕਿ ਹਰਿਮੰਦਰ ਸਾਹਿਬ ਵਿਖੇ ਆਉਂਦੇ ਸ਼ਰਧਾਲੂਆਂ ਦੇ ਪੈਰ ਧੋਣ ਲਈ ਵਰਤੇ ਜਾਂਦੇ ਪਾਣੀ ਦੀ ਮੁੜ ਵਰਤੋਂ ਕਰਨ ਦੀ ਸੇਵਾ ਉਨ੍ਹਾਂ ਨੂੰ ਸੌਂਪੀ ਜਾਵੇ। ਹੁਣੇ ਜਿਹੇ ਇਜ਼ਰਾਈਲ ਦੀ ਨੈਸ਼ਨਲ ਵਾਟਰ ਕਮਿਸ਼ਨ ਦੀ ਇਕ ਟੀਮ ਨੇ ਵੀ ਦਰਬਾਰ ਸਾਹਿਬ ਦਾ ਦੌਰਾ ਕੀਤਾ ਸੀ। ਇਸ ਟੀਮ ਨੇ ਲੰਗਰ ਘਰ ਵਿੱਚ ਵਰਤੇ ਜਾਂਦੇ ਪਾਣੀ ਨੂੰ ਮੁੜ ਵਰਤੋਂ ਵਿੱਚ ਲਿਆਉਣ ਦਾ ਸੁਝਾਅ ਵੀ ਦਿੱਤਾ ਸੀ। ਦਰਬਾਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਨੇ ਗੁਰੂ ਨਾਨਕ ਗੁਰਪੁਰਬ ਕਮੇਟੀ ਵੱਲੋਂ ਦਿੱਤੇ ਸੁਝਾਅ ਨੂੰ ਪ੍ਰਵਾਨ ਕੀਤਾ ਹੈ ਅਤੇ ਕਮੇਟੀ ਆਗੂ ਨੂੰ ਇਸ ਸਬੰਧੀ ਪ੍ਰਸਤਾਵ ਬਣਾਉਣ ਲਈ ਕਿਹਾ ਹੈ।

### ਮਾਮਲਾ ਖਾਲਿਸਤਾਨ ਅੰਦੋਲਨ ਦੌਰਾਨ ਸੁਰੱਖਿਆ ਬਲਾਂ ਦੀਆਂ ਜ਼ਿਆਦਤੀਆਂ ਦਾ

# ਲਾਵਾਰਸ ਲਾਸ਼ਾਂ ਲਈ ਸੁਪਰੀਮ ਕੋਰਟ ਦੀ ਅਗਵਾਈ 'ਚ ਕਮਿਸ਼ਨ ਸਥਾਪਿਤ ਹੋਵੇ

- **ਭਾਜਪਾ ਅਕਾਲੀ ਗੱਠਜੋੜ ਤੇ ਕਾਂਗਰਸ ਦੋਨਾਂ ਨੇ ਇਨਸਾਫ਼ ਨਹੀਂ ਦਿੱਤਾ**
- **ਮਨੁੱਖੀ ਅਧਿਕਾਰ ਕਾਰਕੁੰਨ ਸਤਨਾਮ ਸਿੰਘ ਬੈਂਸ ਨੇ ਕੀਤਾ ਖੁਲਾਸਾ**
- **ਕਈ ਸਿੱਖਾਂ ਨੂੰ ਲਾਵਾਰਸ ਲਾਸ਼ਾਂ ਬਣਾਇਆ ਗਿਆ, ਪਰਿਵਾਰਾਂ ਨੂੰ ਇਨਸਾਫ਼ ਨਹੀਂ ਦਿੱਤਾ ਗਿਆ**
- **ਕਈ ਲਾਪਤਾ ਕੀਤੇ ਪਰਿਵਾਰਾਂ ਦੇ ਮੈਂਬਰ ਹਾਲੇ ਤੱਕ ਘਰਾਂ ਨੂੰ ਨਹੀਂ ਮੁੜੇ**
- **ਹਾਲੇ ਲਾਵਾਰਸ ਲਾਸ਼ਾਂ ਬਾਰੇ ਬਹੁਤ ਸਾਰਾ ਕੰਮ ਕਰਨਾ ਬਾਕੀ**

***ਵਿਸ਼ੇਸ਼ ਗੱਲਬਾਤ***

ਸਤਨਾਮ ਸਿੰਘ ਬੈਂਸ ਬ੍ਰਿਟੇਨ ਵਿਚ ਵਕੀਲ ਤੇ ਮਨੁੱਖੀ ਅਧਿਕਾਰ ਸੰਗਠਨ ਦੇ ਮੈਂਬਰ ਹਨ। ਉਹ ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ ਪ੍ਰੋਜੈਕਟ (ਪੀਡੀਏਪੀ) 'ਤੇ ਕੰਮ ਕਰ ਰਹੇ ਹਨ। ਇਹ ਇਕ ਸਿਵਲ ਸੁਸਾਇਟੀ ਗਰੁੱਪ ਹੈ, ਜਿਸ ਦੀ ਸ਼ੁਰੂਆਤ 2008 ਵਿਚ ਹੋਈ ਸੀ। ਇਹ ਸੰਗਠਨ ਸੰਨ 1980 ਤੇ 1990 ਦੇ ਦਹਾਕਿਆਂ ਦੌਰਾਨ ਪੁਲੀਸ ਤੇ ਸੁਰੱਖਿਆ ਬਲਾਂ ਦੁਆਰਾ ਮਾਰੇ ਗਏ ਤੇ ਲਾਪਤਾ ਕੀਤੇ ਗਏ ਲੋਕਾਂ 'ਤੇ ਦਸਤਾਵੇਜ਼ ਤਿਆਰ ਕਰ ਰਿਹਾ ਹੈ। ਇਹਨਾਂ ਦਹਾਕਿਆਂ ਵਿਚ ਜਿਵੇਂ ਹੀ ਖਾਲਿਸਤਾਨ ਅੰਦੋਲਨ ਨੇ ਜ਼ੋਰ ਫੜਿਆ ਤਾਂ ਸਰਕਾਰੀ ਹਿੰਸਾ ਦਾ ਦੌਰ ਵੀ ਚਲ ਪਿਆ। ਇਸ ਦੌਰਾਨ ਮਨੁੱਖੀ ਅਧਿਕਾਰਾਂ ਦਾ ਵੱਡੇ ਪੱਧਰ 'ਤੇ ਘਾਣ ਹੋਇਆ। ਸਰਕਾਰੀ ਦਹਿਸ਼ਤਗਰਦੀ ਦਾ ਯਥਾਰਥ ਹੌਲੀ ਹੌਲੀ ਲੋਕਾਂ ਸਾਹਮਣੇ ਆ ਰਿਹਾ ਹੈ। ਇਕ ਨਵੀਂ ਡਾਕੂਮੈਂਟਰੀ ਫ਼ਿਲਮ ਪੰਜਾਬ ਡਿਸਅਪੀਅਰਡ 1983-85 ਦੌਰਾਨ ਬਣਾਈ ਗਈ ਸੀ। ਇਸ ਵਿਚ ਖਾੜਕੂਵਾਦ ਵਿਰੋਧੀ ਮੁਹਿੰਮਾਂ ਦੌਰਾਨ ਗਾਇਬ ਕੀਤੇ ਹਜ਼ਾਰਾਂ ਪੰਜਾਬੀਆਂ ਦੇ ਮਾਮਲਿਆਂ ਬਾਰੇ ਪੀਡੀਏਪੀ ਵਲੋਂ ਕੀਤੀ ਜਾਂਚ ਬਾਰੇ ਦੱਸਿਆ ਗਿਆ ਹੈ। ਇਸ ਫ਼ਿਲਮ ਵਿਚ ਦਿਖਾਇਆ ਹੈ ਕਿ ਕਿਵੇਂ ਪੰਜਾਬ ਸੰਤਾਪ ਦੌਰਾਨ ਪੁਲੀਸ ਦੁਆਰਾ ਗੈਰ ਕਾਨੂੰਨੀ ਤੌਰ 'ਤੇ ਸਿੱਖਾਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ ਸਨ ਤੇ ਲਾਵਾਰਸ ਕਹਿ ਕੇ ਸਮੂਹਿਕ ਤੌਰ 'ਤੇ ਲਾਸ਼ਾਂ ਸਾੜੀਆਂ ਗਈਆਂ ਸਨ। ਇਸ ਕਾਂਡ ਬਾਰੇ ਨਵੇਂ ਸਬੂਤ ਪੇਸ਼ ਕੀਤੇ ਗਏ ਸਨ। ਇਹ ਫਿਲਮ ਤਕਰੀਬਨ 17 ਮਿੰਟ ਦੀ ਸੀ, ਜੋ ਕਿ 26 ਅਪ੍ਰੈਲ 2019 ਦੌਰਾਨ ਦਿੱਲੀ ਦੇ ਜਵਾਹਰ ਭਵਨ ਵਿਚ ਦਿਖਾਈ ਗਈ ਸੀ।

ਮਨੁੱਖੀ ਅਧਿਕਾਰਾਂ ਦੇ ਆਗੂ ਸਤਨਾਮ ਸਿੰਘ ਬੈਂਸ ਦਾ ਕਹਿਣੈ ਹੈ ਕਿ ਸਾਡੇ ਵਲੋਂ ਇਕੱਠੇ ਕੀਤੇ ਗਏ ਸਬੂਤਾਂ ਤੇ ਦਸਤਾਵੇਜ਼ਾਂ ਨੇ ਪੀੜਤਾਂ ਤੇ ਉਹਨਾਂ ਦੇ ਪਰਿਵਾਰਾਂ ਲਈ ਨਵੀਆਂ ਉਮੀਦਾਂ ਜਗਾਈਆਂ ਹਨ। ਅਸੀਂ ਸੈਂਕੜੇ ਪੀੜਤ ਪਰਿਵਾਰਾਂ ਦੀ ਪਹਿਚਾਣ ਕਰਕੇ ਉਹਨਾਂ ਨੂੰ ਇਨਸਾਫ਼ ਦਿਵਾਉਣ ਲਈ ਦੋਸ਼ੀ ਪੁਲੀਸ ਅਧਿਕਾਰੀਆਂ ਵਿਰੁਧ ਕਾਨੂੰਨੀ ਕਾਰਵਾਈ ਦੀ ਸ਼ੁਰੂਆਤ ਕਰ ਚੁੱਕੇ ਹਾਂ। ਅਸੀਂ 32 ਨਗਰ ਪਾਲਿਕਾਵਾਂ, ਨਗਰ ਨਿਗਮਾਂ ਤੇ 52 ਸ਼ਮਸ਼ਾਨਘਾਟਾਂ ਦੇ ਰਿਕਾਰਡ ਦੀ ਜਾਂਚ ਕੀਤੀ ਹੈ, ਜਿਸ ਤੋਂ ਪਤਾ ਚੱਲਿਆ ਹੈ ਕਿ ਪੰਜਾਬ ਦੇ 22 ਵਿਚੋਂ 15 ਜ਼ਿਲ੍ਹਿਆਂ ਵਿਚ 6224 ਲਾਸ਼ਾਂ ਨੂੰ ਲਾਵਾਰਸ ਕਹਿ ਕੇ ਅੰਤਮ ਸਸਕਾਰ ਕੀਤਾ ਗਿਆ ਸੀ। ਹਾਲਾਂਕਿ ਉਸ ਸਮੇਂ ਕਈ ਰਿਕਾਰਡ ਅਧੂਰੇ ਹਨ, ਜਿਸ ਨੂੰ ਅਸੀਂ ਗਾਇਬ ਹੋਏ ਆਦਮੀ ਦੇ ਰਿਕਾਰਡ ਦੇ ਨਾਲ ਮਿਲਾ ਕੇ ਦੇਖ ਸਕਦੇ ਹਾਂ।

ਸਤਨਾਮ ਸਿੰਘ ਬੈਂਸ ਦਾ ਮੰਨਣਾ ਹੈ ਕਿ ਪੀਡੀਏਪੀ ਨੇ ਗਾਇਬ ਹੋਏ ਤੇ ਗ਼ੈਰ ਕਾਨੂੰਨੀ ਤੌਰ 'ਤੇ ਅੰਤਮ ਸਸਕਾਰ ਦੇ 8257 ਮਾਮਲਿਆਂ ਦੀ ਜਾਂਚ ਕੀਤੀ ਹੈ। ਇਸ ਜਾਂਚ ਦੌਰਾਨ ਅਸੀਂ ਖਾੜਕੂਵਾਦ ਦੇ ਦੌਰਾਨ ਸੁਰੱਖਿਆ ਬਲਾਂ ਦੁਆਰਾ ਹਿਰਾਸਤ ਵਿਚ ਲਏ ਗਏ ਹਜ਼ਾਰਾਂ ਲੋਕਾਂ ਦੇ ਗ਼ੈਰ ਕਾਨੂੰਨੀ ਅੰਤਮ ਸਸਕਾਰ ਤੇ ਸਮੂਹਿਕ ਹੱਤਿਆਵਾਂ ਦੇ ਸਬੂਤ ਇਕੱਠੇ ਕੀਤੇ ਹਨ।



ਪੀਡੀਏਪੀ ਨੇ ਕਥਿਤ ਪੁਲੀਸ ਮੁਕਾਬਲਿਆਂ ਦੀ 2300 ਐਫਆਈਆਰ ਸਮੇਤ ਅਧਿਕਾਰਕ ਅੰਕੜਿਆਂ ਨੂੰ ਇਕੱਠਾ ਕੀਤਾ ਹੈ, ਜਿਸ ਵਿਚ ਲਾਵਾਰਸ ਕਹਿ ਕੇ ਅੰਤਿਮ ਸਸਕਾਰ ਕੀਤੇ ਗਏ। ਲੋਕਾਂ ਦੀ ਪਛਾਣ ਸਮੇਤ ਹੋਰ ਕਈ ਸਬੂਤ ਇਕੱਠੇ ਕੀਤੇ ਗਏ। ਹਾਲਾਂਕਿ ਸਾਡਾ ਮੰਨਣਾ ਹੈ ਕਿ ਇਹਨਾਂ ਜ਼ਿਲ੍ਹਿਆਂ ਵਿਚ ਹੋਈਆਂ ਹੱਤਿਆਵਾਂ ਦਾ ਕੇਵਲ 30% ਹਿੱਸਾ ਹੈ। ਸਾਡੇ ਕੋਲ ਕਿਸੇ ਵੀ ਜ਼ਿਲ੍ਹੇ ਦੇ ਪੂਰੇ ਅੰਕੜੇ ਨਹੀਂ ਹਨ। ਅਜਿਹੇ ਸੱਤ ਜ਼ਿਲ੍ਹੇ ਹਨ ਜਿਨ੍ਹਾਂ ਦੇ ਰਿਕਾਰਡ ਨਹੀਂ ਮਿਲੇ।

ਪੁਲੀਸ ਦੁਆਰਾ ਭਾਰੀ ਮਾਤਰਾ ਵਿਚ ਫੌਜ ਤਾਇਨਾਤ ਕੀਤੀ ਸੀ, ਜਿਸ ਵਿਚ ਸੀਆਰਪੀਐਫ ਤੇ ਬੀਐਸਐਫ ਦਾ ਸਹਿਯੋਗ ਹਾਸਲ ਸੀ। ਇਹ ਤਾਇਨਾਤੀ 1983 ਤੋਂ 85 ਦੇ ਵਿਚਾਲੇ ਅਲੱਗ ਅਲੱਗ ਖਾੜਕੂਵਾਦ ਵਿਰੋਧੀ ਮੁਹਿੰਮਾਂ, ਅਪ੍ਰੇਸ਼ਨ ਬਲਿਊ ਸਟਾਰ, ਅਪ੍ਰੇਸ਼ਨ ਵੁੱਡਰੋਜ਼, ਅਪ੍ਰੇਸ਼ਨ ਰੱਖਿਅਕ ਇਕ ਤੇ ਦੋ, ਅਪਰੇਸ਼ਨ ਨਾਈਟ ਡੋਮੀਨੇਸ ਆਦਿ ਦੇ ਨਾਮ 'ਤੇ ਕੀਤੀ ਗਈ।

ਸੁਰੱਖਿਆ ਬਲਾਂ ਨੂੰ ਵਿਸ਼ੇਸ਼ ਸ਼ਕਤੀਆਂ ਅਫਸਫਾ, ਟਾਡਾ, ਪੋਟਾ ਐਕਟ ਦੇ ਅਧੀਨ ਦਿੱਤੀਆਂ ਗਈਆਂ। ਇਹਨਾਂ ਕਾਲੇ ਕਾਨੂੰਨਾਂ ਦੇ ਅੰਤਰਗਤ 1991 ਦੇ ਬਾਅਦ ਲੋਕਾਂ ਨੂੰ ਗਾਇਬ ਕਰਨ ਦੀ ਘਟਨਾਵਾਂ ਵਧਦੀਆਂ ਗਈਆਂ ਤੇ 1995 ਦੇ ਦੌਰਾਨ ਮਨੁੱਖੀ ਅਧਿਕਾਰ ਸੰਗਠਨ ਜਸਵੰਤ ਸਿੰਘ ਖਾਲੜਾ ਦੇ ਗਾਇਬ ਹੋਣ ਦੇ ਬਾਅਦ ਇਸ 'ਤੇ ਰੋਕ ਲੱਗੀ।

ਨਵੇਂ ਸਬੂਤਾਂ ਤੇ ਦਸਤਾਵੇਜ਼ਾਂ ਨੇ ਪੀੜਤਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਨਵੀਆਂ ਉਮੀਦਾਂ ਦਿੱਤੀਆਂ ਹਨ। ਸਭ ਤੋਂ ਪਹਿਲਾਂ ਇਹਨਾਂ ਦੀ ਮਦਦ ਵਿਚ ਸੈਂਕੜੇ ਪੀੜਤਾਂ ਦੀ ਪੂਰੀ ਪਛਾਣ ਹੋ ਸਕਦੀ ਹੈ ਤੇ ਉਹਨਾਂ ਦੇ ਪੁਨਰਵਾਸ ਤੇ ਦੋਸ਼ੀਆਂ ਦੇ ਖਿਲਾਫ਼ ਕੇਸ ਚਲਾਉਣ ਦਾ ਰਾਹ ਖੁੱਲ੍ਹਿਆ ਹੈ। ਰਾਸ਼ਟਰੀ ਮਨੁੱਖੀ ਅਧਿਕਾਰ ਉਦਯੋਗ ਤੇ ਸੁਪਰੀਮ ਕੋਰਟ ਨੇ ਇਕ ਸੀਮਤ ਪੁਛਗਿੱਛ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ 20 67 ਮਾਮਲਿਆਂ ਵਿਚ 1527 ਮਾਮਲਿਆਂ ਦੀ ਪਛਾਣ ਕੀਤੀ ਗਈ। ਇਹਨਾਂ ਮਾਮਲਿਆਂ ਨੂੰ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਜਸਵੰਤ ਸਿੰਘ ਖਾਲੜਾ ਸਾਹਮਣੇ ਲਿਆਏ ਸਨ। ਸਾਡਾ ਕੰਮ ਪੰਜਾਬ ਦੇ 22 ਜ਼ਿਲ੍ਹਿਆਂ ਵਿਚੋਂ 14 ਜ਼ਿਲ੍ਹਿਆਂ ਵਿਚ ਹੋਈ ਕਈ ਰਹੱਸਮਈ ਅੰਤਮ ਸਸਕਾਰ ਦੇ ਬਾਰੇ ਵਿਚ ਜਾਂਚ ਕਰਨਾ ਹੈ। ਅਸੀਂ ਅੰਤਮ ਸਸਕਾਰ ਦੇ ਰਿਕਾਰਡ ਤੋਂ ਇਲਾਵਾ ਸਹਾਇਕ ਸਬੂਤ ਵੀ ਇਕੱਠੇ ਕੀਤੇ ਹਨ। ਤੁਹਾਨੂੰ ਯਾਦ ਹੋਵੇਗਾ ਕਿ ਉਸ ਸਮੇਂ ਆਰ ਟੀ ਆਈ ਨਹੀਂ ਹੁੰਦਾ ਸੀ, ਪਰ ਇਸ ਦੇ ਬਾਵਜੂਦ ਅਮਰ ਸ਼ਹੀਦ ਜਸਵੰਤ ਸਿੰਘ ਖਾਲੜੇ ਦਾ ਕੰਮ ਮਹੱਤਵਪੂਰਨ ਸੀ। ਇਹ ਕੰਮ ਵਿਕੀਲੀਕਸ ਦੇ ਬਰਾਬਰ ਹੈ। ਉਹਨਾਂ ਨੇ ਸਥਾਨਕ ਨਗਰ ਪਾਲਿਕਾ ਤੋਂ ਇਹਨਾਂ ਲਕੜੀਆਂ ਦੀ ਰਸੀਦ ਦੀ ਜਾਣਕਾਰੀ ਹਾਸਲ ਕੀਤੀ, ਜਿਨ੍ਹਾਂ ਨੂੰ ਅਣਪਛਾਤੀਆਂ ਲਾਵਾਰਸ ਲਾਸ਼ਾਂ ਦੇ ਸਸਕਾਰ ਦੇ ਲਈ ਖਰੀਦਿਆ ਗਿਆ ਸੀ। ਇਸ ਤੋਂ ਪਤਾ ਚੱਲਦਾ ਹੈ ਕਿ ਸਟੇਟ ਨੇ ਸਿੱਖਾਂ ਦੇ ਉੱਪਰ ਭਾਰੀ ਅੱਤਿਆਚਾਰ ਕੀਤਾ ਸੀ। ਕਸ਼ਮੀਰ ਵਿਚ ਕਬਰਾਂ ਤੋਂ ਅਜਿਹੀਆਂ ਲਾਸ਼ਾਂ ਮਿਲੀਆਂ ਹਨ। ਮਨੀਪੁਰ ਵਿਚ ਵੀ ਅਜਿਹੀਆਂ ਗ਼ੈਰ ਕਾਨੂੰਨੀ ਹੱਤਿਆਵਾਂ ਹੋਈਆਂ ਹਨ। ਇਸ ਨੂੰ ਅਸੀਂ ਸਰਕਾਰੀ ਦਹਿਸ਼ਤਗਰਦੀ ਦਾ ਨਾਮ ਦੇ ਸਕਦੇ ਹਾਂ। ਸੁਪਰੀਮ ਕੋਰਟ ਵਿਚ ਹੁਣ ਵੀ ਮਨੀਪੁਰ ਵਿਖੇ 1528 ਗੈਰ ਨਿਆਂਇਕ ਹੱਤਿਆਵਾਂ ਦਾ ਕੇਸ ਪੈਂਡਿੰਗ ਹੈ। ਪੰਜਾਬ ਵਿਚ ਵੀ ਅਜਿਹਾ ਵਾਪਰਿਆ ਜਦ ਪੰਜਾਬ ਡਿਸਟਰਬ ਏਰੀਆਜ਼ ਐਕਟ ਤੇ ਪੰਜਾਬ ਆਰਮ ਫੋਰਸ ਸਪੈਸ਼ਲ ਪਾਵਰ ਐਕਟ ਲਾਗੂ ਸੀ। ਜਦ ਨਾਗਰਿਕਾਂ ਦੇ ਮੌਲਿਕ ਅਧਿਕਾਰ ਖਤਮ ਕਰ ਦਿੱਤੇ ਗਏ ਤੇ ਕਾਲੇ ਕਾਨੂੰਨ ਲਾਗੂ ਕਰ ਦਿੱਤੇ ਗਏ। ਸਰਕਾਰੀ ਤੌਰ 'ਤੇ ਦਹਿਸ਼ਤਗਰਦੀ ਅਧੀਨ ਲੋਕਾਂ ਦਾ ਕਤਲੇਆਮ ਕੀਤਾ ਗਿਆ। 22 ਵਿਚੋਂ 14 ਜ਼ਿਲ੍ਹੇ ਪੰਜਾਬ ਦਾ ਦੋ ਤਿਹਾਈ ਹਿੱਸਾ ਹੈ। ਇਹਨਾਂ ਇਲਾਕਿਆਂ ਵਿਚ ਅਜੇ ਬਹੁਤ ਸਾਰਾ ਅਜਿਹਾ ਹੈ, ਜਿਨ੍ਹਾਂ ਦੇ ਦਸਤਾਵੇਜ਼ ਦੀ ਜ਼ਰੂਰਤ ਹੈ।

ਪੰਜਾਬ ਦੇ ਮਾਝੇ ਇਲਾਕੇ ਵਿਚ ਹੱਤਿਆਵਾਂ ਦਾ ਜ਼ੋਰ ਸੀ, ਪਰ ਹਰ ਜ਼ਿਲ੍ਹੇ ਵਿਚ ਅਜਿਹੀਆਂ ਘਟਨਾਵਾਂ ਹੋਈਆਂ, ਤਦ ਵੀ ਸਮਾਂ ਬੀਤਣ ਤੇ ਜਨਸੰਖਿਆ ਪਰਿਵਰਤਨ ਦੇ ਕਾਰਨ ਕੰਮ ਪੂਰਾ ਨਹੀਂ ਹੁੰਦਾ। ਸਾਡੇ ਕੋਲ ਅਜਿਹੇ ਮਾਮਲੇ ਵੀ ਰਿਕਾਰਡਿਡ ਹਨ, ਜਿੱਥੇ ਪੰਜਾਬ ਦੇ ਪੁਲੀਸ ਕਰਮਚਾਰੀ ਐਨਕਾਊਂਟਰ ਹੱਤਿਆ ਕਰਨ ਦੇ ਲਈ ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ, ਪੱਛਮ ਬੰਗਾਲ ਤੇ ਮੁੰਬਈ ਗਏ। ਇਸ ਲਈ ਅਸੀਂ ਪੰਜਾਬ ਵਿਚ ਸੁਪਰੀਮ ਕੋਰਟ ਦੇ ਨਿਗਰਾਨੀ ਵਿਚ ਗੁੰਮਸ਼ੁਦਾ ਵਿਅਕਤੀਆਂ ਨੂੰ ਇਨਸਾਫ਼ ਦਿਵਾਉਣ ਲਈ ਕਮਿਸ਼ਨ ਦੀ ਮੰਗ ਕਰ ਰਹੇ ਹਾਂ ਤਾਂ ਜੋ ਗੁੰਮ ਹੋਏ ਲੋਕਾਂ ਦੀ ਪਛਾਣ ਹੋਵੇ ਤੇ ਪੀੜਤਾਂ ਦਾ ਪੁਨਰਵਾਸ ਹੋ ਸਕੇ।

ਸਾਨੂੰ ਉਮੀਦ ਹੈ ਕਿ ਇਸ ਮਾਮਲੇ ਨੂੰ ਫਾਈਲ ਕਰਨ ਦੇ ਬਾਅਦ ਜਿਹਨਾਂ ਲੋਕਾਂ ਤੱਕ ਅਸੀਂ ਪਹੁੰਚ ਨਹੀਂ ਸਕੇ ਉਹਨਾਂ ਨੂੰ ਅੱਗੇ ਆਉਣ ਦਾ ਮੌਕਾ ਮਿਲੇਗਾ। ਅਜਿਹੇ ਸੈਂਕੜੇ ਮਾਮਲੇ ਹਨ, ਪਰ ਇਕ ਅਜਿਹਾ ਰੂਹ ਕੰਬਾਉਣ ਵਾਲਾ ਮਾਮਲਾ ਨਸ਼ੇ ਵਿਚ ਗੜੁੱਚ ਐਸ ਐਚ ਓ ਦਾ ਹੈ, ਉਸ ਨੇ ਸੀਨੀਅਰ ਸੁਪਰਡੈਂਟ ਆਫ ਪੁਲੀਸ ਤੋਂ ਪੁਲੀਸ ਹਿਰਾਸਤ ਵਿਚ ਲਏ ਗਏ ਲੋਕਾਂ ਦਾ ਪੁਲੀਸ ਮੁਕਾਬਲਾ ਬਣਾਉਣ ਦਾ ਹੁਕਮ ਮਿਲਿਆ। ਪੁਲੀਸ ਦੀ ਹਿਰਾਸਤ ਵਿਚ ਉਸ ਵਕਤ ਪੰਜ ਲੋਕ ਸਨ, ਜਿਨ੍ਹਾਂ ਵਿਚ ਤਿੰਨ ਜੇਬ ਕਤਰੇ ਤੇ ਦੋ ਖਾੜਕੂ ਸਨ। ਨਸ਼ੇ ਦੀ ਹਾਲਤ ਵਿਚ ਐਸ ਐਚ ਓ ਐਸ ਐਸ ਪੀ ਨੂੰ ਇਹ ਪੁਛਣਾ ਭੁੱਲ ਗਿਆ ਕਿ ਹਿਰਾਸਤ ਵਿਚ ਲਏ ਗਏ ਕਿਸ ਵਿਅਕਤੀ ਦਾ ਮੁਕਾਬਲਾ ਬਣਾਉਣਾ ਹੈ। ਆਪਣੇ ਸੀਨੀਅਰ ਅਧਿਕਾਰੀ ਦਾ ਗੁੱਸਾ ਝੱਲਣ ਤੋਂ ਬਚਣ ਲਈ ਐਸ ਐਚ ਓ ਨੇ ਹਿਰਾਸਤ ਵਿਚ ਬੰਦ ਜੇਬ ਕਤਰਿਆਂ ਸਮੇਤ ਪੰਜ ਲੋਕਾਂ ਨੂੰ ਪੁਲੀਸ ਮੁਕਾਬਲਾ ਬਣਾ ਕੇ ਮਾਰ ਦਿੱਤਾ।

ਇਕ ਦੂਸਰੇ ਮਾਮਲੇ ਵਿਚ ਪੁਲੀਸ ਨੇ ਬੱਸ ਵਿਚ ਆਪਣੀ ਮਾਂ ਨਾਲ ਜਾ ਰਹੇ ਬਲਵਿੰਦਰ ਸਿੰਘ ਨਾਮ ਦੇ ਨੌਜਵਾਨ ਨੂੰ ਹੇਠਾਂ ਉਤਾਰ ਲਿਆ। ਪੁਲੀਸ ਨੂੰ ਇਸੇ ਨਾਮ ਦੇ ਦੂਸਰੇ ਖਾੜਕੂ ਦੀ ਤਲਾਸ਼ ਸੀ। ਉਸ ਸ਼ਾਮ ਇਸ ਨੌਜਵਾਨ ਸਮੇਤ ਤਿੰਨ ਲੋਕਾਂ ਨੂੰ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ। ਅਗਲੇ ਦਿਨ ਪੁਲੀਸ ਪਾਰਟੀ ਨੇ ਨੌਜਵਾਨ ਦੀ ਮਾਂ ਦੇ ਹੱਥ ਨਾਲ ਬਣੀ ਚਾਹ ਪੀਂਦੇ ਹੋਏ ਮਾਫੀ ਮੰਗੀ।

ਨੌਜਵਾਨ ਦੀ ਮਾਂ ਨੇ ਪੁਲੀਸ ਕੋਲ ਪੁੱਛਿਆ ਕਿ ਜੇਕਰ ਉਹਨਾਂ ਨੇ ਅਸਲੀ ਬਲਵਿੰਦਰ ਸਿੰਘ ਨੂੰ ਫੜ ਲਿਆ ਸੀ ਤਾਂ ਉਸ ਦੇ ਬੇਟੇ ਨੂੰ ਕਿਉਂ ਮਾਰਿਆ ਗਿਆ। ਪੁਲੀਸ ਦੇ ਕੋਲ ਕੋਈ ਜੁਆਬ ਨਹੀਂ ਸੀ। ਇਹਨਾਂ ਪੁਲੀਸ ਵਾਲਿਆਂ ਨੂੰ ਬਾਅਦ ਵਿਚ ਤਰੱਕੀ ਮਿਲ ਗਈ।

ਪਿਛਲੇ 22 ਸਾਲਾਂ ਦੌਰਾਨ ਇਹਨਾਂ ਮਾਮਲਿਆਂ ਦੀ ਸੁਣਵਾਈ ਚਲ ਰਹੀ ਹੈ। ਅਸੀਂ ਪਾਰਦਰਸ਼ੀ ਢੰਗ ਨਾਲ ਇਹ ਮਨੁੱਖੀ ਅਧਿਕਾਰਾਂ ਦਾ ਕੰਮ ਕਰ ਰਹੇ ਹਾਂ ਤੇ ਬਹੁਤ ਸਾਰੇ ਮਨੁੱਖੀ ਅਧਿਕਾਰ ਸੰਗਠਨਾਂ ਤੇ ਮਨੁੱਖੀ ਅਧਿਕਾਰ ਅਯੋਗਾਂ ਦਾ ਸਾਨੂੰ ਸਮਰਥਨ ਹਾਸਲ ਹੈ। ਸਭ ਤੋਂ ਵੱਡੀ ਰੁਕਾਵਟ ਪੂਰੇ ਅੰਕੜੇ ਹਾਸਲ ਕਰਨਾ ਹੈ ਤੇ ਲਾਵਾਰਸ ਲਾਸ਼ਾਂ ਦੀ ਖੋਜ ਕਰਨਾ ਹੈ। ਇਹਨਾਂ ਦੋ ਦਹਾਕਿਆਂ ਵਿਚ ਪੰਜਾਬ ਦੀਆਂ ਤਿੰਨ ਵੱਡੀਆਂ ਰਾਜਨੀਤਕ ਪਾਰਟੀਆਂ ਅਕਾਲੀ ਭਾਜਪਾ ਗੱਠਜੋੜ ਤੇ ਕਾਂਗਰਸ ਸੱਤਾ ਵਿਚ ਰਹਿ ਚੁੱਕੀਆਂ ਹਨ। ਪਰ ਇਸ ਮਾਮਲੇ ਨੂੰ ਕਿਸੇ ਨੇ ਨਹੀਂ ਚੁੱਕਿਆ। ਕਈ ਮੁਆਵਜ਼ਾ ਯੋਜਨਾਵਾਂ 1984 ਦੀਆਂ ਵਿਧਵਾਵਾਂ ਦੇ ਪੁਨਰਵਾਸ ਦੇ ਉਲਟ ਗੁੰਮਸ਼ੁਦਗੀ ਨੂੰ ਪੀੜਤ ਨਹੀਂ ਮੰਨਿਆ ਗਿਆ। ਸਾਡਾ ਯਤਨ ਹੈ ਕਿ ਗੁੰਮ ਕੀਤੇ ਲੋਕਾਂ ਦੇ ਪਰਿਵਾਰ ਸਾਹਮਣੇ ਆਉਣ। ਉਹਨਾਂ ਨੂੰ ਪੀੜਤ ਤੇ ਸਟੇਟ ਦੀ ਦਹਿਸ਼ਤਗਰਦੀ ਦਾ ਸ਼ਿਕਾਰ ਮੰਨਿਆ ਜਾਣਾ ਚਾਹੀਦਾ ਹੈ ਤੇ ਉਹਨਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ। ਮਨੁੱਖੀ ਅਧਿਕਾਰਾਂ ਦਾ ਘਾਣ ਬੁਰਛਾਗਰਦੀ ਤੇ ਜ਼ਾਲਮਾਨਾ ਕਾਰਵਾਈ ਹੈ।

# ਭਾਜਪਾ ਅਤੇ ਤ੍ਰਿਣਮੂਲ ਕਾਂਗਰਸ ਵਿਚ ਟਕਰਾਅ ਤੇਜ਼

## ਹੜਤਾਲ ਤੇ ਸਿਆਸੀ ਹਿੰਸਾ ਮਾਮਲੇ ਵਿਚ ਮਮਤਾ ਤੋਂ ਮੰਗੀ ਰਿਪੋਰਟ

**ਕਲਕੱਤਾ/ਏਟੀ ਨਿਊਜ਼ :**

17ਵੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਕਦੋਂ ਦੇ ਆ ਚੁੱਕੇ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਕੈਬਨਿਟ ਸਹੁੰ ਚੁੱਕ ਗਈ ਹੈ ਪਰ ਇਉਂ ਜਾਪਦਾ ਹੈ ਕਿ ਪੱਛਮੀ ਬੰਗਾਲ ਵਿਚ ਅਜੇ ਵੀ ਚੋਣਾਂ ਚੱਲ ਰਹੀਆਂ ਹਨ। ਬਾਜ਼ਾਰਾਂ ਵਿਚ ਝੜਪਾਂ ਅਤੇ ਹਿੰਸਾ ਕਾਰਨ ਮੌਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਤ੍ਰਿਣਮੂਲ ਕਾਂਗਰਸ ਮੋਦੀ ਸਰਕਾਰ ਨੂੰ ਟੱਕਰ ਦੇਣ ਦੇ ਰੌਂਅ ਵਿਚ ਹੈ ਅਤੇ ਭਾਜਪਾ ਸੂਬੇ ਵਿਚ ਪੱਕੇ ਤੌਰ 'ਤੇ ਆਪਣੇ ਪੈਰ ਜਮਾਉਣਾ ਚਾਹੁੰਦੀ ਹੈ। ਗੋਰਖਾ ਜਨਮੁਕਤੀ ਮੋਰਚਾ ਦੇ 17 ਕੌਂਸਲਰ ਭਾਜਪਾ ਵਿਚ ਸ਼ਾਮਲ ਹੋ ਗਏ ਹਨ, ਜਿਸ ਕਾਰਨ ਦਾਰਜਲਿੰਗ ਮਿਊਂਸੀਪੈਲਿਸੀ ਵਿਚ ਭਾਜਪਾ ਦੀ ਚੜ੍ਹਤ ਹੋ ਗਈ ਹੈ। ਹੁਣ ਦੋਵਾਂ ਪਾਰਟੀਆਂ ਦੀ ਜੰਗ ਪੋਸਟਕਾਰਡ ਜੰਗ ਵਿਚ ਬਦਲ ਗਈ ਹੈ। ਭਾਜਪਾ ਨੇ ਐਲਾਨ ਕੀਤਾ ਹੈ ਕਿ ਉਹ 'ਜੈ ਸ੍ਰੀ ਰਾਮ' ਨਾਅਰਾ ਲਿਖ ਕੇ 10 ਲੱਖ ਪੋਸਟਕਾਰਡ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਭੇਜੇਗੀ, ਉਸੇ ਤਰ੍ਹਾਂ ਹੀ ਤ੍ਰਿਣਮੂਲ ਕਾਂਗਰਸ 'ਜੈ ਬੰਗਲਾ/ਜੈ ਹਿੰਦ' ਨਾਅਰੇ ਲਿਖ ਕੇ ਕਰੀਬ 20 ਲੱਖ ਪੋਸਟਕਾਰਡ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਭੇਜਣ ਦੀ ਯੋਜਨਾ ਬਣਾ ਰਹੀ ਹੈ।



ਦਮ ਦਮ ਤੋਂ ਤ੍ਰਿਣਮੂਲ ਕਾਂਗਰਸ ਆਗੂ ਦੇਬਸ਼ੀਸ਼ ਬੈਨਰਜੀ ਪਹਿਲਾਂ ਹੀ 10 ਹਜ਼ਾਰ ਚਿੱਠੀਆਂ ਪ੍ਰਧਾਨ ਮੰਤਰੀ ਨੂੰ ਭੇਜ ਚੁੱਕੇ ਹਨ। ਇਸ ਵਾਰ ਪੱਛਮੀ ਬੰਗਾਲ ਵਿਚ ਭਾਜਪਾ ਨੇ 18 ਲੋਕ ਸਭਾ ਸੀਟਾਂ ਜਿੱਤੀਆਂ ਹਨ, ਜਦਕਿ 2014 ਵਿਚ ਇਹ ਅੰਕੜਾ 2 ਸੀ। ਇਨ੍ਹਾਂ ਚੋਣਾਂ ਦੌਰਾਨ ਹਿੰਸਾ ਵਿਚ ਘੱਟੋ-ਘੱਟ 6 ਵਿਅਕਤੀਆਂ ਨੇ ਆਪਣੀਆਂ ਜਾਨਾਂ ਗਵਾਈਆਂ, ਜਿਸ ਲਈ ਦੋਵੇਂ ਪਾਰਟੀਆਂ ਇਕ-ਦੂਜੇ ਨੂੰ ਜ਼ਿੰਮੇਵਾਰ ਦੱਸ ਰਹੀਆਂ ਹਨ ਤੇ ਟਕਰਾਅ ਘੱਟ ਹੋਣ ਦੀ ਕੋਈ ਵੀ ਸੰਭਾਵਨਾ ਨਹੀਂ ਦਿਸ ਰਹੀ।

**ਮੋਦੀ ਸਰਕਾਰ ਸਖ਼ਤ-** ਪੱਛਮੀ ਬੰਗਾਲ ਵਿਚ ਜਾਰੀ ਰਾਜਨੀਤਿਕ ਹਿੰਸਾ ਦੇ ਮਾਮਲੇ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੱਛਮੀ ਬੰਗਾਲ ਸਰਕਾਰ ਤੋਂ ਰਿਪੋਰਟ ਮੰਗੀ ਹੈ। ਕੇਂਦਰੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਿਛਲੇ ਚਾਰ ਸਾਲਾਂ ਵਿਚ ਹਿੰਸਾ ਦੌਰਾਨ ਇੱਥੇ 160 ਮੌਤਾਂ ਹੋਈਆਂ ਹਨ। ਸਾਲ 2019 ਵਿਚ ਹੀ ਹਿੰਸਾ ਦੀਆਂ 773 ਘਟਨਾਵਾਂ ਵਾਪਰ ਚੁੱਕੀਆਂ ਹਨ। ਗ੍ਰਹਿ ਮੰਤਰਾਲੇ ਦੁਆਰਾ ਪੱਛਮੀ ਬੰਗਾਲ ਸਰਕਾਰ ਨੂੰ ਕਿਹਾ ਗਿਆ ਹੈ ਕਿ ਮੰਤਰਾਲੇ ਨੂੰ ਰਿਪੋਰਟ ਭੇਜੀ ਜਾਵੇ ਕਿ ਸਰਕਾਰ ਅਤੇ ਇੱਥੋਂ ਦੀ ਕਾਨੂੰਨ ਲਾਗੂ ਕਰਨ ਵਾਲੀ ਮਸ਼ੀਨਰੀ ਨੇ ਹਿੰਸਾ ਦੀਆਂ ਘਟਨਾਵਾਂ ਰੋਕਣ ਲਈ ਅਪਰਾਧੀਆਂ ਖ਼ਿਲਾਫ਼ ਕਿੰਨੇ ਮਾਮਲੇ ਦਰਜ ਕੀਤੇ ਹਨ ਅਤੇ ਹਿੰਸਾ ਰੋਕਣ ਲਈ ਕਿਹੜੇ ਕਦਮ ਉਠਾਏ ਹਨ।

**ਤ੍ਰਿਣਮੂਲ ਕਾਂਗਰਸ ਆਗੂ ਦੀ ਹੱਤਿਆ-**

ਪੱਛਮੀ ਬੰਗਾਲ ਦੇ ਵਿੱਚ ਚੋਣਾਂ ਤੋਂ ਬਾਅਦ ਵੀ ਹਿੰਸਾ ਰੁਕਣ ਦਾ ਨਾਂਅ ਨਹੀਂ ਲੈ ਰਹੀ ਅਤੇ ਤ੍ਰਿਣਮੂਲ ਕਾਂਗਰਸ ਦੇ ਆਗੂ ਦੀ ਕੁੱਝ ਭਗਵੇਂ ਲੋਕਾਂ ਨੇ ਕੁੱਟ ਕੁੱਟ ਕੇ ਹੱਤਿਆ ਕਰ ਦਿੱਤੀ। ਸ਼ਨਿੱਚਰਵਾਰ ਨੂੰ ਵਾਪਰੀ ਇਸ ਘਟਨਾ ਦੇ ਦੋਸ਼ ਵਿੱਚ ਪੁਲੀਸ ਨੇ 8 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਹੁਗਲੀ ਜ਼ਿਲ੍ਹੇ ਦੇ ਖਾਨਾਕੁਲ ਵਿੱਚ ਤ੍ਰਿਣਮੂਲ ਕਾਂਗਰਸ ਦਾ ਬਲਾਕ ਪੰਚਾਇਤ ਸਮਿਤੀ ਮੈਂਬਰ ਮਨੋਰੰਜਨ ਪਾਤਰਾ ਪਾਰਟੀ ਦਫਤਰ ਦੇ ਬਾਹਰ ਬੈਠਾ ਸੀ ਕਿ ਕੁੱਝ ਲੋਕਾਂ ਨੇ ਹਮਲਾ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ।

### ਮਮਤਾ ਮਾਂ ਬੋਲੀ ਦੇ ਹੱਕ 'ਚ ਡਟੀ

**ਕਾਂਚਰਾਪਾੜਾ/ਏਟੀ ਨਿਊਜ਼ :** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਪਛਮੀ ਬੰਗਾਲ ਵਿਚ ਰਹਿਣ ਵਾਲਿਆਂ ਨੂੰ ਬੰਗਲਾ ਭਾਸ਼ਾ ਵਿਚ ਬੋਲਣਾ ਸਿੱਖਣਾ ਪਵੇਗਾ। ਮਮਤਾ ਨੇ ਭਾਜਪਾ ਵਿਰੁਧ ਰਾਜ ਦੀ ਸੱਤਾ ਹਥਿਆਉਣ ਲਈ ਗੁਜਰਾਤ ਮਾਡਲ ਲਾਗੂ ਕਰਨ ਦੀ ਕੋਸ਼ਿਸ਼ ਵਿਚ ਬੰਗਾਲੀਆਂ ਅਤੇ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਉਹ ਭਾਜਪਾ ਨੂੰ ਕਦੇ ਵੀ ਪੱਛਮੀ ਬੰਗਾਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦਾ ਗ੍ਰਹਿ ਪ੍ਰਦੇਸ਼ ਗੁਜਰਾਤ ਨਹੀਂ ਬਣਨ ਦੇਵੇਗੀ। ਉਨ੍ਹਾਂ ਕਿਹਾ ਕਿ ਉਹ ਬੰਗਾਲੀਆਂ ਨੂੰ ਬੰਗਾਲ ਵਿਚ ਬੇਘਰ ਨਹੀਂ ਹੋਣ ਦੇਵੇਗੀ। ਪ੍ਰਧਾਨ ਮੰਤਰੀ ਦੀ ਕੱਟੜ ਆਲੋਚਕ ਮੰਨੀ ਜਾਂਦੀ ਮਮਤਾ ਨੇ ਕਿਹਾ, 'ਸਾਨੂੰ ਬੰਗਲਾ ਨੂੰ ਅੱਗੇ ਲਿਆਉਣਾ ਪਵੇਗਾ। ਜਦ ਅਸੀਂ ਦਿੱਲੀ ਜਾਂਦੇ ਹਾਂ ਤਾਂ ਅਸੀਂ ਹਿੰਦੀ ਵਿਚ ਬੋਲਦੇ ਹਾਂ। ਜਦ ਪੰਜਾਬ ਜਾਂਦੇ ਹਾਂ ਤਾਂ ਪੰਜਾਬੀ ਵਿਚ ਬੋਲਦੇ ਹਾਂ। ਮੈਂ ਵੀ ਅਜਿਹਾ ਕਰਦੀ ਹਾਂ। ਜਦ ਮੈਂ ਤਾਮਿਲਨਾਡੂ ਜਾਂਦੀ ਹਾਂ ਤਾਂ ਮੈਂ ਤਾਮਿਲ ਭਾਸ਼ਾ ਨਹੀਂ ਜਾਣਦੀ ਪਰ ਮੈਂ ਕੁੱਝ ਸ਼ਬਦ ਜਾਣਦੀ ਹਾਂ ਤੇ ਉਥੇ ਬੋਲਦੀ ਹਾਂ। ਇਸ ਲਈ ਜੇ ਤੁਸੀਂ ਬੰਗਾਲ ਆਉਂਦੇ ਹੋ ਤਾਂ ਤੁਹਾਨੂੰ ਬੰਗਲਾ ਬੋਲਣੀ ਪਵੇਗੀ। ਅਸੀਂ ਇਹ ਨਹੀਂ ਹੋਣ ਦੇਵਾਂਗੇ ਕਿ ਬਾਹਰਲੇ ਲੋਕ ਆਉਣ ਅਤੇ ਬੰਗਾਲੀਆਂ ਨੂੰ ਕੁੱਟ ਦੇਣ।' ਮਮਤਾ ਨੇ ਕਿਹਾ, 'ਬੰਗਾਲੀਆਂ ਦੇ ਘਰਾਂ ਵਿਚ ਤੋੜਭੰਨ ਕੀਤੀ ਗਈ। ਅਸੀਂ ਇਸ ਨੂੰ ਬਰਦਾਸ਼ਤ ਨਹੀਂ ਕਰਾਂਗੇ।

ਅੰਮ੍ਰਿਤਸਰ ਟਾਈਮਜ਼
AMRITSAR TIMES
19 ਜੂਨ 2019 ਤੋਂ 25 ਜੂਨ 2019

## ਸੋਸ਼ਲ ਮੀਡੀਆ ਰਾਹੀਂ ਸਿੱਖਾਂ ’ਤੇ ਨਿਸ਼ਾਨਾ

**- ਮਨਜੀਤ ਸਿੰਘ ਟਿਵਾਣਾ**

ਅਜੋਕਾ ਯੁੱਗ ਸੂਚਨਾ ਤੇ ਤਕਨਾਲੋਜੀ ਦਾ ਹੈ। ਇੰਟਰਨੈਟ ਦੀ ਖੋਜ ਤੋਂ ਬਾਅਦ ਸੂਚਨਾਵਾਂ ਦੇ ਅਦਾਨ-ਪ੍ਰਦਾਨ ਦਾ ਘੇਰਾ ਅਤੇ ਇਸ ਦੀ ਰਫਤਾਰ ਬਹੁਤ ਵਧ ਗਈ ਹੈ। ਹੁਣ ਕਿਸੇ ਸੂਚਨਾ ਦੇ ਅੱਖ ਦੇ ਫੋਰ ਵਿਚ ਧਰਤੀ ਦੇ ਕੋਨੇ-ਕੋਨੇ ‘ਚ ਫੈਲ ਜਾਣ ਲਈ “ਜੰਗਲ ਦੀ ਅੱਗ ਵਾਂਗ ਫੈਲ ਜਾਣਾ” ਦਾ ਮੁਹਾਵਰਾ ਵੀ ਛੋਟਾ ਪੈ ਗਿਆ ਪ੍ਰਤੀਤ ਹੁੰਦਾ ਹੈ। ਸੋਸ਼ਲ ਮੀਡੀਆ ਦੀ ਇਸ ਹਨੇਰੀ ਵਿਚ ਬਹੁਤ ਕੁਝ ਚੰਗਾ ਤੇ ਬਹੁਤ ਕੁਝ ਮਾੜਾ ਵੀ ਉਡ-ਪੁੱਡ ਰਿਹਾ ਹੈ। ਪਹਿਲਾਂ ਪ੍ਰਿੰਟ ਤੇ ਬਾਅਦ ਵਿਚ ਇਲੈਕਟ੍ਰੋਨਿਕ ਮੀਡੀਆ ਨੂੰ ਬਹੁਤ ਹੱਦ ਤਕ ਆਪਣੇ ਕਾਬੂ ਵਿਚ ਕਰਨ ਤੋਂ ਬਾਅਦ ਦੁਨੀਆ ਭਰ ਦੀਆਂ ਸਰਕਾਰਾਂ ਤੇ ਰਾਜ ਕਰਨ ਵਾਲੀਆਂ ਧਿਰਾਂ ਨੇ ਸੋਸ਼ਲ ਮੀਡੀਆ ਦੇ ਅੱਥਰੇ ਘੋੜੇ ਨੂੰ ਵੀ ਕਾਬੂ ਵਿਚ ਕਰ ਕੇ ਆਪਣੇ ਮਨ-ਮਾਫਕ ਦੀ ਦਿਸ਼ਾ ਦੇਣ ਲਈ ਵੱਡੀ ਪੱਧਰ ਦੀਆਂ ਪੇਸ਼ਬੰਦੀਆਂ ਕੀਤੀਆਂ ਹਨ। ਭਾਰਤ ‘ਚ ਨਵੀਂ ਦਿੱਲੀ ਦੇ ਅਸ਼ੋਕਾ ਰੋਡ ਉਤੇ ਭਗਵਿਆਂ ਦੀ ਪੂਰੀ ਫੌਜ ਦਿਨ-ਰਾਤ ਇਸੇ ਹੀ ਕੰਮ ਉਤੇ ਲੱਗੀ ਹੋਈ ਹੈ।

ਇਕ ਰਿਪੋਰਟ ਮੁਤਾਬਕ ਵਿਸ਼ਵ ਦੀ ਤਿੰਨ ਬਿਲੀਅਨ ਅਬਾਦੀ ‘ਚੋਂ 40 ਫੀਸਦ ਲੋਕ ਸੋਸ਼ਲ ਮੀਡੀਆ ਦੀ ਵਰਤੋਂ ਕਰ ਰਹੇ ਹਨ। ਅਸੀਂ ਹਰ ਰੋਜ਼ ਦੋ ਘੰਟੇ ਸ਼ੇਅਰ, ਲਾਈਕ, ਟਵੀਟ ਤੇ ਅਪਡੇਟ ਕਰਨ ਵਿਚ ਲਗਾਉਂਦੇ ਹਾਂ।ਕਹਿਣ ਦਾ ਭਾਵ ਹੈ ਕਿ ਹਰ ਮਿੰਟ ਵਿਚ ਅੱਧਾ ਮਿਲੀਅਨ ਟਵੀਟ ਤੇ ਸਨੈਪਚੈਟ ਫੋਟੋਆਂ ਸ਼ੇਅਰ ਹੋ ਰਹੀਆਂ ਹਨ। ਮਨੁੱਖਤਾ ਲਈ ਵਿਗਿਆਨ ਜੇ ਵਰ ਹੈ ਤਾਂ ਸਰਾਪ ਵੀ ਹੈ। ਇਸ ਕਰ ਕੇ ਸਾਇੰਸ ਦੀ ਸੋਸ਼ਲ ਮੀਡੀਆ ਕਾਢ ਨੇ ਜਿਥੇ ਮਨੁੱਖਤਾ ਨੂੰ ਨਿੱਜ-ਪ੍ਰਗਟਾਵੇ ਦੀ ਆਜ਼ਾਦੀ ਦੀ ਬੁਲੰਦੀ ਦਾ ਸਵਾਦ ਚਖਾਇਆ ਹੈ, ਦੁਨੀਆ ਭਰ ਦੀਆਂ ਬੋਲੀਆਂ, ਸੱਭਿਆਚਾਰਾਂ ਤੇ ਸਟੇਟ ਦੀਆਂ ਸਰਹੱਦਾਂ ਨੂੰ ਤੋੜਿਆ ਹੈ, ਉਥੇ ਨਾਲ ਹੀ ਬਹੁਤ ਸਾਰੇ ਸੱਭਿਆਚਾਰਾਂ, ਕੌਮਾਂ ਤੇ ਬੋਲੀਆਂ ਲਈ ਨਵੀਂ ਕਿਸਮ ਦੇ ਖਤਰੇ ਵੀ ਖੜ੍ਹੇ ਕਰ ਦਿੱਤੇ ਹਨ। ਹੁਣ ਕਿਸੇ ਕੌਮ ਤੇ ਸੱਭਿਆਚਾਰ ਨੂੰ ਖਤਮ ਕਰਨ ਲਈ ਉਸ ਦੀਆਂ ਜੜ੍ਹਾਂ ‘ਤੇ ਹੋਣ ਵਾਲੇ ਸੂਖਮ ਹਮਲਿਆਂ ਦੀ ਧਾਰ ਹੋਰ ਤਿੱਖੀ ਹੋ ਗਈ ਹੈ। ਸਵਾਲ ਹੈ ਕਿ ਸੋਸ਼ਲ ਮੀਡੀਆ ਦੀ ਮਨੁੱਖੀ ਜ਼ਿੰਦਗੀ ਵਿਚ ਇੰਨੀ ਅਹਿਮੀਅਤ ਹੋ ਜਾਣ ਤੋਂ ਬਾਅਦ ਸਿੱਖ ਕੀ ਕਰ ਰਹੇ ਹਨ?

ਇਸ ਤਰ੍ਹਾਂ ਦੇ ਮਾਹੌਲ ਵਿਚ ਸਿੱਖ ਕੌਮ ਨੂੰ ਹੋਰ ਵਧੇਰੇ ਸੁਚੇਤ ਤੇ ਸਜੱਗਤਾ ਨਾਲ ਆਪਣੇ ਸਿਧਾਂਤ ਅਤੇ ਵਿਚਾਰਧਾਰਾ ਉਤੇ ਹੋ ਰਹੇ ਹਮਲਿਆਂ ਨੂੰ ਪਛਾਨਣ ਤੇ ਪਛਾੜਨ ਦੀ ਵੱਡੀ ਚੁਣੌਤੀ ਪੇਸ਼ ਹੋਈ ਹੈ। ਖਾਸ ਕਰ ਕੇ ਸਾਡੇ ਲਈ ਇਹ ਨੁਕਤਾ ਵੀ ਜ਼ਿਆਦਾ ਧਿਆਨ-ਗੋਚਰਾ ਹੋਣਾ ਚਾਹੀਦਾ ਹੈ ਕਿ ਸਿੱਖਾਂ ਦਾ ਮੱਥਾ ਜਨਮ ਤੋਂ ਹੀ ਉਨ੍ਹਾਂ ਨਾਲ ਲੱਗਿਆ ਆ ਰਿਹਾ ਹੈ, ਜਿਨ੍ਹਾਂ ਦੀ ਖਾਸੀਅਤ ਹਮੇਸ਼ਾ ਤੋਂ ਸਾਮ-ਦਾਮ-ਦੰਡ-ਭੇਦ ਦੇ ਸਿਧਾਂਤ ਉਤੇ ਚੱਲ ਕੇ ਗੁਰੂ ਨਾਨਕ ਦੀ “ਸਰਬੱਤ ਦੇ ਭਲੇ” ਵਾਲੀ ਸਰਬ ਵਿਆਪੀ ਮਾਨਵਤਾ ਵਾਲੀ ਸੋਚ ਨੂੰ ਆਮ ਲੋਕਾਈ ਤੋਂ ਦੂਰ ਕਰ ਕੇ ਆਪਣੀ ਝੂਠ, ਪਾਖੰਡ ਤੇ ਦੰਭ ਦੀ ਦੁਕਾਨਦਾਰੀ ਚੱਲਦੀ ਰੱਖਣ ਵਾਲੀ ਹੈ। ਭਾਰਤ ਦੇ ਹਿੰਦੂਵਾਦੀ ਮੀਡੀਆ ਨੇ ਅੰਗਰੇਜ਼ਾਂ ਦੇ ਜਾਣ ਦੇ ਬਾਅਦ ਤੋਂ ਹੀ ਜਿਸ ਤਰ੍ਹਾਂ ਸਿੱਖ ਕੌਮ ਤੇ ਪੰਜਾਬ ਦੀਆਂ ਹੱਕੀ ਤੇ ਵਾਜਿਬ ਮੰਗਾਂ ਬਾਰੇ, ਸਿੱਖਾਂ ਦੀ ਵੱਖਰੀ ਪਹਿਚਾਣ ਬਾਰੇ ਤੇ ਸਿੱਖ ਮਾਨਸਿਕਤਾ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਸਤੇ ਜੋ ਰਵੱਈਆ ਅਖਤਿਆਰ ਕੀਤਾ ਹੋਇਆ ਹੈ, ਉਹ ਜ਼ਾਹਰ ਹੀ ਹੈ। ਹੁਣ ਸੋਸ਼ਲ ਮੀਡੀਆ ਪਲੇਟਫਾਰਮ ਉਤੇ ਬਕਾਇਦਾ ਸੰਗਠਿਤ ਰੂਪ ਵਿਚ ਵੀ ਅਤੇ ਬਿਪਰਵਾਦ ਦੀ ਪਿਊਂਦ ਚੜ੍ਹੀ ਸੋਚ ਵੱਲੋਂ ਵੀ ਸਿੱਖ-ਫਲਸਫੇ, ਸਿੱਖਾਂ ਦੇ ਧਾਰਮਿਕ ਪਹਿਰਾਵੇ, ਕਕਾਰਾਂ ਅਤੇ ਹਰ ਘਟਨਾ ਵਿਚ ਵਿੰਗੇ-ਟੇਢੇ ਢੰਗ ਨਾਲ ਸਿੱਖਾਂ ਨੂੰ ਹੀ ਦੋਸ਼ੀ ਸਾਬਤ ਕਰਨ ਦਾ ਹੱਲਾ ਪ੍ਰਚੰਡ ਰੂਪ ਵਿਚ ਹੋ ਰਿਹਾ ਹੈ।

ਸੋਸ਼ਲ ਮੀਡੀਆ ਪਲੇਟਫਾਰਮ ਉਤੇ ਗੁਰੂ ਸਾਹਿਬਾਨ ਅਤੇ ਹੋਰ ਸਿੱਖ ਸ਼ਖਸੀਅਤਾਂ ਦੀਆਂ ਕਲਪਿਤ ਤਸਵੀਰਾਂ ਨਾਲ ਛੇੜਛਾੜ ਕਰਕੇ ਵੱਖ-ਵੱਖ ਸੋਸ਼ਲ ਸਾਈਟਾਂ ‘ਤੇ ਪਾਉਣ ਦਾ ਵਰਤਾਰਾ ਆਮ ਹੀ ਚੱਲ ਰਿਹਾ ਹੈ। ਅਜਿਹੀਆਂ ਹਰਕਤਾਂ ਨਾਲ ਉਨ੍ਹਾਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਦੀ ਹੈ, ਜਿਨ੍ਹਾਂ ਨੂੰ ਪਹਿਲਾਂ ਇਹ ਜਚਾ ਦਿੱਤਾ ਗਿਆ ਹੈ ਕਿ ਸੱਚਮੁੱਚ ਇਹ ਤਸਵੀਰਾਂ ਸਿੱਖ ਗੁਰੂਆਂ ਦੀਆਂ ਹੀ ਹਨ। ਭਾਵੇਂ ਹੀ ਇਹ ਤਸਵੀਰਾਂ ਕਲਪਿਤ ਹਨ ਪਰ ਸਿੱਖ ਗੁਰੂਆਂ ਪ੍ਰਤੀ ਮੰਦ-ਭਾਵਨਾ ਰੱਖਣ ਤੇ ਸਿੱਖਾਂ ਨੂੰ ਮਾਨਸਿਕ ਤੌਰ ‘ਤੇ ਆਹਤ ਕਰਨ ਦੀ ਸੋਚ ਨਾਲ ਅਜਿਹਾ ਸਭ ਕੀਤਾ ਜਾ ਰਿਹਾ ਹੈ। ਇਸ ਕਰ ਕੇ ਆਮ ਸਿੱਖਾਂ ਦੇ ਭੜਕਾਹਟ ਵਿਚ ਆ ਕੇ ਕਾਨੂੰਨ ਹੱਥ ਵਿਚ ਲੈਣਾ ਵੀ ਇਕ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਸ਼ਾਇਦ ਸੁਚੇਤ ਤੌਰ ‘ਤੇ ਅਜਿਹੀਆਂ ਹਰਕਤਾਂ ਕਰਨ ਵਾਲੀ ਧਿਰ ਅਜਿਹਾ ਹੀ ਚਾਹੁੰਦੀ ਹੈ। ਜਦੋਂ ਸਿੱਖ ਨੌਜਵਾਨਾਂ ਵੱਲੋਂ ਕਿਸੇ ‘ਗੱਗ’, ਫਗਵਾੜੀਏ ‘ਅਵਤਾਰ’ ਬੂਬਨੇ ਤੇ ਕਥਿਤ ਬਾਂਦਰ-ਸੈਨਾਨੀ ਦੀ ਭੁਗਤ-ਸੰਵਾਰੀ ਜਾਂਦੀ ਹੈ, ਤਾਂ ਇਸ ਦੀਆਂ ਵੀਡੀਓਜ਼ ਵੱਡੀ ਪੱਧਰ ‘ਤੇ ਵਾਇਰਲ ਕੀਤੀਆਂ ਜਾਂਦੀਆਂ ਹਨ। ਨਾਲ ਹੀ ਪੂਰੇ ਸਿੱਖ ਭਾਈਚਾਰੇ ਖਿਲਾਫ ਮੰਦਾ ਪਰਚਾਰ ਕਰਨ ਲਈ “ਭਾੜੇ ਦੇ ਟੱਟੂ” ਬਿਠਾਏ ਗਏ ਹਨ। ਕਈ ਬਾਬਾ ਮਾਰਕਸ ਦੀ ਸੋਚ ਤੋਂ ਅਸਲੋਂ ਕੋਰੇ ਤੇ ਸਿੱਖ ਵਿਰੋਧੀ ਮਾਨਸਿਕਤਾ ਦੇ ਪੁਰਾਣੇ ਰੋਗ ਨਾਲ ਗ੍ਰਸਤ “ਖੱਬੇ ਪੱਖੀਏ” ਵੀ ਇਸ ਵਗਦੀ ਗੰਗਾ ਵਿਚ ਹੱਥ ਧੋਹਣ ਲਈ ਤਿਆਰ ਰਹਿੰਦੇ ਹਨ। ਇਸ ਵਹਾਅ ਵਿਚ ਹੀ ਕਈ ਸਾਡੇ ਆਪਣੇ ਭੋਲੇ-ਭਾਲੇ ਸਿੱਖ ਵੀ ਅਸਲੀਅਤ ਨੂੰ ਨਾ ਸਮਝਦਿਆਂ ਖੁਦ ਦੇ ਪੈਰ ਵੱਢਣ ਲਈ ਕੁਹਾੜਾ ਚੁੱਕੀ ਰੱਖਦੇ ਹਨ। ਹਾਲ ਵਿਚ ਹੀ ਦਿੱਲੀ ‘ਚ ਵਾਪਰੀ ਘਟਨਾ ਇਸ ਦੀ ਪ੍ਰਤੱਖ ਉਦਾਹਰਣ ਹੈ।

ਅਜਿਹੀਆਂ ਘਟਨਾਵਾਂ ਨੂੰ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਤੇ ਆਲਮੀ ਪੱਧਰ ਉਤੇ ਬਦਨਾਮ ਕਰਨ ਲਈ ਖੂਬ ਵਰਤਿਆ ਜਾਂਦਾ ਹੈ। ਅਮਰੀਕਾ ਵਿਚ ਹਵਾਈ ਜਹਾਜ਼ ‘ਚ ਸਫ਼ਰ ਕਰ ਰਹੇ ਇੱਕ ਸਿੱਖ ਵਿਅਕਤੀ ਦੀ ਸੁੱਤੇ ਹੋਏ ਦੀ ਫੋਟੋ ਖਿੱਚ ਕੇ ਸੋਸ਼ਲ ਮੀਡੀਆ ‘ਤੇ ਅੱਤਵਾਦੀ ਲਿਖ ਕੇ ਪਾਈ ਗਈ। ਅਜਿਹਾ ਕੁਝ ਸਿੱਖਾਂ ਦੇ ਅਕਸ ਬਾਰੇ ਜਾ ਰਹੇ ਮਾੜੇ ਪ੍ਰਭਾਵ ਦਾ ਹੀ ਨਤੀਜਾ ਹੈ। ਦਸਤਾਰਾਂ ਵਾਲਿਆਂ ਨੂੰ ‘ਅੱਤਵਾਦੀ’ ਦਰਸਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਭਾਵੇਂ ਇਹ ਸਭ ਸਿੱਖਾਂ ਦੀ ਰਾਜਨੀਤਕ ਗੁਲਾਮੀ ਦਾ ਹੀ ਇਕ ਰੂਪ ਹੈ, ਪਰ ਆਜ਼ਾਦੀ ਦੀ ਮੰਜ਼ਿਲ ਦੇ ਰਾਹ ਵਿਚ ਆਉਂਦੀਆਂ ਅਜਿਹੀਆਂ ਲੜਾਈਆਂ ਵੀ ਲਾਜ਼ਮੀ ਲੜਨੀਆਂ ਪੈਂਦੀਆਂ ਹਨ। ਅਸੀਂ ਅਕਸਰ ਇਹ ਝੋਰਾ ਕਰਦੇ ਹਾਂ ਕਿ ਸਿੱਖ ਕੌਮ ਦਾ ਆਪਣਾ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ਅਦਾਰਾ ਸਥਾਪਿਤ ਨਹੀਂ ਕਰ ਸਕੇ ਹਾਂ। ਹੁਣ ਸਾਇੰਸ ਨੇ ਸੋਸ਼ਲ ਮੀਡੀਆ ਰਾਹੀਂ ਅਜਿਹਾ ਬਹੁਤ ਕੁਝ ਸਸਤਾ ਤੇ ਸੌਖਾ ਕਰ ਦਿੱਤਾ ਹੈ। ਸਿੱਖਾਂ ਨੂੰ ਅਵੇਸਲੇ ਨਹੀਂ ਰਹਿਣਾ ਚਾਹੀਦਾ ਤੇ ਸਿੱਖੀ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਕੂੜ ਪਰਚਾਰ ਨੂੰ ਠੱਲ੍ਹਣ ਲਈ ਕੌਮੀ ਸੋਸ਼ਲ ਮੀਡੀਆ ਪਲੇਟਫਾਰਮ ਖੜ੍ਹਾ ਕਰਨਾ ਚਾਹੀਦਾ ਹੈ।

# ਪੰਜਾਬ ਦੇ ਪਾਣੀਆਂ ਉੱਤੇ ਡਾਕਾ !

**ਰਾਇਪੇਰੀਅਨ ਸਿਧਾਂਤ ਅਨੁਸਾਰ ਪੰਜਾਬ ਦੇ ਪਾਣੀਆਂ ‘ਤੇ ਪਹਿਲਾ ਹੱਕ ਪੰਜਾਬ ਦਾ ਹੈ। ਇਹ ਸਿਧਾਂਤ ਕਹਿੰਦਾ ਹੈ ਕਿ ਦਰਿਆ ਦਾ ਪਾਣੀ ਉਸ ਰਾਜ ਦਾ ਕਾਨੂੰਨੀ ਹੱਕ ਹੈ ਜਿੱਥੇ ਇਹ ਦਰਿਆ ਵਗਦਾ ਹੈ। ਪਰ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਪੰਜਾਬ ਦੇ ਪਾਣੀਆਂ ਨੂੰ ਲੁੱਟਿਆ ਜਾ ਰਿਹਾ ਹੈ ਜਿਸ ਨਾਲ ਪੰਜਾਬ ਬੰਜਰ ਹੋਣ ਦੇ ਰਾਹ ‘ਤੇ ਤੁਰਿਆ ਹੈ। ਪੰਜਾਬ ਵਿੱਚ ਬਦਲਦੀਆਂ ਸਰਕਾਰਾਂ ਨੂੰ ਇਸ ਨਾਲ ਕੋਈ ਮਤਲਬ ਨਹੀਂ। ਸਰਕਾਰਾਂ ਵੋਟ ਬੈਂਕ ਦੀ ਖ਼ਾਤਰ ਇਸ ਮਸਲੇ ਨੂੰ ਉਛਾਲਦੀਆਂ ਹਨ ਪਰ ਪੰਜਾਬ ਦੇ ਪਾਣੀਆਂ ਦੇ ਹੱਕਾਂ ਵਾਸਤੇ ਲੜਨ ਲਈ ਅਸਮਰੱਥ ਹਨ। ਇਸ ਲਈ ਪੰਜਾਬ ਦੇ ਪਾਣੀਆਂ ‘ਤੇ ਲਗਾਤਾਰ ਡਾਕਾ ਵੱਜ ਰਿਹਾ ਹੈ।**

**ਪਰਮਜੀਤ ਸਿੰਘ ਮੰਡ**
(ਲੇਖਕ ਨੌਜਵਾਨ ਵਿਚਾਰਕ ਅਤੇ ਸਿੱਖ ਯੂਥ ਆਫ ਪੰਜਾਬ ਦਾ ਪ੍ਰਧਾਨ ਹੈ।)





ਪੰਜਾਬ ਅਤੇ ਹਰਿਆਣਾ ਦੇ ਵਿੱਚ ਸਤਲੁਜ-ਯਮੁਨਾ ਲਿੰਕ ਨਹਿਰ ਦੇ ਪਾਣੀ ਦੇ ਬਟਵਾਰੇ ਨੂੰ ਲੈ ਕੇ ਵਿਵਾਦ ਗਰਮਾਏ ਨੂੰ ਪਿਛਲੇ ਪੰਜਾਹ ਸਾਲ ਤੋਂ ਵੀ ਜ਼ਿਆਦਾ ਸਮਾਂ ਹੋ ਗਿਆ ਹੈ। ਪੰਜਾਬ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਪਾਣੀ ਦਾ ਪੱਧਰ ਘੱਟ ਹੈ, ਇਸ ਲਈ ਜੇ ਸਤਲੁਜ-ਯਮੁਨਾ ਨਹਿਰ ਦੇ ਜ਼ਰੀਏ ਹਰਿਆਣੇ ਨੂੰ ਪਾਣੀ ਦਿੰਦੇ ਹਾਂ ਤਾਂ ਪੰਜਾਬ ਵਿੱਚ ਪਾਣੀ ਦਾ ਸੰਕਟ ਪੈਦਾ ਹੋ ਜਾਏਗਾ। ਪਰ ਦੂਸਰੇ ਪਾਸੇ ਹਰਿਆਣਾ ਇਸ ਨਹਿਰ ਦੇ ਪਾਣੀ ‘ਤੇ ਆਪਣਾ ਹੱਕ ਜਤਾ ਰਿਹਾ ਹੈ।

ਭਾਰਤੀ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਪੰਜਾਬ ਸਰਕਾਰ ਨੂੰ ਝਟਕਾ ਦਿੰਦੇ ਹੋਏ ਸਤਲੁਜ ਦਾ ਪਾਣੀ ਹਰਿਆਣੇ ਨੂੰ ਦੇਣ ਦਾ ਹੁਕਮ ਜਾਰੀ ਕੀਤਾ ਗਿਆ ਸੀ ਜਿਸ ਦੇ ਵਿਰੋਧ ਵਿੱਚ ਪੰਜਾਬ ਦੇ 42 ਵਿਧਾਇਕਾਂ ਨੇ ਅਸਤੀਫ਼ੇ ਸੌਂਪ ਦਿੱਤੇ ਸਨ ਜਿਸ ਵਿੱਚ ਵਿਧਾਨ ਸਭਾ ਦਾ ਪ੍ਰਤੀਨਿਧ ਚਰਨਜੀਤ ਸਿੰਘ ਚੰਨੀ ਵੀ ਸ਼ਾਮਲ ਸੀ। ਉਸ ਵਕਤ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉੱਤੇ ਪੰਜਾਬ ਦੇ ਹਿੱਤਾਂ ਦੀ ਸੁਰੱਖਿਆ ਨਾ ਕਰਨ ਦੇ ਦੋਸ਼ ਵੀ ਲੱਗੇ।

ਦਰਅਸਲ ਸਤਲੁਜ-ਯਮੁਨਾ ਲਿੰਕ ਨਹਿਰ ਦੇ ਵਿਵਾਦ ਦੀ ਬੁਨਿਆਦ ਇੱਕ ਨਵੰਬਰ 1966 ਨੂੰ ਪੰਜਾਬ ਦੇ ਨਿਰਮਾਣ ਦੇ ਦੌਰਾਨ ਹੀ ਪੈ ਗਈ ਸੀ। ਇਸ ਨਿਰਮਾਣ ਤਹਿਤ ਹੀ ਹਰਿਆਣਾ ਸੁਤੰਤਰ ਰਾਜ ਦੇ ਰੂਪ ‘ਚ ਹੋਂਦ ਵਿੱਚ ਆਇਆ ਪਰ ਪੰਜਾਬ ਅਤੇ ਹਰਿਆਣਾ ਦੇ ਵਿੱਚ ਨਦੀਆਂ ਦੇ ਪਾਣੀਆਂ ਦਾ ਬਟਵਾਰਾ ਨਿਰਧਾਰਤ ਨਹੀਂ ਕੀਤਾ ਗਿਆ ਸੀ। ਕੇਵਲ ਕੇਂਦਰ ਸਰਕਾਰ ਦੀ ਅਧਿਸੂਚਨਾ ਦੇ ਜ਼ਰੀਏ ਕੁੱਲ ਪਾਣੀ 7.2 $16 (ਮਿਲਿਅਨ ਏਕੜ ਫੁੱਟ) ਵਿਚੋਂ 3.5 $16 ਪਾਣੀ ਹਰਿਆਣੇ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ ਅਤੇ ਪਾਣੀ ਨੂੰ ਪੰਜਾਬ ਤੋਂ ਹਰਿਆਣਾ ਲਿਆਉਣ ਲਈ ਐੱਸ ਵਾਈ ਐੱਲ ਨਹਿਰ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਨਹਿਰ ਦੀ ਕੁੱਲ ਲੰਬਾਈ ਤੋਂ 212 ਕਿਲੋਮੀਟਰ ਹੈ।

ਉਸ ਵਕਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੇ ਕਾਰਜਕਾਲ ਦੌਰਾਨ ਇਸ ਮੁੱਦੇ ਨੂੰ ਸੁਲਝਾਉਣ (ਹਰਿਆਣੇ ਨੂੰ ਧੱਕੇ ਨਾਲ ਪਾਣੀ ਦੇਣ) ਦੀ ਕੋਸ਼ਿਸ਼ ਕੀਤੀ ਅਤੇ ਬੈਠਕ ਬੁਲਾਈ ਗਈ, ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਸਾਮਿਲ ਕੀਤਾ ਗਿਆ। ਬੈਠਕ ਵਿੱਚ ਰਾਵੀ ਅਤੇ ਬਿਆਸ ਦੇ ਪਾਣੀ ਨੂੰ ਵੀ ਸ਼ਾਮਿਲ ਕਰ ਕੇ ਅਧਿਐਨ ਕੀਤਾ ਗਿਆ ਜਿਸ ਮੁਤਾਬਕ ਵਾਧੂ ਪਾਣੀ ਦੀ ਉਪਲਬਧਤਾ ਵਿੱਚੋਂ ਕੁਝ ਹਿੱਸਾ ਪੰਜਾਬ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਪਰ ਸ਼ਰਤ ਰੱਖੀ ਗਈ ਕਿ ਪੰਜਾਬ ਆਪਣੇ ਖੇਤਰ ਵਿੱਚ ਸਤਲੁਜ-ਜਮਨਾ ਲਿੰਕ ਨਹਿਰ ਦਾ ਨਿਰਮਾਣ ਕਰੇਗਾ ਪਾਣੀ ਹਰਿਆਣੇ ਨੂੰ ਦੇਵੇਗਾ।

ਨਹਿਰ ਦੇ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਇੰਦਰਾ ਗਾਂਧੀ ਨੇ 8 ਅਪਰੈਲ 1982 ਨੂੰ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਦੇ ਕੋਲ ਨਹਿਰ ਦਾ ਨਿਰਮਾਣ ਸ਼ੁਰੂ ਕਰਵਾਇਆ ਪਰ ਉਸ ਵਕਤ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿੱਚ ਅਕਾਲੀ ਦਲ ਨੇ ਨਹਿਰ ਦੇ ਵਿਰੋਧ ਵਿੱਚ ਧਰਮ ਯੁੱਧ ਮੋਰਚਾ ਵਿੱਢ ਦਿੱਤਾ। ਇਹ ਮੋਰਚਾ ਬਹੁਤ ਸਿਖਰਾਂ ‘ਤੇ ਪੁੱਜਾ ਅਤੇ ਉਸ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਇਹ ਮੋਰਚਾ ਚੱਲਿਆ।

ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ 24 ਜੁਲਾਈ 1985 ਨੂੰ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ ਜਿਸ ਤਹਿਤ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿੱਚ ਨਿਰਮਾਣ ਸ਼ੁਰੂ ਹੋਇਆ। ਲੱਖ ਕੋਸ਼ਿਸ਼ਾਂ ਦੇ ਬਾਅਦ ਜਦੋਂ ਪਿਆਰ ਨਾਲ ਗੱਲ ਕਿਸੇ ਪਾਸੇ ਨਾ ਲੱਗ ਸਕੀ ਤਾਂ ਨਹਿਰ ਦੇ ਵਿਰੋਧ ਵਿੱਚ ਸਿੱਖਾਂ ਸੰਘਰਸ਼ਸ਼ੀਲ ਯੋਧਿਆਂ ਨੇ ਰੋਹ ਵਿੱਚ ਆ ਕੇ 2 ਇੰਜੀਨੀਅਰਾਂ ਨੂੰ ਮਾਰ ਦਿੱਤਾ ਅਤੇ ਉਸ ਤੋਂ ਬਾਅਦ ਨਿਰਮਾਣ ਬਿਲਕੁਲ ਬੰਦ ਹੋ ਗਿਆ ਜੋ ਕਿ ਅੱਜ ਵੀ ਬੰਦ ਹੈ। ਪਰ ਪੰਜਾਬ ਦਾ ਪਾਣੀ ਦਾ ਮਸਲਾ ਅਜੇ ਵੀ ਜਾਰੀ ਹੈ।

ਅੱਜ ਐਸਵਾਈਐਲ ਦੇ ਵਿੱਚੋਂ ਦੀ ਪਾਣੀ ਬੇਸ਼ੱਕ ਨਹੀਂ ਜਾ ਰਿਹਾ ਪਰ ਪੰਜਾਬ ਦਾ ਪਾਣੀ ਰਾਜਸਥਾਨ ਫੀਡਰ ਰਾਹੀਂ ਲਗਾਤਾਰ ਲੁੱਟਿਆ ਜਾ ਰਿਹਾ ਹੈ। ਪੰਜਾਬ ਦੇ ਦਰਿਆਵਾਂ ਦਾ ਅੱਧ ਤੋਂ ਵੱਧ ਪਾਣੀ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਜਾ ਰਿਹਾ ਹੈ ਉਹ ਵੀ ਬਿਲਕੁਲ ਮੁਫ਼ਤ। ਅਤੇ ਇਸ ਤੋਂ ਦੂਜੇ ਪਾਸੇ ਹੁਣ ਜਦੋਂ ਪੂਰੇ ਪੰਜਾਬ ਵਿੱਚ ਝੋਨਾ ਲੱਗਣ ਦਾ ਸਮਾਂ ਸਿਰ ਉੱਪਰ ਹੈ ਤਾਂ ਪੰਜਾਬ ਦੀਆਂ ਸਾਰੀਆਂ ਨਹਿਰਾਂ ਲਗਭਗ ਸੁੱਕੀਆਂ ਦਿਖਾਈ ਦਿੰਦੀਆਂ ਹਨ ਜਿਨ੍ਹਾਂ ਵਿੱਚ ਜਾਂ ਤਾਂ ਲੋਕਾਂ ਨੇ ਕੂੜਾ ਸੁੱਟਿਆ ਹੋਇਆ ਹੈ ਅਤੇ ਜਾਂ ਫਿਰ ਆਪਣੇ ਆਪ ਉੱਗੀ ਬਨਸਪਤੀ ਨੇ ਉਨ੍ਹਾਂ ਨੂੰ ਮੱਲ ਲਿਆ ਹੈ।

**ਅੱਜ ਐਸਵਾਈਐਲ ਦੇ ਵਿੱਚੋਂ ਦੀ ਪਾਣੀ ਬੇਸ਼ੱਕ ਨਹੀਂ ਜਾ ਰਿਹਾ ਪਰ ਪੰਜਾਬ ਦਾ ਪਾਣੀ ਰਾਜਸਥਾਨ ਫੀਡਰ ਰਾਹੀਂ ਲਗਾਤਾਰ ਲੁੱਟਿਆ ਜਾ ਰਿਹਾ ਹੈ। ਪੰਜਾਬ ਦੇ ਦਰਿਆਵਾਂ ਦਾ ਅੱਧ ਤੋਂ ਵੱਧ ਪਾਣੀ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਜਾ ਰਿਹਾ ਹੈ ਉਹ ਵੀ ਬਿਲਕੁਲ ਮੁਫ਼ਤ। ਅਤੇ ਇਸ ਤੋਂ ਦੂਜੇ ਪਾਸੇ ਹੁਣ ਜਦੋਂ ਪੂਰੇ ਪੰਜਾਬ ਵਿੱਚ ਝੋਨਾ ਲੱਗਣ ਦਾ ਸਮਾਂ ਸਿਰ ਉੱਪਰ ਹੈ ਤਾਂ ਪੰਜਾਬ ਦੀਆਂ ਸਾਰੀਆਂ ਨਹਿਰਾਂ ਲਗਭਗ ਸੁੱਕੀਆਂ ਦਿਖਾਈ ਦਿੰਦੀਆਂ ਹਨ ਜਿਨ੍ਹਾਂ ਵਿੱਚ ਜਾਂ ਤਾਂ ਲੋਕਾਂ ਨੇ ਕੂੜਾ ਸੁੱਟਿਆ ਹੋਇਆ ਹੈ ਅਤੇ ਜਾਂ ਫਿਰ ਆਪਣੇ ਆਪ ਉੱਗੀ ਬਨਸਪਤੀ ਨੇ ਉਨ੍ਹਾਂ ਨੂੰ ਮੱਲ ਲਿਆ ਹੈ।**



ਰਾਇਪੇਰੀਅਨ ਸਿਧਾਂਤ ਅਨੁਸਾਰ ਪੰਜਾਬ ਦੇ ਪਾਣੀਆਂ ‘ਤੇ ਪਹਿਲਾ ਹੱਕ ਪੰਜਾਬ ਦਾ ਹੈ। ਇਹ ਸਿਧਾਂਤ ਕਹਿੰਦਾ ਹੈ ਕਿ ਦਰਿਆ ਦਾ ਪਾਣੀ ਉਸ ਰਾਜ ਦਾ ਕਾਨੂੰਨੀ ਹੱਕ ਹੈ ਜਿੱਥੇ ਇਹ ਦਰਿਆ ਵਗਦਾ ਹੈ। ਪਰ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਪੰਜਾਬ ਦੇ ਪਾਣੀਆਂ ਨੂੰ ਲੁੱਟਿਆ ਜਾ ਰਿਹਾ ਹੈ ਜਿਸ ਨਾਲ ਪੰਜਾਬ ਬੰਜਰ ਹੋਣ ਦੇ ਰਾਹ ‘ਤੇ ਤੁਰਿਆ ਹੈ। ਪੰਜਾਬ ਵਿੱਚ ਬਦਲਦੀਆਂ ਸਰਕਾਰਾਂ ਨੂੰ ਇਸ ਨਾਲ ਕੋਈ ਮਤਲਬ ਨਹੀਂ। ਸਰਕਾਰਾਂ ਵੋਟ ਬੈਂਕ ਦੀ ਖ਼ਾਤਰ ਇਸ ਮਸਲੇ ਨੂੰ ਉਛਾਲਦੀਆਂ ਹਨ ਪਰ ਪੰਜਾਬ ਦੇ ਪਾਣੀਆਂ ਦੇ ਹੱਕਾਂ ਵਾਸਤੇ ਲੜਨ ਲਈ ਅਸਮਰੱਥ ਹਨ। ਇਸ ਲਈ ਪੰਜਾਬ ਦੇ ਪਾਣੀਆਂ ‘ਤੇ ਲਗਾਤਾਰ ਡਾਕਾ ਵੱਜ ਰਿਹਾ ਹੈ। ਜੇਕਰ ਪੰਜਾਬ ਦੇ ਪਾਣੀਆਂ ਉੱਤੇ ਡਾਕਾ ਇਸੇ ਤਰ੍ਹਾਂ ਵੱਜਦਾ ਰਿਹਾ ਤਾਂ ਰਾਜਸਥਾਨ ਹਰਿਆ ਹੋਵੇ ਜਾ ਨਾ ਹੋਵੇ ਪੰਜਾਬ ਰਾਜਸਥਾਨ ਜ਼ਰੂਰ ਬਣ ਜਾਵੇਗਾ।

**(ਸਿੱਖ ਸਿਆਸਤ ‘ਚੋਂ ਧੰਨਵਾਦ ਸਹਿਤ)**



# ਮਨੁੱਖ, ਸਿੱਖ ਅਤੇ ਖਾਲਸਾ

ਗੁਰਮੇਲ ਸਿੰਘ ਖਾਲਸਾ

ਜੇ ਕੋਈ ਰੱਬ ਨੂੰ ਪੁੱਛੇ, 'ਰੱਬ ਜੀ ਤੁਸੀਂ ਸਭ ਤੋਂ ਵਧੀਆ ਚੀਜ਼ ਕਿਹੜੀ ਬਣਾਈ ਹੈ ?' ਮੇਰੀ ਜਾਚੇ ਰੱਬ ਦਾ ਜੁਆਬ ਹੋਵੇਗਾ, "ਮਨੁੱਖ!" ਸਾਡੇ ਦੇਖਦਿਆਂ ਦੇਖਦਿਆਂ ਮਨੁੱਖ ਨੇ ਉਹ ਚੀਜ਼ਾਂ ਬਣਾ ਲਈਆਂ ਜਿਹੜੀਆਂ ਸਾਡੀ ਸੋਚ ਤੋਂ ਵੀ ਪਰ੍ਹੇ ਹਨ । ਸਾਡੇ ਰੋਜ਼ਮਰ੍ਹਾ ਦੀ ਵਸਤੂ ਮੋਬਾਈਲ ਫੋਨ ਨੂੰ ਹੀ ਲੈ ਲਵੋ, ਇਸ ਵਿਚ ਮਨੁੱਖ ਨੇ ਪਤਾ ਨਹੀਂ ਕੀ-ਕੀ ਜੜ ਦਿੱਤਾ ਹੈ ਜਿਸ ਬਾਰੇ ਸਾਡੇ ਬਹੁਤੇ ਮਨੁੱਖ ਵੀ ਨਹੀਂ ਜਾਣਦੇ। ਇਸੇ ਤਰ੍ਹਾਂ ਸਾਰੇ ਪਾਸੇ ਏਵੇਂ ਹੀ ਹੈਰਾਨ ਕਰਨ ਵਾਲ਼ੀਆਂ ਖੋਜਾਂ ਮਨੁੱਖ ਨੇ ਖੋਜ ਲਈਆਂ ਹਨ । ਸਾਰੀਆਂ ਖੋਜਾਂ ਮਨੁੱਖ ਨੇ ਏਸ ਧਰਤੀ 'ਤੇ ਰਹਿਣ ਵਾਲੇ ਜੀਵਾਂ ਦੇ ਅਨੰਦਮਈ ਜੀਵਨ ਲਈ ਹੀ ਖੋਜੀਆਂ ਹਨ । ਮਕਸਦ ਤਾਂ ਏਹੀ ਸੀ ਕਿ ਏਸ ਧਰਤੀ 'ਤੇ ਰਹਿਣ ਵਾਲ਼ੇ ਸਾਰੇ ਜੀਅ-ਜੰਤ ਆਨੰਦ ਵਿਚ ਹੁੰਦੇ। ਅੱਜ ਦਾ ਮਨੁੱਖ ਬੇਸ਼ੱਕ ਸਾਰੀਆਂ ਸੁੱਖ ਸਹੂਲਤਾਂ ਦਾ ਅਨੰਦ ਮਾਣ ਰਿਹਾ ਹੈ ਪਰ ਅੰਦਰੋਂ ਉਹ ਡਰਿਆ ਹੋਇਆ ਹੈ। ਦੁਨੀਆ ਦਾ ਸਭ ਤੋਂ ਵੱਡਾ ਤੇ ਵਧੀਆ ਦੇਸ਼ ਅਮਰੀਕਾ, ਨੂੰ ਹੈ ਲੈ ਲਵੋ, ਉਸ ਨੂੰ ਕੋਰੀਆ ਦੇਸ਼ ਵਾਲ਼ੇ ਧਰਤੀ ਤੋਂ ਮਿਟਾਉਣ ਦੀਆਂ ਧਮਕੀਆਂ ਦੇ ਰਹੇ ਹਨ । ਕੋਰੀਆ ਕਹਿੰਦਾ ਹੈ ਕਿ ਉਹ ਅਮਰੀਕਾ ਤੇ ਇਲੈਕਟਰੋਮਗਨੈਟਿਕ ਫੀਲਡ ਨਾਲ਼ ਹਮਲਾ ਕਰਕੇ ਉਸ ਨੂੰ ਤਬਾਹ ਕਰ ਦੇਵੇਗਾ । ਇਸਲਾਮਿਕ ਸਟੇਟ ਆਫ ਇਰਾਕ ਅਤੇ ਸੀਰੀਆ(ਆਈਐਸਆਈਐਸ) ਦੇ ਸ਼ੀਆ-ਸੁੰਨੀ ਮੁਸਲਮਾਨ ਆਪਸ ਵਿਚ ਮਰਨ-ਮਾਰਨ 'ਤੇ ਹੋਏ ਫਿਰਦੇ ਹਨ। ਇਹ ਮਨੁੱਖਾਂ ਨੂੰ ਹਲਾਲ ਕਰ ਕਰ ਕੇ ਸੋਸ਼ਲ ਮੀਡੀਆ 'ਤੇ ਦਿਖਾ ਕੇ ਡਰਾ ਰਹੇ ਹਨ। ਭਾਰਤ ਪਾਕਿਸਤਾਨ ਇੱਕ ਦੂਜੇ ਦੇ ਵੈਰੀ ਬਣੇ ਹੋਏ ਹਨ । ਚੀਨ ਭਾਰਤ 'ਤੇ ਹਮਲਾ ਕਰਨ ਦੀਆਂ ਧਮਕੀਆਂ ਦੇ ਰਿਹਾ ਹੈ। ਆਪਣੇ ਆਪ ਨੂੰ ਸੱਭਿਅਕ ਅਖਵਾਉਣ ਵਾਲ਼ੇ ਦੇਸ਼ ਫਰਾਂਸ, ਇੰਗਲੈਂਡ ਵਿੱਚ ਮਨੁੱਖੀ ਬੰਬਾਂ ਨਾਲ਼ ਹਮਲੇ ਹੋ ਚੁੱਕੇ ਹਨ । ਦੁਨੀਆ ਦੇ ਚੰਗੇ ਪੜ੍ਹੇ ਲਿਖੇ ਮਨੁੱਖਾਂ ਨੇ ਰਲ਼ ਕੇ ਅਮਰੀਕਾ ਨੂੰ ਤਬਾਹ ਕਰਨ ਲਈ ਆਤਮਘਾਤੀ ਹਮਲਾ ਕੀਤਾ ਸੀ। ਉਹਨਾਂ ਦਾ ਨਿਸ਼ਾਨਾ ਤਾਂ ਸੀ ਕਿ ਅਮਰੀਕਾ ਦੇ ਦੁਨੀਆ ਨੂੰ ਡਰਾਉਣ ਲਈ ਬਣਾਏ ਬੰਬਾਂ ਨੂੰ ਅਮਰੀਕਾ ਵਿਚ ਹੀ ਚਲਾ ਕੇ ਅਮਰੀਕਾ ਨੂੰ ਹੀ ਤਬਾਹ ਕਰਨਾ। ਉਹਨਾਂ ਨੇ ਓਸਾਮਾ ਬਿਨ ਲਾਦੇਨ ਦੇ ਅਧੀਨ ਇੱਕ ਸੰਗਠਨ ਬਣਾਇਆ । 20-25 ਵਧੀਆ ਪੜ੍ਹੇ ਲਿਖੇ ਮਨੁੱਖਾਂ ਨੂੰ ਮਨੁੱਖੀ ਬੰਬ ਬਣਨ ਲਈ ਤਿਆਰ ਕਰ ਲਿਆ। ਉਹਨਾਂ ਨੂੰ ਉੱਚ ਕੋਟੀ ਦੀ ਟਰੇਨਿੰਗ ਦਿੱਤੀ ਗਈ ਕਿ ਕਿਵੇਂ ਅਮਰੀਕਾ ਨੂੰ ਤਬਾਹ ਕਰਨਾ ਹੈ। ਉਹ ਸਾਰੇ ਅਮਰੀਕਾ ਗਏ। ਉਹਨਾਂ ਅਮਰੀਕਾ ਦੇ ਹੀ ਚਾਰ ਪੰਜ ਮੁਸਾਫਰ ਜਹਾਜ਼ਾਂ ਨੂੰ ਅਗਵਾ ਕੀਤਾ, ਨਿਸ਼ਾਨੇ ਸੇਧ ਲਏ। ਦੋ ਜਹਾਜ਼ ਉਹਨਾਂ ਅਮਰੀਕਾ ਦੇ ਵਪਾਰ ਦੀ ਰੀੜ੍ਹ ਦੀ ਹੱਡੀ ਸਮਝੇ ਜਾਂਦੇ ਟਵਿੰਨ ਟਾਵਰਾਂ ਵਿਚ ਮਾਰ ਕੇ ਟਵਿੰਨ ਟਾਵਰਾਂ ਨੂੰ ਹੀ ਢਾਹ ਦਿੱਤਾ। ਇੱਕ ਜਹਾਜ਼ ਉਹਨਾਂ ਅਮਰੀਕਾ ਦੀ ਸੈਨਿਕ ਸ਼ਕਤੀ ਪੈਂਟਾਗਨ ਵਿਚ ਮਾਰਿਆ। ਇੱਕ ਅਮਰੀਕਾ ਦੇ ਰਾਸ਼ਟਰਪਤੀ ਭਵਨ ਵੱਲ ਨੂੰ ਲੈ ਗਏ। ਏਸ ਹਮਲੇ ਨਾਲ਼ ਹਜ਼ਾਰਾਂ ਮਨੁੱਖੀ ਜਾਨਾਂ ਗਈਆਂ। ਅਰਬਾਂ-ਖਰਬਾਂ ਡਾਲਰਾਂ ਦਾ ਨੁਕਸਾਨ ਹੋਇਆ। ਇੱਕ ਵਾਰ ਤਾਂ ਅਮਰੀਕਾ ਵਿਚ ਤਬਾਹੀ-ਤਬਾਹੀ ਮਚ ਗਈ । ਉਹਨਾਂ ਦਾ ਤਰਕ ਹੈ ਕਿ ਅਮਰੀਕਾ ਨੇ ਮਨੁੱਖਾਂ ਵਿੱਚੋਂ ਮਨੁੱਖਤਾ ਕੱਢ ਕੇ ਮਨੁੱਖਾਂ ਨੂੰ ਮਸ਼ੀਨਾਂ ਬਣਾ ਕੇ ਮਨੁੱਖਾਂ ਦਾ ਵਪਾਰੀਕਰਨ ਕਰ ਦਿੱਤਾ ਹੈ। ਮਨੁੱਖ ਆਪਣੇ ਬਚਾਉ ਲਈ ਕਦੇ ਚੰਦ ਵੱਲ ਨੂੰ, ਕਦੇ ਮੰਗਲ ਵੱਲ ਨੂੰ ਕਦੇ ਕਿਸੇ ਹੋਰ ਗ੍ਰਹਿ 'ਤੇ ਕਬਜ਼ਾ ਕਰਨ ਨੂੰ ਭੱਜਿਆ ਫਿਰਦਾ ਹੈ। ਇਸ ਬ੍ਰਹਿਮੰਡ ਦਾ ਸਭ ਤੋਂ ਸੁੰਦਰ ਖੰਡ ਧਰਤੀ ਨੂੰ ਬਚਾਉਣਾ ਭੁੱਲਿਆ ਹੋਇਆ ਹੈ। ਕਹਿੰਦੇ ਜਦੋਂ ਨੀਲ ਆਰਮਸਟ੍ਰਾਂਗ ਹੁਰੀਂ ਚੰਦ ਤੋਂ ਉਤਰ ਕੇ ਧਰਤੀ 'ਤੇ ਆਏ ਤਾਂ ਅਖਬਾਰਾਂ ਵਾਲ਼ਿਆਂ ਨੇ ਪੁੱਛਿਆ ਕਿ ਜਦੋਂ ਤੁਸੀਂ ਚੰਦ ਤੋਂ ਆਲ਼ਾ-ਦੁਆਲ਼ਾ ਦੇਖਿਆ ਤਾਂ ਸਭ ਤੋਂ ਵਧੀਆ ਚੀਜ਼ ਤੁਹਾਨੂੰ ਕਿਹੜੀ ਲੱਗੀ ? ਉਹਨਾਂ ਦਾ ਅੰਗਰੇਜ਼ੀ ਵਿਚ ਹਉਕੇ ਨਾਲ ਜੁਆਬ ਸੀ, 'Our.beautiful.earth !! ' ਯਾਨੀ ਸਾਡੀ ਸੁੰਦਰ ਧਰਤੀ ! ਫਿਰ ਸੁਆਲ ਪੁੱਛਣ ਵਾਲ਼ੇ ਨੇ ਪਲਟ ਕੇ ਪੁੱਛਿਆ, "ਕਦੇ ਧਰਤੀ 'ਤੇ ਰਹਿ ਕੇ ਵੀ ਸੋਚਿਆ ਕਿ ਰੱਬ ਨੇ ਸਾਨੂੰ ਸੋਹਣੀ ਧਰਤੀ ਦਿੱਤੀ ਹੈ, ਇਹਦੀ ਅਸੀਂ ਸੰਭਾਲ਼ ਕਰਨੀ ਹੈ ?" ਉਹਨਾਂ ਨੂੰ ਕੋਈ ਜੁਆਬ ਨਹੀਂ ਆਇਆ ।

ਅਮਰੀਕਾ ਵਰਗੇ ਧਰਤੀ ਦੇ ਸਭ ਤੋਂ ਮਹਾਨ ਦੇਸ਼ ਦੀ ਗੱਲ ਤੋਂ ਬਾਅਦ ਏਸ਼ੀਆ ਦੇ ਛੋਟੇ ਅਤੇ ਗਰੀਬ ਦੇਸ਼ ਬਰਮਾ ਜਾਂ ਮਿਆਂਮਾਰ ਦੀ ਗੱਲ ਕਰੀਏ। ਸੰਨ 1937 ਤਕ ਇਹ ਦੇਸ਼ ਭਾਰਤ ਦਾ ਹਿੱਸਾ ਸੀ। ਅੰਗਰੇਜ਼ਾਂ ਨੇ ਇਹਨਾਂ ਨੂੰ ਅਜ਼ਾਦ ਕਰ ਦਿੱਤਾ ਸੀ। ਅੱਜ ਕੱਲ ਇਸ ਦੇਸ਼ ਦੀ ਅਬਾਦੀ 5.5 ਕਰੋੜ ਹੈ। ਇਸ ਵਿਚ 4.3% ਰੋਹਿੰਗੇ ਮੁਸਲਮਾਨ ਰਹਿੰਦੇ ਹਨ। 6.2% ਇਸਾਈ ਅਤੇ 1% ਹਿੰਦੂ ਹਨ । ਬਾਕੀ ਬੋਧੀ ਬਹੁਮਤ ਵਿਚ ਹਨ । ਸੰਨ 1992 ਵਿਚ ਇਸ ਦੇਸ਼ ਦੇ ਬਹੁਮਤ ਬੋਧੀਆਂ ਨੇ ਰੋਹਿੰਗੇ ਮੁਸਲਮਾਨਾਂ ਤੋਂ ਨਾਗਰਿਕਤਾ ਦਾ ਹੱਕ ਖੋਹ ਲਿਆ। ਉਹਨਾਂ ਨੂੰ ਹੁਕਮ ਦੇ ਦਿੱਤਾ ਕਿ ਜਾਂ ਤਾਂ ਉਹ ਬੋਧੀ ਬਣ ਜਾਣ ਜਾਂ ਦੇਸ਼ ਛੱਡ ਜਾਣ ਜਾਂ ਫਿਰ ਮਰਨ ਲਈ ਤਿਆਰ ਹੋ ਜਾਣ। ਰੋਹਿੰਗੇ ਮੁਸਲਮਾਨ ਬਰਮਾ ਦੇ ਮੂਲ ਨਿਵਾਸੀ ਹਨ। ਅੱਜ ਕੱਲ੍ਹ ਰੋਹਿੰਗੇ ਮੁਸਲਮਾਨਾਂ ਦੀ ਬੜੀ ਬੇਰਿਹਮੀ ਨਾਲ਼ ਕੱਟ ਵੱਢ ਹੋ ਰਹੀ ਹੈ। ਇਹ ਕਤਲੇਆਮ ਸ਼ੋਸ਼ਲ ਮੀਡੀਆ ਤੇ ਦਿਖਾਇਆ ਜਾ ਰਿਹਾ ਹੈ। ਰੋਹਿੰਗੇ ਮੁਸਲਮਾਨਾਂ ਦੇ ਬੱਚਿਆਂ ਨੂੰ ਅੱਗ ਵਿਚ ਭੁੰਨਿਆ ਜਾ ਰਿਹਾ ਹੈ। ਨੌਜਵਾਨਾਂ ਦਾ ਮਾਸ ਉਤਾਰਿਆ ਜਾ ਰਿਹਾ ਹੈ। ਉਹਨਾਂ 'ਤੇ ਇਸ ਤਰ੍ਹਾਂ ਅਣਮਨੁੱਖੀ ਹਮਲੇ ਕਰਕੇ ਸਾਰੀ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਜਾ ਰਿਹਾ ਹੈ। ਰੋਹਿੰਗੇ ਵਿਚਾਰੇ ਲੁਕ ਛਿਪ ਕੇ ਆਲ਼ੇ ਦੁਆਲ਼ੇ ਦੇ ਦੇਸ਼ਾਂ ਵਿਚ ਭੱਜ ਰਹੇ ਹਨ। ਉਹ ਵਿਚਾਰੇ ਭੁੱਖੇ ਪਿਆਸੇ ਗੁਆਂਢੀ ਮੁਲਕਾਂ ਵਿਚ ਖੁੱਲ੍ਹੇ ਅਸਮਾਨ, ਸੜਕਾਂ ਉਤੇ ਰੁਲਣ ਲਈ ਮਜਬੂਰ ਹਨ। ਸਦੀਆਂ ਦੇ ਗੁਲਾਮ ਭੁੱਖੇ ਨੰਗੇ ਕੀੜੀ ਰੂਪੀ ਭਾਰਤ ਨੂੰ ਵੀ ਖੰਭ ਲੱਗ ਆਏ ਹਨ। ਅੱਜ ਕੱਲ੍ਹ ਇਹਨਾਂ ਵੀ ਆਪਣਾ ਨਿਸ਼ਾਨਾ ਮਿੱਥ ਲਿਆ ਹੈ ਕਿ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ। ਹਿੰਦੂ ਦਾ ਸਿਧਾਂਤ ਹੈ 'ਮੰਨੂਵਾਦ'। ਮਨੁੱਖਾਂ ਨੂੰ ਉੱਚਿਆਂ ਨੀਵਿਆਂ ਵਿਚ ਵੰਡ ਕੇ ਰਾਜ ਕਰਨਾ। ਮੰਨੂ ਨੇ ਮਨੁੱਖਾਂ ਦੀ ਵੰਡ ਇਉਂ ਕੀਤੀ ਹੈ । ਮਨੂੰ ਕਹਿੰਦਾ ਹੈ ਕਿ ਬ੍ਰਹਮਾ (ਭਗਵਾਨ) ਦੇ ਮੂੰਹ ਤੋਂ ਬ੍ਰਾਹਮਣ ਪੈਦਾ ਹੋਇਆ ਹੈ। ਛਾਤੀ ਅਤੇ ਬਾਹਵਾਂ ਤੋਂ ਖੱਤਰੀ। ਪੇਟ ਲੱਤਾਂ ਤੋਂ ਵੈਸ਼ ਪੈਦਾ ਹੋਇਆ ਹੈ। ਅੰਤ ਵਿਚ ਸ਼ੂਦਰ ਪੈਰਾਂ ਤੋਂ ਪੈਦਾ ਹੋਇਆ ਹੈ। ਬ੍ਰਾਹਮਣ ਮੂੰਹ ਤੋਂ ਪੈਦਾ ਹੋਇਆ ਹੋਣ ਕਰਕੇ ਸਭ ਤੋਂ ਉੱਪਰ ਹੈ। ਉਹ ਦੇਸ਼ ਦਾ ਮਾਲਕ ਹੈ। ਦੇਸ਼ ਦਾ ਰਾਜਾ ਵੀ ਬ੍ਰਾਹਮਣ ਤੋਂ ਪੁੱਛੇ ਬਗੈਰ ਕੋਈ ਕੰਮ ਨਹੀਂ ਕਰੇਗਾ। ਸ਼ੂਦਰ ਬ੍ਰਹਮਾ ਦੇ ਪੈਰਾਂ ਤੋਂ ਪੈਦਾ ਹੋਇਆ ਹੋਣ ਕਰਕੇ ਸਭ ਤੋਂ ਹੇਠਾਂ ਹੈ। ਬ੍ਰਾਹਮਣ ਦੀ ਰਾਖੀ ਵਾਸਤੇ ਖੱਤਰੀ ਹੈ। ਬ੍ਰਾਹਮਣ ਲਈ ਧੰਨ ਪੈਦਾ ਕਰਨ ਵਾਲ਼ਾ ਵੈਸ਼ ਹੈ । ਸਾਰਿਆਂ ਦੀ ਸੇਵਾ ਕਰਨ ਵਾਲ਼ਾ ਸ਼ੂਦਰ ਹੈ। ਮੰਨੂਵਾਦ ਦਾ ਮਤਲਬ ਹੈ ਪੂੰਜੀ+ਪਾਖੰਡ। ਪਾਖੰਡ ਫੈਲਾਉ ਤੇ ਧਨ ਇਕੱਠਾ ਕਰੋ। ਵੱਡੀ ਮੱਛੀ ਛੋਟੀਆਂ ਨੂੰ ਖਾਣ ਵਾਲ਼ਾ ਸਿਧਾਂਤ ਹੈ। ਧਨ ਅਤੇ ਵਿੱਦਿਆ ਸ਼ੂਦਰ ਕੋਲ਼ ਜਾਣ ਨਹੀਂ ਦੇਣਾ। ਇਸੇ ਸਿਧਾਂਤ ਅਨੁਸਾਰ ਹੀ ਅੱਜ ਕੱਲ੍ਹ ਰਾਜ ਚੱਲ ਰਿਹਾ ਹੈ। ਬ੍ਰਾਹਮਣ ਬਾਣੀਆਂ ਮੰਨੂਵਾਦੀਆਂ ਦੀ ਅਬਾਦੀ ਦੇਸ਼ ਵਿਚ 13% ਹੈ ਪਰ ਇਹ ਦੇਸ਼ ਦੇ ੯੦% ਰਾਜ ਕਰਨ ਵਾਲ਼ੇ ਹਨ। ਇਕ ਉੱਘੇ ਸ਼ਾਇਰ ਮੁਹੰਮਦ ਇਕਬਾਲ ਨੇ ਇਸੇ ਕਰਕੇ ਕਿਹਾ ਹੈ ਕਿ ਹਿੰਦੋਸਤਾਨ ਸ਼ੂਦਰਾਂ ਲਈ ਨਰਕ ਹੈ। ਬ੍ਰਾਹਮਣ ਖੁਆਬ ਵਿਚ ਸੀ ਜਾਂ ਕਹਿ ਲਵੋ ਬ੍ਰਾਹਮਣਵਾਦੀਆਂ ਨੂੰ ਵਹਿਮ ਹੋ ਗਿਆ ਕਿ ਉਹ ਦੁਨੀਆ ਦੀ ਸਭ ਤੋਂ ਉਤਮ ਨਸਲ ਹੈ। ਇਹਨਾਂ ਨੂੰ ਇਸ ਭਰਮ ਵਿਚੋਂ ਕੱਢਣ ਲਈ ਇਸ ਦੇਸ਼ ਵਿਚ ਗੁਰੂ ਨਾਨਕ ਦਾ ਪ੍ਰਕਾਸ਼ ਹੋਇਆ। ਸੁੱਤੇ ਪਏ ਹਿੰਦ ਵਾਸੀਆਂ ਨੂੰ ਇੱਕ ਓਂਕਾਰ ਦੀ ਬਾਂਗ ਨਾਲ ਜਗਾਇਆ। ਪਹਿਲੀ ਗੱਲ ਇਹ ਸਮਝਾਈ ਕਿ ਸਾਰੇ ਮਨੁੱਖ ਇੱਕ ਵਾਹਿਗੁਰੂ ਦੇ ਬੱਚੇ ਹਨ। ਵਾਹਿਗੁਰੂ ਅੱਲਾ-ਰੱਬ-ਗੌਡ ਆਦਿ ਸਾਰਿਆਂ ਦਾ ਪਿਤਾ ਹੈ। ਅਸੀਂ ਸਾਰੇ ਭੈਣ ਭਾਈ ਹਾਂ। ਇਸ ਗੱਲ ਨੂੰ ਸਮਝਾਉਣ ਲਈ ਗੁਰਬਾਣੀ ਰਚੀ। ਇਹ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਂਭੀ ਪਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਰਾਗ ਦਾ ਪਹਿਲਾ ਸ਼ਬਦ ਹੀ ਜੇ ਮਨੁੱਖ ਸਮਝ ਲਵੇ ਤਾਂ ਸੰਸਾਰ ਵਿਚ ਸੁੱਖ ਸ਼ਾਂਤੀ ਆ ਸਕਦੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਏਕੇ ਅਤੇ ਊੜੇ ਨਾਲ਼ ਜੁੜਨ ਅਤੇ ਸਮਝਣ ਲਈ ਮਨੁੱਖ ਅੱਗੇ ਮੁੱਖ ਚਾਰ ਰੁਕਾਵਟਾਂ ਆਉਂਦੀਆਂ ਹਨ। ਸਭ ਤੋਂ ਪਹਿਲਾਂ ਮਨੁੱਖ ਆਪਣੇ ਰਹਿਣ ਦਾ ਟਿਕਾਣਾ ਬਣਾਉਂਦਾ ਹੈ ਪਰ ਉਹ ਟਿਕਾਣਾ ਬਣਾਉਂਦਾ-ਬਣਾਉਂਦਾ ਇੰਨਾ ਉਲਝ ਜਾਂਦਾ ਹੈ ਕਿ ਉਹ ਰੱਬ ਨੂੰ ਹੀ ਭੁੱਲ ਜਾਂਦਾ ਹੈ। ਵਧੀਆ-ਵਧੀਆ ਕੋਠੀਆਂ ਵਿਚ ਸੋਨੇ ਹੀਰੇ ਮੋਤੀ ਆਦਿ ਜੜਦਾ ਰਹਿੰਦਾ ਹੈ। ਸੋਨੇ ਦੇ ਪਲੰਘ ਆਦਿ ਤੋਂ ਬਾਅਦ ਸੁੰਦਰ ਇਸਤਰੀ ਪੁਰਸ਼ਾਂ ਦੇ ਭੋਗ ਵਿਚ ਸਰਸੇ ਵਾਲ਼ੇ ਦੀ ਤਰਾਂ ਉਲਝ ਜਾਂਦਾ ਹੈ । ਆਪਣੇ ਆਪ ਨੂੰ ਹੀ ਰੱਬ ਸਮਝ ਕੇ ਅਸਲੀ ਰੱਬ ਨੂੰ ਹੀ ਭੁੱਲ ਜਾਂਦਾ ਹੈ। ਜਦੋਂ ਮਨੁੱਖ ਇਸ ਤਰ੍ਹਾਂ ਦੇ ਕੁਕਰਮਾਂ ਤੋਂ ਅੱਕ-ਥੱਕ ਜਾਂਦਾ ਹੈ ਤਾਂ ਲੋਕਾਂ ਨੂੰ ਹੈਰਾਨ ਕਰਨ ਲਈ ਰਿੱਧੀਆਂ ਸਿੱਧੀਆਂ ਦਾ ਸਹਾਰਾ ਲੈਂਦਾ ਹੈ । ਰਿੱਧੀਆਂ ਸਿੱਧੀਆਂ ਦੇ ਪਾਖੰਡ ਨਾਲ਼ ਲੋਕਾਂ ਦੀ ਭੀੜ ਇਕੱਠੀ ਹੁੰਦੀ ਹੈ। ਇਸ ਭੀੜ ਨੂੰ ਹੀ ਇੱਕ ਡਰਾਵਾ ਬਣਾਉਂਦਾ ਹੈ। ਅੱਜ-ਕੱਲ੍ਹ ਭੀੜ ਵੋਟਾਂ ਹਨ। ਵੋਟਾਂ ਨਾਲ਼ ਰਾਜ ਮਿਲ਼ਦਾ ਹੈ। ਅਖੀਰ ਮਨੁੱਖ ਅੰਦਰ ਆਪ ਰਾਜ ਲੈਣ ਦੀ ਲਾਲਸਾ ਪੈਦਾ ਹੋ ਜਾਂਦੀ ਹੈ। ਸਰਸੇ ਵਾਲ਼ੇ ਦੇ ਫਸਣ ਦਾ ਅਸਲ਼ੀ ਕਾਰਨ ਇਹੀ ਸੀ ਕਿ ਸਰਸੇ ਵਾਲ਼ੇ ਦਾ ਡੇਰੇ ਅਧੀਨ ਵੋਟਾਂ ਬਟੋਰਨ ਲਈ ਸਰਸੇ ਵਾਲ਼ੇ ਨੂੰ ਮਿਲਣਾ ਜ਼ਰੂਰੀ ਸੀ। ਇੱਕ ਪਾਸੇ ਵਿਸ਼ਾਲ ਭਾਰਤ ਦੇਸ਼ ਦੀ ਭਾਰੀ ਬਹੁਮਤ ਵਾਲ਼ੀ ਸਰਕਾਰ ਦੇ ਨੇਤਾ ਮੋਦੀ ਅਤੇ ਸ਼ਾਹ। ਦੂਜੇ ਪਾਸੇ ਪਾਖੰਡੀ ਸਾਧ। ਇਸ ਤੋਂ ਵੱਡੀ ਰਿੱਧੀ ਸਿੱਧੀ ਹੋਰ ਕੀ ਹੋ ਸਕਦੀ ਹੈ। ਜਦੋਂ ਮੋਦੀ ਅਤੇ ਸ਼ਾਹ ਨੂੰ ਵੀ ਪਾਖੰਡੀ ਸਾਧ ਤੋਂ ਸਮਾਂ ਲੈ ਕੇ ਮਿਲਣ ਦੀ ਆਗਿਆ ਹੋਵੇ। ਬਸ ਇਸੇ ਗੱਲ ਤੋਂ ਪਾਖੰਡੀ ਸਾਧ ਨੂੰ ਕੁਚਲ ਦਿੱਤਾ ਗਿਆ। ਇਸੇ ਲਈ ਹੀ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਭਾਈ ਰਿੱਧੀਆਂ-ਸਿੱਧੀਆਂ ਦੇ ਲਾਲਚ ਵਿਚ ਆਪਣੇ ਰੱਬ ਨੂੰ ਨਹੀਂ ਭੁੱਲਣਾ, ਆਪਣੇ ਅਸਲੀ ਪਿਤਾ ਨੂੰ ਨਹੀਂ ਭੁੱਲਣਾ। ਇਥੇ ਤਾਂ ਪਾਖੰਡੀ ਸਾਧ ਨੇ ਲੋਕਾਂ ਨੂੰ ਅਸਲੀ ਪਿਤਾ ਤੋਂ ਭੁਲਾ ਕੇ ਆਪਣੇ-ਆਪ ਨੂੰ ਹੀ ਪਿਤਾ ਜੀ ਸਦਵਾਉਣ ਦੀ ਗੁਸਤਾਖੀ ਕੀਤੀ ਸੀ। ਇਸੇ ਕਰਕੇ ਹੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪਹਿਲੇ ਸ਼ਬਦ ਵਿੱਚ ਚੇਤਾਵਨੀ ਦਿੱਤੀ ਹੈ :-

ਇੱਕ ਓਅੰਕਾਰ ਸਤਿਗੁਰ ਪ੍ਰਸਾਦਿ ।।
ਰਾਗੁ ਸਿਰੀ ਰਾਗੁ ਮਹਲਾ ਪਹਿਲਾ ਘਰੁ ਪਹਿਲਾ
ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ।।
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ।। 1
ਹਰਿ ਬਿਨੁ ਜੀਉ ਜਲਿ ਬਲਿ ਜਾਉ ।।
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ।। 1 ।। ਰਹਾਉ ।।

ਭਾਵ :- ਰਹਾਉ ਦੀਆਂ ਪੰਗਤੀਆਂ ਹਨ ' ਹਰਿ ਬਿਨੁ ਜੀਉ ਜਲਿ ਬਲਿ ਜਾਉ ।। ਮੈਂ ਆਪਣਾ ਗੁਰੁ- - - - - -ਰੱਬ , ਵਾਹਿਗੁਰੂ, ਅੱਲ੍ਹਾ, ਗੌਡ ਨੂੰ ਨਾ ਮੰਨਣ ਵਾਲਾ ਮਨੁੱਖ ਆਪਣੇ-ਆਪ ਨੂੰ ਸਭ ਤੋਂ ਉਪਰ ਸਮਝਣ ਲੱਗ ਪੈਂਦਾ ਹੈ। ਉਹ ਹੰਕਾਰੀ ਹੋ ਜਾਂਦਾ ਹੈ। ਹੰਕਾਰੀ ਮਨੁੱਖ ਹੰਕਾਰ ਵਿੱਚ ਹੀ ਸੜਦਾ ਭੁੱਜਦਾ ਰਹਿੰਦਾ ਹੈ। ਰੱਬ ਸਤਿ ਸੰਗਤ ਵਿਚ ਵਸਦਾ ਹੈ। ਹੰਕਾਰੀ ਮਨੁੱਖ ਸਤਿਸੰਗਤ ਵਿਚ ਬੈਠ ਕੇ ਰਾਜ਼ੀ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਮਝਣ-ਮੰਨਣ ਅਤੇ ਉਸ ਅਨੁਸਾਰ ਚੱਲਣ ਵਾਲੇ ਮਨੁੱਖਾਂ ਦੇ ਇਕੱਠ ਨੂੰ ਸਤਿਸੰਗਤ ਕਿਹਾ ਜਾਂਦਾ ਹੈ । ਵਿਚ ਸੰਗਤ ਹਰਿ ਪ੍ਰਭ ਵਸੈ ਜੀਉ ।। ਸਤਸੰਗਤ ਹੀ ਗੁਰੂ ਹੈ । ਇਸੇ ਲਈ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ ਕਿ ਇਹ ਗੱਲ ਮੇਰੇ ਗੁਰੂ ਜੀ ਨੇ ਪੱਕੀ ਕਰਵਾਈ ਹੈ ਕਿ ਵਾਹਿਗੁਰੂ ਤੋਂ ਬਗੈਰ ਸਾਡਾ ਕੋਈ ਟਿਕਾਣਾ ਨਹੀਂ।

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ।।
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਅਵੈ ਨਾਉ ।।

ਭਾਵ :- ਅਸੀਂ ਵਧੀਆ-ਵਧੀਆ ਕੋਠੀਆਂ ਬਣਾਉਂਦੇ ਹਾਂ। ਬੇਸ਼ੱਕ ਬਜਰੀ ਦੀ ਥਾਂ ਮੋਤੀ ਪਾਏ। ਹੀਰੇ, ਲਾਲ ਰਤਨ ਜੜ ਦਿੱਤੇ । ਫਰਸ਼ਾਂ 'ਤੇ ਲਾਲ ਜੜਨ ਤੋਂ ਬਾਅਦ ਪਲੰਗ ਆਦਿ 'ਤੇ ਭੀ ਲਾਲ ਜੜ ਦਿੱਤੇ । ਮੂੰਹ 'ਤੇ ਮਣੀ ਵਰਗੀਆਂ ਡਲ਼ਕਾਂ ਮਾਰਦੀ ਸੁੰਦਰ ਇਸਤਰੀ ਦੀ ਪ੍ਰਾਪਤੀ ਭੀ ਹੋ ਗਈ। ਜੇ ਰੰਗ ਰਲ਼ੀਆਂ ਵਿਚ ਮਸਤ ਹੋ ਕੇ ਰੱਬ ਚੇਤੇ ਨਹੀਂ ਤਾਂ ਅਮੋਲਕ ਮਨੁੱਖਾ ਜਨਮ ਭੰਗ ਦੇ ਭਾਣੇ ਗੁਆ ਦਿੱਤਾ ਹੈ।

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ।।
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ।।
ਮਤੁ ਦੇਖਿ ਭੂਲਾ ਵੀਸਰੋ ਤੇਰਾ ਚਿਤਿ ਨ ਆਵੈ ਨਾਉ ।।
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।।
ਹੁਕਮ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ।। (14)

ਜੇ ਸਿੱਧ ਬਾਬਾ ਭੀ ਹੋ ਜਾਵੇਂ, ਰਿੱਧੀਆਂ ਸਿੱਧੀਆਂ ਦਾ ਮਾਲਕ ਭੀ ਹੋ ਜਾਵੇਂ, ਆਪਣੇ ਆਪ ਨੂੰ ਲੋਕਾਂ ਤੋਂ ਛੁਪਾ ਭੀ ਲਵੇਂ ਅਤੇ ਫਿਰ ਉਹਨਾਂ ਅੱਗੇ ਬੇਸ਼ਕ ਪਰਗਟ ਭੀ ਹੋ ਜਾਵੇਂ ਤੇ ਲੋਕ ਤੇਰੇ ਤੋਂ ਡਰਨ ਭੀ ਲੱਗ ਪੈਣ, ਤਾਂ ਯਾਦ ਰੱਖ ਜੇ ਇਹਨਾਂ ਰਿੱਧੀਆਂ-ਸਿੱਧੀਆ ਦੇ ਚੱਕਰ ਵਿਚ ਰੱਬ ਦਾ ਨਾਮ ਭੁੱਲ ਜਾਵੇਂ ਤਾਂ ਸਮਝ, ਤੈਂ ਅਮੋਲਕ ਮਨੁੱਖਾ ਜਨਮ ਐਵੇਂ ਗੁਆ ਲਿਆ ।

ਬੇਸ਼ਕ ਰਾਜਾ ਭੀ ਬਣ ਗਿਆ। ਫੌਜਾਂ ਦਾ ਮਾਲਕ ਭੀ ਹੋ ਗਿਆ, ਤਖਤ ਰੂਪੀ ਕੁਰਸੀ ਦੀ ਪ੍ਰਾਪਤੀ ਭੀ ਹੋ ਗਈ । ਹੁਕਮ ਭੀ ਚਲਣ ਲੱਗਾ, ਇਥੋਂ ਤਕ ਕਿ ਹਵਾ ਭੀ ਤੇਰੇ ਹੁਕਮ ਅਨੁਸਾਰ ਚੱਲਣ ਲੱਗ ਪਈ। ਇਸ ਹਾਲਤ ਵਿਚ ਭੀ ਜੇ ਤੂੰ ਰੱਬ ਨੂੰ ਭੁਲਾ ਦਿੱਤਾ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਰਾਜ ਨਹੀਂ ਕਰ ਰਿਹਾ ਤਾਂ ਸਮਝੋ ਰਾਜਾ ਭੀ ਲੁੱਟਿਆ ਗਿਆ। ਗੁਰੂ ਜੀ ਨੇ ਮਨੁੱਖ ਨੂੰ ਇਹਨਾਂ ਹਾਲਤਾਂ ਤੋ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਹੈ ਕਿ ਕਿਸੇ ਭੀ ਹਾਲਤ ਵਿਚ ਰੱਬ ਨੂੰ ਜਾਂ ਵਾਹਿਗੁਰੂ ਜੀ ਨੂੰ ਨਹੀਂ ਭੁੱਲਣਾ। ਇਸ ਤਰਾਂ ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਚੱਲਣ- ਮੰਨਣ ਵਾਲੇ ਮਨੁੱਖਾਂ ਤੋਂ ਸਿੱਖ ਬਣ ਗਏ।

ਸਿੱਖੀ -ਸਿਖਿਆ ਗੁਰ ਵੀਚਾਰ ।।

ਇਹ ਸਿੱਖਿਆ ਨੂੰ ਗੁਰੂ ਗ੍ਰੰਥ ਸਹਿਬ ਜੀ ਵਿਚ ਸੰਭਾਲ ਲਿਆ ਗਿਆ । ਇਹ ਸਿੱਖਿਆ ਜਾਂ ਗੁਰਮਤਿ ਦੀ ਪੜ੍ਹਾਈ 230 ਸਾਲ ਚੱਲੀ। ਲੋਕਾਈ ਨੂੰ ਇੱਕ ਰੱਬ ਨਾਲ ਜੋੜਨਾ, ਉਹਨਾਂ ਨੂੰ ਇੱਕੋ ਜਿਹੀ ਸਿਖਿਆ ਦੁਆਉਣੀ, ਇੱਕੋ ਜਿਹਾ ਨਿਆਂ ਦੁਆਉਣਾ, ਜਾਤ-ਪਾਤ ਨੂੰ ਖਤਮ ਕਰਕੇ ਬਰਾਬਰਤਾ ਲਿਆਉਣੀ, ਇਹ ਸਿਧਾਂਤ ਮੰਨੂਵਾਦੀ ਸਿਧਾਂਤਾਂ ਤੋਂ ਬਿਲਕੁਲ ਉਲਟ ਹਨ। ਇਹ ਮੰਨੂਵਾਦੀਆਂ ਦੇ ਸਿਧਾਂਤਾਂ 'ਤੇ ਸਿੱਧੀ ਸੱਟ ਹੈ । ਇਸੇ ਕਰਕੇ ਮੰਨੂਵਾਦੀ ਨਾਨਕਵਾਦ ਦੇ ਉਲਟ ਹੋ ਗਏ । ਸਮੇਂ ਦੇ ਮੁਗਲ ਰਾਜਿਆਂ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ । ਗੁਰੂ ਨਾਨਕ ਸਾਹਿਬ ਜੀ ਨੂੰ ਜੇਲ੍ਹ ਵਿਚ ਬੰਦ ਕਰਵਾ ਦਿੱਤਾ। ਪੰਜਵੇਂ ਨਾਨਕ ਨੂੰ ਤਸੀਹੇ ਦਿਲਵਾ ਕੇ ਸ਼ਹੀਦ ਕਰਵਾਇਆ। ਛੇਵੇਂ ਨਾਨਕ ਨੂੰ ਗਵਾਲੀਅਰ ਦੀ ਜੇਲ੍ਹ ਵਿਚ ਬੰਦ ਕਰਵਾਇਆ ਗਿਆ

ਨੌਵੇਂ ਨਾਨਕ ਨੂੰ ਭੀ ਸ਼ਹੀਦ ਕਰਵਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੀ ਰਾਖੀ ਲਈ ਅਤੇ ਅਮਲੀ ਜਾਮਾ ਪਹਿਨਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪ੍ਰਗਟ ਕੀਤਾ ।

ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਸਿਧਾਂਤ ਮਾਨਵਵਾਦੀ ਹਨ । ਸਰਬੱਤ ਦੀ ਭਲਾਈ ਲਈ ਹਨ। ਮੰਨੂਵਾਦੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਅੱਜ ਤਕ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਰੋਧੀ ਰਹੇ ਹਨ। ਇਹਨਾਂ ਸਿਧਾਂਤਾਂ ਦੀ ਰਾਖੀ ਲਈ ਗਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਦਿੱਤਾ ਸੀ। ਮੰਨੂਵਾਦੀਆਂ ਨੇ ਦਲਿਤਾਂ 'ਤੇ ਰਾਜ ਕਰਨਾ ਹੈ ਅਤੇ ਨਾਨਕਵਾਦੀਆਂ ਨੇ ਦਲਿਤਾਂ ਦਾ ਸੁਧਾਰ ਕਰਨਾ ਹੈ। ਹਰ ਕਿਸਮ ਦੇ ਜ਼ੁਲਮ ਖਿਲਾਫ ਲੜਨਾ ਖਾਲਸੇ ਦਾ ਧਰਮ-ਕਰਮ ਹੈ । ਅੱਜ ਕੱਲ੍ਹ ਦੀ ਉਦਾਹਰਣ ਸਾਰੀ ਦੁਨੀਆ ਦੇ ਸਾਹਮਣੇ ਹੈ। ਮਿਆਂਮਾਰ ਦੇ ਰੋਹਿੰਗੇ ਮੁਸਲਮਾਨਾਂ 'ਤੇ ਅਤਿਆਚਾਰ ਸਾਰੀ ਦੁਨੀਆ ਦੇ ਸਾਹਮਣੇ ਹੈ। ਦੁਨੀਆ ਦੇ 54 ਦੇਸ਼ਾਂ 'ਤੇ ਰਾਜ ਮੁਸਲਮਾਨਾਂ ਦਾ ਹੈ। ਕੋਈ ਭੀ ਮੁਸਲਮਾਨਾਂ ਦਾ ਦੇਸ਼ ਮਿਆਂਮਾਰ ਦਾ ਪੀੜਤ ਮੁਸਲਮਾਨਾਂ ਦੀ ਬਾਂਹ ਫੜਨ ਲਈ ਨਹੀਂ ਬਹੁੜਿਆ। ਖ਼ਾਲਸਿਆਂ ਦਾ ਕੋਈ ਆਪਣਾ ਦੇਸ਼ ਨਾ ਹੋਣ 'ਤੇ ਭੀ ਖ਼ਾਲਸਾ ਏਡ ਵਾਲੇ ਰੋਹਿੰਗੇ ਮੁਸਲਮਾਨਾਂ ਦੀ ਮਦਦ ਲਈ ਸਭ ਤੋਂ ਅੱਗੇ ਆਏ ਹਨ। ਇਸੇ ਕਰਕੇ ਅੱਜ ਖ਼ਾਲਸਾ ਦੁਨੀਆ ਵਿਚ ਪਿਆਰਾ ਹੋ ਗਿਆ ਹੈ। ਖ਼ਾਲਸੇ ਦਾ ਨਿਸ਼ਾਨਾ ਭੀ ਏਹੀ ਹੈ ਕਿ ਖਾਲਸਾ ਆਪਣੇ ਵਿਚ ਐਨੇ ਗੁਣ ਭਰ ਲਵੇ ਕਿ ਦੁਨੀਆ ਭਰ ਦੇ ਮਨੁੱਖਤਾ ਪ੍ਰਸਤ ਲੋਕ ਖ਼ਾਲਸੇ ਨੂੰ ਪਿਆਰ ਕਰਨ ਲੱਗ ਪੈਣ। ਰਾਜ ਕਰਨ ਲਈ ਆਪ ਕਹਿਣ। ਰਾਜ ਨੂੰ ਥਾਲ਼ੀ ਵਿਚ ਪਰੋਸ ਕੇ ਭੀ ਦੇਣ 'ਤੇ ਖਾਲਸਾ ਉਹਨਾਂ ਨੂੰ ਇਹ ਗੁਰ ਹੁਕਮ ਦੱਸਣ :-

ਰਾਜ ਨ ਚਾਹਹੂ ਮੁਕਤਿ ਨਾ ਚਾਹਹੂ
ਮਨ ਪ੍ਰੀਤ ਚਰਨ ਕਮਲਾਰੇ ।।

ਬਾਕੀ ਸਫ਼ਾ 32 'ਤੇ

# ਕੈਨੇਡਾ ਦੇ ਕਿਊਬੈਕ 'ਚ ਸਰਕਾਰੀ ਮੁਲਾਜ਼ਮਾਂ 'ਤੇ ਦਸਤਾਰ ਸਮੇਤ ਕਈ ਧਾਰਮਿਕ ਪਹਿਰਾਵਿਆਂ 'ਤੇ ਲੱਗੀ ਰੋਕ

### *ਕੁਝ ਵਕੀਲਾਂ ਵਲੋਂ ਕੋਰਟ 'ਚ ਇਸ ਕਾਨੂੰਨ ਨੂੰ ਚੁਣੌਤੀ ਦੇਣ ਦੀ ਤਿਆਰੀ*

**ਮੌਂਟਰੀਅਲ/ਏਟੀ ਨਿਊਜ਼ :** ਕੈਨੇਡਾ ਦੇ ਕਿਊਬੈਕ ਸੂਬੇ 'ਚ ਸਕੂਲ ਅਧਿਆਪਕਾਂ, ਪੁਲਿਸ ਮੁਲਾਜ਼ਮਾਂ ਤੇ ਜੱਜਾਂ ਸਮੇਤ ਸਾਰੇ ਸਰਕਾਰੀ ਮੁਲਾਜ਼ਮਾਂ ਦੇ ਧਾਰਮਿਕ ਪਹਿਰਾਵੇ 'ਤੇ ਰੋਕ ਲਗਾ ਦਿੱਤੀ ਗਈ ਹੈ। ਇਸ ਸਬੰਧੀ ਸੂਬਾ ਸਰਕਾਰ ਵੱਲੋਂ ਤਜਵੀਜ਼ਸ਼ੁਦਾ ਕਾਨੂੰਨ ਐਤਵਾਰ ਨੂੰ 35 ਦੇ ਮੁਕਾਬਲੇ 73 ਵੋਟਾਂ ਨਾਲ ਪਾਸ ਹੋ ਗਿਆ। ਇਸ ਕਾਨੂੰਨ 'ਚ ਮੁਸਲਮਾਨਾਂ ਦੇ ਬੁਰਕਾ ਤੇ ਹਿਜਾਬ, ਸਿੱਖਾਂ ਦੀ ਦਸਤਾਰ, ਯਹੂਦੀਆਂ ਦੀ ਟੋਪੀ ਤੇ ਇਸਾਈਆਂ ਦੇ ਕ੍ਰਾਸ ਸਮੇਤ ਸਾਰੇ ਤਰ੍ਹਾਂ ਦੇ ਧਾਰਮਿਕ ਨਿਸ਼ਾਨਾਂ ਜਾਂ ਪਹਿਰਾਵੇ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਸੂਬਾ ਸਰਕਾਰ ਦੇ ਮੁਖੀ ਫ੍ਰੈਂਕਾਈਸ ਲੀਗਾਲਟ ਨੇ ਇਸ ਕਾਨੂੰਨ ਦੀ ਪੈਰਵੀ ਕਰਦੇ ਹੋਏ ਕਿਹਾ ਕਿ ਸਰਕਾਰ ਨੂੰ ਧਰਮ ਨਿਰਪੱਖ ਰੱਖਣ ਲਈ ਇਹ ਬਹੁਤ ਜ਼ਰੂਰੀ ਹੈ। ਪਰ ਵਿਰੋਧੀ ਨੇਤਾਵਾਂ ਨੇ ਇਸ ਕਾਨੂੰਨ ਨੂੰ ਨਾਗਰਿਕਾਂ ਦੀ ਧਾਰਮਿਕ ਸੁਤੰਤਰਤਾ 'ਤੇ ਹਮਲਾ ਦੱਸਿਆ ਹੈ। ਮਨੁੱਖੀ ਅਧਿਕਾਰ ਤੇ ਧਾਰਮਿਕ ਸੰਗਠਨਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਕੈਨੇਡਾ ਦਾ ਬਹੁ-ਸਭਿਆਚਾਰਕ ਅਕਸ ਖਰਾਬ ਕਰੇਗਾ। ਇਸ ਕਾਰਨ ਸਿੱਖ, ਮੁਸਲਮਾਨ ਤੇ ਯਹੂਦੀ ਆਪਣਾ ਸਰਕਾਰੀ ਅਹੁਦਾ ਛੱਡਣ 'ਤੇ ਮਜਬੂਰ ਹੋ ਜਾਣਗੇ। ਮੌਂਟਰੀਅਲ ਦੇ ਕਈ ਸਰਕਾਰੀ ਅਧਿਕਾਰੀਆਂ, ਮੇਅਰ ਤੇ ਸਕੂਲ ਬੋਰਡ ਨੇ ਇਸ ਕਾਨੂੰਨ ਨੂੰ ਲਾਗੂ ਨਹੀਂ ਹੋਣ ਦੀ ਗੱਲ ਕੀਤੀ ਹੈ। ਇਸ ਲਈ ਸੂਬੇ 'ਚ ਸੱਭਿਆਚਾਰਕ ਤਣਾਅ ਦੀ ਸਥਿਤੀ ਬਣ ਸਕਦੀ ਹੈ। ਨੈਸ਼ਨਲ ਕੌਂਸਲ ਆਫ ਕੈਨੇਡੀਅਨ ਮੁਸਲਿਮ ਤੇ ਦਿ ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ ਨਾਲ ਕੁਝ ਵਕੀਲ ਵੀ ਕੋਰਟ 'ਚ ਇਸ ਕਾਨੂੰਨ ਨੂੰ ਚੁਣੌਤੀ ਦੇਣ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਲਈ ਹਾਲਾਂਕਿ ਇਹ ਆਸਾਨ ਨਹੀਂ ਹੋਵੇਗਾ। ਸਰਕਾਰ ਨੇ ਇਸ ਬਿੱਲ 'ਚ 'ਨਾਟਵਿਦਸਟੈਂਡਿੰਗ ਕਲਾਜ਼' ਦਾ ਇਸਤੇਮਾਲ ਕੀਤਾ ਹੈ। ਸੰਵਿਧਾਨ 'ਚ ਇਸ ਤਹਿਤ ਸੂਬਾ ਸਰਕਾਰਾਂ ਨੂੰ ਧਾਰਮਿਕ ਤੇ ਵਿਚਾਰ ਪ੍ਰਗਟ ਕਰਨ ਨਾਲ ਜੁੜੀਆਂ ਸੁਤੰਤਰਤਾਵਾਂ ਰੱਦ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।

### ਪਹਿਲਾਂ ਵੀ ਹੋਇਆ ਸੀ ਵਿਰੋਧ-

ਇਸ ਕਾਨੂੰਨ ਦੇ ਵਿਰੋਧ 'ਚ ਅਪ੍ਰੈਲ 'ਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰ ਆਏ ਸਨ। ਪ੍ਰਦਰਸ਼ਨਕਾਰੀਆਂ ਦਾ ਕਹਿਣ ਸੀ ਕਿ ਧਾਰਮਿਕ ਨਿਸ਼ਾਨ ਪਾਉਣਾ ਵਿਅਕਤੀ ਦਾ ਨਿੱਜੀ ਫੈਸਲਾ ਹੈ। ਇਸ ਨਾਲ ਉਸ ਦੀ ਜਨਤਕ ਜ਼ਿੰਮੇਵਾਰੀਆਂ 'ਤੇ ਕੋਈ ਅਸਰ ਨਹੀਂ ਪੈਂਦਾ।

## ਸ਼ਿਵ ਸੈਨਾ ਪੰਜਾਬ ਦੇ ਮੁੱਖ ਦਫ਼ਤਰ 'ਤੇ ਵੱਜੀਆਂ ਇੱਟਾਂ



**ਛੇਹਰਟਾ/ਏਟੀ ਨਿਊਜ਼ :** ਇੰਡੀਆ ਗੇਟ ਸਥਿਤ ਸ਼ਿਵ ਸੈਨਾ ਪੰਜਾਬ ਦੇ ਬਣੇ ਇਕ ਦਫ਼ਤਰ ਦੇ ਬਾਹਰ ਇਕ ਨੌਜਵਾਨ ਨੇ ਸ਼ਿਵ ਸੈਨਾ ਪੰਜਾਬ ਦੇ ਵਿਪਨ ਨਈਅਰ ਵੱਲੋਂ ਲਗਾਏ ਬੋਰਡ ਨੂੰ ਇੱਟਾਂ ਮਾਰ ਕੇ ਪਾੜਨ ਤੇ ਉਥੇ ਕੰਮ ਕਰਦੇ ਇਕ ਨੌਕਰ ਤੇ ਮਾਲਕ ਦੇ ਪਿਤਾ ਨੂੰ ਸ਼ਰੇਆਮ ਧਮਕਾਇਆ ਹੈ, ਜਿਸ ਦੀ ਸਾਰੀ ਕਵਰੇਜ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈ ਹੈ। ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਮੁੱਖ ਵਿਪਨ ਨਈਅਰ ਨੇ ਇਸ ਸਬੰਧੀ ਥਾਣਾ ਛੇਹਰਟਾ ਵਿਚ ਲਿਖਤੀ ਦਰਖਾਸਤ ਦੇ ਕੇ ਕਾਰਵਾਈ ਦੀ ਮੰਗ ਕਰਨ ਤੋਂ ਇਲਾਵਾ ਖਾਲਿਸਤਾਨ ਸਮੱਰਥਕਾਂ ਖਿਲਾਫ ਵੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਵਿਪਨ ਨਈਅਰ ਨੇ ਦੱਸਿਆ ਕਿ ਉਨ੍ਹਾਂ ਦੇ ਸੀਸੀਟੀਵੀ ਕੈਮਰੇ ਵਿਚ ਸਭ ਕੈਦ ਹੋਇਆ ਹੈ, ਜਿਸ ਦੀ ਜਾਣਕਾਰੀ ਉਨ੍ਹਾਂ ਥਾਣਾ ਛੇਹਰਟਾ ਪੁਲਿਸ ਨੂੰ ਦਿੱਤੀ ਹੈ। ਸਬ ਇੰਸਪੈਕਟਰ ਗੁਲਸ਼ਨ ਲਾਲ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਮਨ ਪੰਡਿਤ, ਉਪ ਪ੍ਰਧਾਨ ਰਿੱਕੀ ਪੰਡਿਤ, ਰਘੁ ਰਾਜ, ਵਿਸ਼ਾਲ ਗੋਗਣਾ ਆਦਿ ਹਾਜ਼ਰ ਸਨ।

## ਗੰਗਾ 'ਚ ਜਾਦੂਗਰੀ ਦਿਖਾਉਦਿਆਂ ਜਾਦੂਗਰ ਲਾਪਤਾ

**ਕੋਲਕਾਤਾ/ਏਟੀ ਨਿਊਜ਼ :** ਜਾਦੂਗਰ ਚੰਚਲ ਲਹਿਰੀ ਜਾਦੂ ਦਿਖਾਉਣ ਲਈ ਗੰਗਾ 'ਚ ਉਤਰਿਆ, ਪਰ ਬਾਹਰ ਨਹੀਂ ਨਿਕਲ ਸਕਿਆ। ਲਹਿਰੀ ਇਕ ਪਿੰਜਰੇ ਵਿਚ ਅੱਖਾਂ 'ਤੇ ਪੱਟੀ ਤੇ ਹੱਥ-ਪੈਰ ਬੰਨ੍ਹ ਕੇ ਬੈਠ ਗਿਆ। ਕਿਸ਼ਤੀ ਉਸ ਨੂੰ ਹਾਵੜਾ ਪੁਲ ਕੋਲ ਲੈ ਕੇ ਆਈ ਤੇ ਉਥੇ ਖੜ੍ਹੀ ਕਰੇਨ ਨੇ ਉਸ ਨੂੰ ਗੰਗਾ ਵਿਚ ਉਤਾਰ ਦਿੱਤਾ। ਲਹਿਰੀ ਨੇ ਕਿਹਾ ਸੀ ਕਿ ਉਹ ਹੱਥ-ਪੈਰ ਖੋਲ੍ਹ ਕੇ



ਬਾਹਰ ਆ ਜਾਵੇਗਾ। ਦਰਸ਼ਕਾਂ ਨੇ ਦਸ ਕੁ ਮਿੰਟ ਤਾੜੀਆਂ ਮਾਰੀਆਂ ਪਰ ਉਹ ਬਾਹਰ ਨਾ ਆਇਆ। ਉਨ੍ਹਾਂ ਫਿਰ ਪੁਲਸ ਨੂੰ ਸੂਚਿਤ ਕੀਤਾ। ਗੋਤਾਖੋਰ ਉਸ ਨੂੰ ਸ਼ਾਮ ਤਕ ਲੱਭਦੇ ਰਹੇ ਪਰ ਉਹ ਨਹੀਂ ਲੱਭਾ।

# ਰਾਸ਼ਟਰਪਤੀ ਦੀ ਪ੍ਰਾਇਮਰੀ ਚੋਣ ਲੜ ਰਹੇ ਐਰਿਕ ਸਵਾਲਵੈੱਲ ਲਈ ਪੰਜਾਬੀ ਭਾਈਚਾਰੇ ਵਲੋਂ ਕੀਤਾ ਗਿਆ ਫੰਡ ਰੇਜ਼ਿੰਗ ਸਮਾਰੋਹ



**ਐਰਿਕ ਸਵਾਲਵੈੱਲ ਪੰਜਾਬੀ ਭਾਈਚਾਰੇ ਦੀਆਂ ਉੱਘੀਆਂ ਸਖਸ਼ੀਅਤਾਂ ਅਤੇ ਡੈਮੋਕਰੇਟਿਕ ਪਾਰਟੀ ਦੇ ਅਹੁਦੇਦਾਰਾਂ ਨਾਲ।**

**ਫਰੀਮੌਂਟ/ਬਿਊਰੋ ਨਿਊਜ਼ :** ਅਮਰੀਕਾ 'ਚ ਆ ਰਹੀ ਰਾਸ਼ਟਰਪਤੀ ਦੀ ਚੋਣ ਲਈ ਡੈਮੋਕਰੇਟਿਕ ਪਾਰਟੀ ਵਲੋਂ ਪ੍ਰਾਇਮਰੀ ਚੋਣਾਂ 'ਚ ਹਿੱਸਾ ਲੈ ਰਹੇ ਐਰਿਕ ਸਵਾਲਵੈੱਲ ਜੋ ਕੈਲੀਫੋਰਨੀਆਂ ਡਿਸਟ੍ਰਿਕ-15 ਤੋਂ ਬਤੌਰ ਕਾਂਗਰਸਮੈਨ ਪਾਰਟੀ ਦੀ ਪ੍ਰਤੀਨਿਧਤਾ ਕਰ ਰਹੇ ਹਨ, ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਇੱਥੇ ਪੰਜਾਬੀ ਭਾਈਚਾਰੇ ਵਲੋਂ ਇਕ ਉਚੇਚਾ ਫੰਡ ਰੇਜ਼ਿੰਗ ਸਮਾਗਮ ਰਾਜਾ ਸਵੀਟਸ ਦੇ ਸ. ਮੱਖਣ ਸਿੰਘ ਬੈਂਸ, ਸ. ਅਮੋਲਕ ਸਿੰਘ ਗਾਖਲ, ਮਾਈਕ ਜੌਹਲ, ਬਾਲੀ ਮਾਂਗਟ, ਬੌਬ ਸਿੰਘ ਅਤੇ ਯੁਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ ਦੀ ਅਗਵਾਈ ਹੇਠ ਅਯੋਜਿਤ ਕੀਤਾ ਗਿਆ। ਇਸ ਵਿਚ ਕੈਲੇਫੋਰਨੀਆ ਤੋਂ ਡੈਮੋਕਰੇਟਿਕ ਪਾਰਟੀ ਨਾਲ ਜੁੜੀਆਂ ਅਹਿਮ ਸਖਸ਼ੀਅਤਾਂ ਅਤੇ ਪੰਜਾਬੀ ਭਾਈਚਾਰੇ ਦੇ ਸਿਰਕੱਢ ਲੋਕਾਂ ਨੇ ਸ਼ਿਰਕਤ ਕੀਤੀ। ਸ੍ਰੀ ਐਰਿਕ ਸਵਾਲਵੈੱਲ ਨੂੰ ਪ੍ਰਾਇਮਰੀ ਚੋਣਾਂ 'ਚ ਅੱਗੇ ਨਿਕਲਣ ਲਈ ਹਰ ਸਹਿਯੋਗ ਦੇਣ ਦੀ ਪੇਸ਼ਕਸ਼ ਵੀ ਕੀਤੀ ਗਈ ਅਤੇ ਉਨ੍ਹਾਂ ਨੂੰ ਵੱਡਾ ਫੰਡ ਵੀ ਦਿੱਤਾ ਗਿਆ। ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਸ੍ਰੀ ਸਵਾਲਵੈੱਲ ਉਨ੍ਹਾਂ ਦੇ ਕਰੀਬ ਦੋ ਦਹਾਕੇ ਪੁਰਾਣੇ ਮਿੱਤਰ ਹਨ ਅਤੇ ਉਹ ਕਾਂਗਰਸਮੈਨ ਬਣਨ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਜਾਣਦੇ ਹਨ ਅਤੇ ਉਨ੍ਹਾਂ ਨੇ ਭਾਰਤੀ ਅਤੇ ਖਾਸਕਰ ਪੰਜਾਬੀ ਭਾਈਚਾਰੇ ਨੂੰ ਹਮੇਸ਼ਾ ਸਹਿਯੋਗ ਦਿੱਤਾ ਹੈ।ਉਨ੍ਹਾਂ ਦੀ ਗੱਲ ਨੂੰ ਨੇੜੇ ਤੋਂ ਹੋ ਕੇ ਸੁਣਿਆ ਹੈ, ਇਸ ਲਈ ਅਸੀਂ ਕਾਮਨਾ ਕਰਦੇ ਹਾਂ ਕਿ ਉਨ੍ਹਾਂ ਦੀ ਮਿਹਨਤ ਨੂੰ ਬੂਰ ਪਵੇ ਅਤੇ ਅਜਿਹਾ ਹੋਣ ਨਾਲ ਪੰਜਾਬੀਆਂ ਨੂੰ ਹੋਰ ਵੀ ਵਡਿਆਈ ਮਿਲੇਗੀ।ਉਂਝ ਵੀ ਕੈਲੀਫੋਰਨੀਆਂ ਡੈਮੋਕਰੇਟਿਕ ਪਾਰਟੀ ਦੀ ਸਟੇਟ ਹੋਣ ਕਰਕੇ ਐਰਿਕ ਸਵਾਲਵੈੱਲ ਨੂੰ ਬਹੁਤ ਸਹਿਯੋਗ ਮਿਲ ਰਿਹਾ ਹੈ। ਇਸ ਮੌਕੇ 'ਤੇ ਸਰਬਜੀਤ ਚੀਮਾ, ਸ਼ਰਨ ਕੌਰ, ਬਲਜੀਤ ਸੰਧੂ, ਯੂਨੀਅਨਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਸਰੂਪ ਸਿੰਘ ਝੱਜ ਤੇ ਹੋਰ ਵੀ ਨਾਮੀ ਸਖਸ਼ੀਅਤਾਂ ਸਮਾਗਮ ਵਿਚ ਹਾਜ਼ਰ ਸਨ ਅਤੇ ਵੱਡੀ ਗਿਣਤੀ ਵਿਚ ਬੀਬੀਆਂ ਵੀ ਇਸ ਪ੍ਰੋਗਰਾਮ ਦਾ ਹਿੱਸਾ ਬਣੀਆਂ।ਮੱਖਣ ਬੈਂਸ ਨੇ ਇਹ ਵੀ ਕਿਹਾ ਕਿ ਐਰਿਕ ਉਨ੍ਹਾਂ ਦੇ ਨਿੱਜੀ ਮਿੱਤਰਾਂ 'ਚੋਂ ਹਨ, ਭਵਿੱਖ ਵਿਚ ਉਹ ਨਿੱਜੀ ਯਤਨਾਂ ਨਾਲ ਵੀ ਐਰਿਕ ਦੀ ਮਦਦ ਕਰਨਗੇ।

# ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਦੀ ਮੀਟਿੰਗ ਫਰਿਜ਼ਨੋ ਵਿਚ ਹੋਈ

### *ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲਿਆਂ ਦਾ ਐਲਾਨ*

**ਫਰਿਜ਼ਨੋ/ਏਟੀ ਨਿਊਜ਼ :**

ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦੀ ਇਕ ਮੀਟਿੰਗ 16 ਜੂਨ ਨੂੰ ਫਰਿਜ਼ਨੋ ਵਿਚ ਹੋਈ। ਮੀਟਿੰਗ ਦੇ ਸ਼ੁਰੂ ਵਿਚ ਸਮੂਹ ਮੈਂਬਰਾਂ ਨੇ ਖੜੇ ਹੋ ਕਿ ਬੀਬੀ ਗੁਰਦੀਪ ਕੌਰ ਮਾਨ ਨੂੰ ਸ਼ਰਧਾਜਲੀ ਭੇਟ ਕੀਤੀ ਜੋ ਕਿ ਜੂਨ 7 ਨੂੰ ਆਪਣੀ ਜੀਵਨ-ਯਾਤਰਾ ਸੰਪੂਰਨ ਕਰ ਗਏ ਹਨ। ਬੀਬੀ ਗੁਰਦੀਪ ਕੌਰ ਮਾਨ ਫੋਰਮ ਦੇ ਕੈਸ਼ੀਅਰ ਅਤੇ ਮੋਢੀ ਮੈਂਬਰ ਸ. ਜਸਵੰਤ ਸਿੰਘ ਜੀ ਮਾਨ ਦੀ ਧਰਮ ਪਤਨੀ ਸਨ ਅਤੇ ਪਿਛਲੇ ਕੁਝ ਸਾਲਾਂ ਤੋਂ ਬਿਮਾਰ ਚਲ ਰਹੇ ਸਨ। ਮੀਟਿੰਗ ਵਿਚ ਇਕ ਮਤੇ ਰਾਹੀ ਉਨਾਂ ਦੀ ਮੌਤ 'ਤੇ ਦੁਖ ਪਰਗਟ ਕਰਦਿਆਂ ਸ. ਜਸਵੰਤ ਸਿੰਘ ਮਾਨ ਅਤੇ ਉਨਾਂ ਦੇ ਪਰਵਿਾਰ ਨਾਲ ਹਮਦਰਦੀ ਦਾ ਪਰਗਟਾਵਾ ਕੀਤਾ ਗਿਆ ਅਤੇ ਉਨਾਂ ਦੇ ਪਰਿਵਾਰ ਦੀਆਂ ਸਮਾਜ ਪ੍ਰਤੀ ਸੇਵਾਵਾਂ ਦੀ ਸਰਾਹਨਾ ਕੀਤੀ। ਇਕ ਹੋਰ ਮਤੇ ਰਾਹੀਂ ਪੰਜਾਬ ਦੇ ਉਘੇ ਸ਼ੋਸ਼ਲ ਵਰਕਰ, ਲੇਖਕ ਅਤੇ ਪਟਿਆਲਾ ਦੇ ਰਾਜਿੰਦਰਾ ਕਾਲਜ ਦੇ ਮੈਡੀਕਲ ਡਾਕਟਰ ਬੀਬੀ ਹਰਸ਼ਿੰਦਰ ਕੌਰ ਨੂੰ ਉਨਾਂ ਦੀ ਨੌਕਰੀ ਤੋਂ ਬਿਨਾ ਵਜਾ ਮੁਅੱਤਲੀ ਦੀ ਨਿੰਦਾ ਕੀਤੀ ਹੈ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨਾਂ ਨੂੰ ਸਤਿਕਾਰ ਸਮੇਤ ਉਨਾਂ ਦੀ ਨੌਕਰੀ ਤੇ ਬਹਾਲ ਕੀਤਾ ਜਾਵੇ। ਯਾਦ ਰਹੇ ਕਿ ਡਾ ਹਰਸ਼ਿੰਦਰ ਕੌਰ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦੇ ਸਮਾਜਿਕ ਮਸਲਿਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਡਮੁਲਾ ਕੰਮ ਕਰ ਰਹੇ ਹਨ ਅਤੇ ਉਹ ਗਰੀਬ ਪਰਿਵਾਰਾ ਦੀਆਂ ਬੇਟੀਆਂ ਦੀ ਪੜਾਈ ਲਈ ਵੀ ਉਘਾ ਯੋਗਦਾਨ ਪਾ ਰਹੇ ਹਨ। ਉਹ ਫੋਰਮ ਵਲੋਂ ਮਾਰਚ 2018 ਵਿਚ ਕਰਵਾਏ ਗਏ ਮੇਲੇ ਦੇ ਮੁੱਖ ਮਹਿਮਾਨ ਵੀ ਸਨ ਜਿਥੇ ਉਨਾਂ ਨੂੰ ਲੋਕਾਂ ਨੇ ਬੜੇ ਹੀ ਉਤਸ਼ਾਹ ਨਾਲ ਸੁਣਿਆ ਸੀ।

ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਪਿਛਲੇ ਕਈ ਸਾਲਾਂ ਤੋਂ ਕਰਵਾਏ ਜਾ ਰਹੇ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲਿਆਂ ਦੀ ਲੜੀ ਵਿਚ ਇਸ ਸਾਲ ਦੇ ਭਾਸ਼ਨ ਮੁਕਾਬਲੇ 28 ਜੁਲਾਈ ਨੂੰ ਫਰਿਜ਼ਨੋ ਵਿਚ ਕਰਵਾਉਣ ਦਾ ਫੈਸਲਾ ਲਿਆ ਗਿਆ। ਇਹ ਭਾਸ਼ਨ ਮੁਕਾਬਲੇ ਜਲਿਆਂਵਾਲੇ ਬਾਗ ਦੇ ਸ਼ਹੀਦੀ ਸਾਕੇ, ਸ਼ਹੀਦ ਊਧਮ ਸਿੰਘ ਸੁਨਾਮ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਸਮਰਪਤ ਹੋਣਗੇ। ਇਹ ਭਾਸ਼ਨ ਮੁਕਾਬਲੇ 28 ਜੁਲਾਈ ਨੂੰ ਇੰਡੀਆ ਉਵਨ, 3035 ਵੈਸਟ ਐਸਲੈਨ ਐਵਨਿਊ ਫਰਿਜ਼ਨੋ ਵਿਚ ਦੁਪਿਹਰ 1 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਏ ਜਾ ਰਹੇ ਹਨ ਅਤੇ ਇਨਾਂ ਵਚ ਹਰ ਉਮਰ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ। ਇਨਾਂ ਮੁਕਾਬਲਿਆਂ ਵਿਚ ਵਿਦਿਆਰਥੀਆਂ ਨੂੰ ਉਨਾਂ ਦੀ ਉਮਰ ਦੇ ਹਿਸਾਬ ਨਾਲ ਚਾਰ ਗਰੁੱਪਾਂ ਵਿਚ ਵੰਡ ਕੇ ਵੱਖ-ਵੱਖ ਵਿਸ਼ੇ ਦਿਤੇ ਗਏ ਹਨ। ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਕਿਸੇ ਵੀ ਆਜ਼ਾਦੀ ਘੁਲਾਟੀਏ 'ਤੇ ਅਧਾਰਤ ਆਪਣੀ ਸਪੀਚ ਕਰਨਗੇ। ਮਿਡਲ ਸਕੂਲ ਦੇ ਵਿਦਿਆਰਥੀ ਸ਼ਹੀਦ ਊਧਮ ਸਿੰਘ ਜਾਂ ਸ਼ਹੀਦ ਮਦਨ ਲਾਲ ਢੀਂਗਰਾਂ ਦੇ ਜੀਵਨ ਅਤੇ ਸੰਘਰਸ਼ 'ਤੇ ਅਧਾਰਤ ਆਪਣੀ ਸਪੀਚ ਕਰਨਗੇ। ਹਾਈ ਸਕੂਲ਼ ਦੇ ਵਿਦਿਆਰਥੀਆਂ ਦਾ ਵਿਸ਼ਾ ਜ਼ਲਿਆਂਵਾਲੇ ਬਾਗ ਦਾ ਸਾਕਾ ਹੋਵੇਗਾ। ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਭਾਸ਼ਨ ਦਾ ਵਿਸ਼ਾ 'ਜ਼ਲਿਆਂਵਾਲੇ ਬਾਗ ਦੇ ਸਾਕੇ ਦਾ ਭਾਰਤ ਦੀ ਆਜ਼ਾਦੀ ਦੀ ਲੜਾਈ ਤੇ ਪਰਭਾਵ' ਹੋਵੇਗਾ। ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫੀਕੇਟ ਦਿਤੇ ਜਾਣਗੇ ਅਤੇ ਹਰ ਗਰੁੱਪ ਦੇ ਪਹਿਲੇ ਤਿੰਨ ਜੇਤੂਆਂ ਨੂੰ ਨਗਦ ਇਨਾਮ ਦਿਤੇ ਜਾਣਗੇ।

ਫੋਰਮ ਪਿਛਲੇ ਅੱਠ ਸਾਲਾਂ ਤੋਂ ਵਿਦਿਆਰਥੀਆਂ ਲਈ ਇਹ ਪ੍ਰੋਗਰਾਮ ਕਰਵਾ ਰਿਹਾ ਹੈ ਜਿਸ ਦਾ ਮੁਖ ਮਕਸਦ ਸਾਡੇ ਬੱਚਿਆਂ ਨੂੰ ਸਮਾਜ ਵਿਚ ਅਗਾਂਹਵਧੂ ਅਤੇ ਲੀਡਰਸ਼ਿਪ ਰੋਲ ਲਈ ਤਿਆਰ ਕਰਨਾ ਹੈ। ਫੋਰਮ ਨੇ ਸਮੂਹ ਭਾਈਚਾਰੇ ਨੂੰ ਆਪਣੇ ਬੱਚਿਆਂ ਸਮੇਤ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਉਤਸ਼ਾਹਤ ਕਰਨ ਦੀ ਅਪੀਲ ਕੀਤੀ ਹੈ ਅਤੇ ਕਿਸੇ ਤਰਾਂ ਦੀ ਮਦਦ ਲਈ ਫੋਰਮ ਦੇ ਨੁਮਾਇੰਦਿਆਂ ਨਾਲ ਸੰਪਰਕ ਕਰ ਸਕਦੇ ਹਨ। ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਜਾਂ ਕਿਸੇ ਹੋਰ ਜਾਣਕਾਰੀ ਲਈ ਹਰਜਿੰਦਰ ਢੇਸੀ (559-618-0156), ਸੁਰਿੰਦਰ ਮੰਢਾਲੀ (559-473-9269) ਜਾਂ ਗੁਰਦੀਪ ਸਿੰਘ ਗਿੱਲ (559-360-4248) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਨਾਂ ਮੁਕਾਬਲਿਆਂ ਲਈ ਆਪਣਾ ਨਾਂ ਰਜਿਸਟਰ ਕਰਵਾਉਣ ਲਈ ਈਮੇਲ ਕਰੋ AHForum@Gmail.Com

## ਬਾਬਾ ਗੁਰੂ ਨਾਨਕ ਯੂਨੀਵਰਸਿਟੀ ਲਈ ਪਾਕਿ ਦੀ ਸੂਬਾਈ ਅਸੈਂਬਲੀ 'ਚ ਫੰਡਾਂ ਨੂੰ ਮਨਜ਼ੂਰੀ

**ਅੰਮ੍ਰਿਤਸਰ/ਏਟੀ ਨਿਊਜ਼ :**

ਪਾਕਿਸਤਾਨ ਦੀ ਲਹਿੰਦੇ ਪੰਜਾਬ ਦੀ ਅਸੈਂਬਲੀ ਵਲੋਂ ਬਜਟ ਇਜਲਾਸ ਦੌਰਾਨ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਵਿਖੇ ਸਥਾਪਤ ਕੀਤੀ ਜਾਣ ਵਾਲੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੀ ਉਸਾਰੀ ਲਈ ਲੋੜੀਂਦੇ ਫੰਡਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਲਾਹੌਰ ਤੋਂ ਬਾਬਰ ਜਲੰਧਰੀ ਨੇ ਦੱਸਿਆ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਸਥਾਪਤ ਕੀਤੀ ਜਾਣ ਵਾਲੀ ਕੌਮਾਂਤਰੀ ਯੂਨੀਵਰਸਿਟੀ ਲਈ ਫੰਡਾਂ ਨੂੰ ਮਨਜ਼ੂਰੀ ਦਿੱਤੇ ਜਾਣ ਦੇ ਨਾਲ-ਨਾਲ 70 ਏਕੜ ਜ਼ਮੀਨ ਵੀ ਅਲਾਟ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਰਦਾਰ ਉਸਮਾਨ ਬੁਜ਼ਦਰ ਵਲੋਂ ਯੂਨੀਵਰਸਿਟੀ ਦੀ ਉਸਾਰੀ ਦਾ ਮਾਮਲਾ ਇਸ ਵਰ੍ਹੇ ਦੇ ਵਿਕਾਸ ਪ੍ਰੋਗਰਾਮ 'ਚ ਸ਼ਾਮਿਲ ਕੀਤਾ ਗਿਆ ਹੈ। ਸ੍ਰੀ ਨਨਕਾਣਾ ਸਾਹਿਬ 'ਚ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਯੂਨੀਵਰਸਿਟੀ ਬਣਾਉਣ ਲਈ ਪਾਕਿਸਤਾਨ 'ਚ ਰਹਿ ਰਹੇ ਸਿੱਖ ਲੰਬੇ ਸਮੇਂ ਤੋਂ ਮੰਗ ਕਰ ਰਹੇ ਹਨ ਤੇ ਪੰਜਾਬ ਸਰਕਾਰ ਵਲੋਂ ਕੀਤੇ ਗਏ ਉਕਤ ਐਲਾਨ ਨੂੰ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿ ਸਰਕਾਰ ਵਲੋਂ ਉਨ੍ਹਾਂ ਨੂੰ ਦਿੱਤਾ ਗਿਆ ਇਕ ਵੱਡਾ ਤੋਹਫਾ ਦੱਸਿਆ ਹੈ। ਉੱਧਰ ਪੰਜਾਬ ਯੂਨੀਵਰਸਿਟੀ ਦੇ ਬੁਲਾਰੇ ਖੁਰਮ ਸ਼ਹਿਜ਼ਾਦ ਨੇ ਕਿਹਾ ਹੈ ਕਿ ਪਾਕਿ 'ਚ ਪਹਿਲੀ ਵਾਰ ਪੰਜਾਬ ਯੂਨੀਵਰਸਿਟੀ ਵਲੋਂ ਸ਼ਾਂਤੀ ਦੇ ਸੰਦੇਸ਼ ਨੂੰ ਉਤਸ਼ਾਹਿਤ ਕਰਨ ਲਈ ਬਾਬਾ ਗੁਰੂ ਨਾਨਕ ਰਿਸਰਚ ਚੇਅਰ ਦੀ ਸਥਾਪਨਾ ਕੀਤੀ ਗਈ ਹੈ, ਜਿਸ ਦੇ ਬਾਅਦ ਹੁਣ ਯੂਨੀਵਰਸਿਟੀ ਦੇ ਵਿਦਿਆਰਥੀ ਬਾਬਾ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਖੋਜ ਕਰਨਗੇ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ 'ਤੇ ਉਸਾਰੀ ਜਾਣ ਵਾਲੀ ਉਕਤ ਯੂਨੀਵਰਸਿਟੀ 'ਚ ਇਕੱਲੇ ਪਾਕਿਸਤਾਨ ਦੇ ਹੀ ਨਹੀਂ, ਸਗੋਂ ਦੁਨੀਆ ਭਰ ਦੇ ਸਿੱਖਾਂ ਦੇ ਬੱਚੇ ਗਿਆਨ ਹਾਸਲ ਕਰ ਸਕਣਗੇ।

# ਇੰਡੀਅਨ ਐਪਲਸ ਵਿਖੇ ਪੰਚਮ ਪਾਤਸ਼ਾਹ ਦੀ ਸ਼ਹਾਦਤ ਤੇ ਤੀਜੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਹੀਦੀ ਸਮਾਗਮ







**ਇੰਡੀਆਨਾ ਪੋਲਿਸ/ਏਟੀ ਨਿਊਜ਼ :**
ਜਦੋਂ ਵੀ ਜੂਨ ਮਹੀਨੇ ਦੀ ਆਮਦ ਹੁੰਦੀ ਹੈ ਸਿੱਖ ਕੌਮ ਦੇ ਹਿਰਦੇ ਵਲੂੰਧਰੇ ਜਾਂਦੇ ਹਨ। ਕਿਵੇਂ ਭੁੱਲ ਜਾਣ ਕਿ ਜੂਨ ਦੇ ਮਹੀਨੇ ਵਿਚ ਸੋਚੀ ਸਮਝੀ ਸਕੀਮ ਅਧੀਨ ਸਮੇਂ ਦੀ ਸਰਕਾਰ ਨੇ ਆਪਣੇ ਹੀ ਲੋਕਾਂ 'ਤੇ ਆਪਣੀ ਫੌਜ ਰਾਹੀਂ ਇਕ ਨਹੀਂ 37 ਗੁਰੂਘਰਾਂ 'ਤੇ ਰੱਬ ਦਾ ਨਾਂ ਜਪ ਰਹੀਆਂ ਸੰਗਤਾਂ 'ਤੇ ਟੈਂਕਾਂ-ਤੋਪਾਂ ਨਾਲ ਹਮਲਾ ਕਰ ਕੇ ਨਿੱਹਥੇ ਬੱਚੇ-ਬੁੱਢੇ, ਮਰਦ-ਜਨਾਨੀਆਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਸੀ। ਇਹ ਇਕ ਨਸਲਕੁਸ਼ੀ ਸੀ, ਇਹ ਇਕ ਜ਼ਾਲਮਾਨਾ ਹਮਲਾ ਸੀ। ਪੰਜ ਸਦੀਆਂ ਦਾ ਪੁਰਾਣਾ ਵੈਰ ਕੱਢਿਆ ਗਿਆ ਸੀ। ਇਸੇ ਗੱਲ ਨੂੰ ਯਾਦ ਕਰਦਿਆਂ ਸਿੱਖ ਸੁਸਾਇਟੀ ਆਫ਼ ਇੰਡੀਆਨਾ ਵਲੋਂ ਗੁਰੂਘਰ ਗੁਰਦੁਆਰਾ ਸਿੱਖ ਸੰਗਤ ਵਿਚ ਇੰਡੀਅਨ ਐਪਲਸ ਵਿਖੇ 7 ਜੂਨ ਨੂੰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਾਠ ਰਖਵਾਇਆ ਗਿਆ, ਜਿਸ ਦੇ ਭੋਗ 9 ਜੂਨ ਐਤਵਾਰ ਨੂੰ ਪਾਏ ਗਏ।

ਗੁਰੂ ਦੇ ਸਿੱਖ ਹਮੇਸ਼ਾ ਹੀ ਆਪਣੇ ਗੁਰੂ ਨੂੰ ਨਤਮਸਤਕ ਹੁੰਦੇ ਹਨ। ਇਸੇ ਪ੍ਰਕਾਰ ਸੰਗਤਾਂ ਵਿਚ ਗੁਰੂ ਲਈ ਸ਼ਰਧਾ ਅਤੇ ਜ਼ੁਲਮਾਂ ਲਈ ਨਫ਼ਰਤ ਸੀ। ਭੋਗ ਤੋਂ ਬਾਅਦ ਦੀਵਾਨ ਸਜਿਆ, ਭਾਈ ਪ੍ਰੀਤਮ ਸਿੰਘ ਨੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਅਤੇ ਸੰਤ ਜਰਨੈਲ ਸਿੰਘ ਤੇ ਸਮੂਹ ਸ਼ਹੀਦਾਂ ਨੂੰ ਯਾਦ ਕਰਦਿਆਂ ਇਤਿਹਾਸ 'ਤੇ ਚਾਨਣਾ ਪਾਇਆ। ਪ੍ਰਸਿੱਧ ਕਵੀਸ਼ਰੀ ਜਥਾ ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲਿਆਂ ਨੇ ਆਪਣੀ ਵੀਰਰਸੀ ਕਵੀਸ਼ਰੀ ਰਾਹੀਂ ਸੰਗਤਾਂ 'ਚ ਵੀਰ ਰਸ ਭਰਿਆ ਅਤੇ ਸਿੱਖ ਰਾਜ ਲਈ ਜੱਦੋ ਜਹਿਦ ਕਰਨ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਸਿੱਖ ਕੌਮ ਦੀ ਆਜ਼ਾਦੀ ਹੀ ਇਕ ਹੱਲ ਹੈ ਜਿਸ ਨਾਲ ਕੌਮ ਦਾ ਇਤਿਹਾਸ ਅਤੇ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ।

ਸਿੱਖ ਸੁਸਾਇਟੀ ਦੇ ਬੁਲਾਰੇ ਨੇ ਸਮੁੱਚੀ ਕੌਮ ਅਤੇ ਬੈਠੀਆਂ ਸੰਗਤਾਂ ਨੂੰ ਸੰਬੋਧਨ ਕਰਕੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕਰਨਾ ਅਤੇ ਉਸ 'ਤੇ ਅਮਲ ਕਰਨਾ ਬਹੁਤ ਜ਼ਰੂਰੀ ਹੈ ਸਮੁੱਚੀ ਸਿੱਖ ਕੌਮ ਪਿਛਲੇ 70 ਸਾਲਾਂ ਤੋਂ ਦੋਹਰਾ ਪੜ੍ਹਦੀ ਆ ਰਹੀ ਹੈ ਕਿ 'ਰਾਜ ਕਰੇਗਾ ਖ਼ਾਲਸਾ' ਇਹ ਸਿਰਫ਼ ਪੜ੍ਹਨ ਲਈ ਹੀ ਨਹੀਂ ਸਗੋਂ ਇਸ 'ਤੇ ਅਮਲ ਕਰੋ। ਅਸੀਂ ਹਰ ਰੋਜ਼ ਅਰਦਾਸ ਕਰਦੇ ਹਾਂ ਪਰ ਅਮਲ ਨਹੀਂ ਕਰਦੇ। ਅੱਜ ਲੋੜ ਹੈ ਸਿੱਖ ਰਾਜ ਦੀ, ਉਸ ਰਾਜ ਦੀ ਜਿਸ ਵਿਚ ਹਰ ਘੱਟ ਗਿਣਤੀ ਨੂੰ ਆਜ਼ਾਦੀ ਹੋਵੇ, ਹਰੇਕ ਦੀ ਆਪਣੀ ਹੋਂਦ ਹੋਵੇ, ਹਰ ਆਦਮੀ ਦੇ ਮਨੁੱਖੀ ਅਧਿਕਾਰ ਹੋਣ, ਹਰ ਇਕ ਨੂੰ ਆਜ਼ਾਦੀ ਹੋਵੇ। ਇਸ ਤੋਂ ਬਾਅਦ ਭਾਈ ਜੋਗਿੰਦਰ ਸਿੰਘ ਦੇ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਆਜ਼ਾਦ ਹੋਣ ਦੀ ਅਤੇ ਗੁਰਬਾਣੀ ਨਾਲ ਜੁੜਨ ਦੀ, ਸੰਤ ਤੇ ਸਿਪਾਹੀ ਬਣਨ ਦੀ, ਫਿਰ ਹੀ ਅਸੀਂ ਮਹਾਨ ਪੰਜਾਬ ਦੇਸ਼ ਸਿੱਖ ਰਾਜ ਦੀ ਆਸ ਕਰ ਸਕਦੇ ਹਾਂ।

ਇਸ ਦਿਨ ਸੈਰਿਫ਼ ਡਿਪਾਰਟਮੈਂਟ, ਇੰਡੀਅਨ ਐਪਲਜ਼ ਵਲੋਂ ਖਾਸ ਤੌਰ 'ਤੇ ਸ਼ਿਰਕਤ ਕੀਤੀ ਗਈ। ਉਨ੍ਹਾਂ ਦੇ ਸਟਾਫ਼ ਦੇ ਡਿਪਟੀ ਜਾਵੇਦ ਖਾਨ ਵਲੋਂ ਇਹ ਪ੍ਰੋਗਰਾਮ ਉਲੀਕਿਆ ਗਿਆ। ਇਸ ਵਿਚ ਸ਼ੈਰਿਫ਼ ਡਿਪਾਰਟਮੈਂਟ ਦੇ ਕੰਮਕਾਜ ਅਤੇ ਉਨ੍ਹਾਂ ਦੀਆਂ ਜਿੰਮੇਵਾਰੀਆਂ ਅਤੇ ਸੈਰਿਫ਼ ਡਿਪਾਰਟਮੈਂਟ ਵਿਚ ਨੌਕਰੀ ਕਰਨ ਬਾਰੇ ਬਹੁਤ ਹੀ ਸੰਖੇਪ ਵਿਚ ਦੱਸਿਆ ਗਿਆ। ਬਹੁਤ ਸਾਰੇ ਬੱਚਿਆਂ ਨੇ ਅਤੇ ਸੰਗਤਾਂ ਨੇ ਜਾਣਕਾਰੀ ਹਾਸਲ ਕੀਤੀ। ਸ਼ੈਰਿਫ਼ ਡਿਪਾਰਟਮੈਂਟ ਦੇ ਸੀਨੀਅਰ ਅਫ਼ਸਰ ਮਿਸਟਰ ਸਕਾਟ ਨੇ ਵੀ ਇਸ ਪ੍ਰੋਗਰਾਮ ਵਿਚ ਹਿੱਸਾ ਲਿਆ। ਉਨ੍ਹਾਂ ਨੇ ਇੰਡੀਆਨਾ ਦੇ ਸ਼ਹਿਰ ਬਰਾਜ਼ੀਲ ਵਿਚ ਬਣ ਰਹੇ ਬੁਆਇਜ਼ ਕੈਂਪ ਬਾਰੇ ਸੁਸਾਇਟੀ ਅਤੇ ਸਮੁੱਚੀ ਕਮੇਟੀ ਨਾਲ ਗੱਲਬਾਤ ਕੀਤੀ। ਇਥੇ ਇਹ ਦੱਸਣਾ ਬਣਦਾ ਹੈ ਕਿ ਸਿੱਖ ਸੁਸਾਇਟੀ ਆਫ਼ ਇੰਡੀਆਨਾ ਵਲੋਂ ਸਿੱਖ ਕੌਮ ਲਈ ਇਕ ਕੈਬਿਨ ਜਿਸ ਵਿਚ 10 ਬੈਡ ਅਤੇ ਦੋ ਸੀਨੀਅਰਜ਼ ਦੇ ਬੈਡ, ਕਿਚਨ ਆਦਿ ਹੋਵੇਗਾ, ਦੇ ਲਈ 15000 ਡਾਲਰ ਪਹਿਲਾਂ ਹੀ ਦਿੱਤਾ ਹੋਇਆ ਹੈ। ਇਸ ਕੈਬਿਨ ਦਾ ਨਾਂ ਸਿੱਖ ਜਰਨੈਲ ਜਾਂ ਸਿੱਖ ਮਹਾਰਾਜੇ ਦੇ ਨਾਂ ਤੇ ਹੋਵੇਗਾ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਵੀ ਪੋਰਟਰੇਟ ਕੀਤੀ ਜਾਵੇਗੀ। ਸਿੱਖ ਸੁਸਾਇਟੀ ਆਫ਼ ਇੰਡੀਆਨਾ ਵਲੋਂ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਇਸੇ ਤਰ੍ਹਾਂ ਵਧ ਚੜ੍ਹ ਕੇ ਸ਼ਹੀਦਾਂ ਦੀਆਂ ਯਾਦਾਂ ਮਨਾਉਣ ਲਈ ਸੰਗਤ ਨੂੰ ਪ੍ਰੇਰਿਆ।

# ਪੰਜਾਬ ਭਵਨ ਸਰੀ (ਕੈਨੇਡਾ) 'ਚ ਲਾਇਲਪੁਰ ਖਾਲਸਾ ਕਾਲਜ ਦੀ ਇਕੱਤਰਤਾ



**ਸਰੀ/ਰਾਜ ਗੋਗਨਾ :** ਪੰਜਾਬ ਭਵਨ ਸਰੀ (ਕੈਨੇਡਾ) ਅਤੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਦਰਮਿਆਨ ਕੁਝ ਸਮਾਂ ਪਹਿਲਾਂ ਇੱਕ ਸਾਂਝਾ ਦਸਤਾਵੇਜ਼ ਸਹੀਬੱਧ ਕੀਤਾ ਗਿਆ ਸੀ, ਜਿਸ ਤਹਿਤ ਇਹ ਫੈਸਲਾ ਹੋਇਆ ਸੀ ਕਿ ਦੋਵੇਂ ਅਦਾਰੇ ਰਲ ਕੇ ਪੰਜਾਬੀ ਜ਼ੁਬਾਨ ਅਤੇ ਪੰਜਾਬੀ ਲੋਕਾਂ ਦੇ ਹਿੱਤ ਲਈ ਯਤਨ ਕਰਦੇ ਰਹਿਣਗੇ। ਕੁਝ ਦਿਨ ਪਹਿਲਾਂ ਪੰਜਾਬ ਭਵਨ ਆਏ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪ੍ਰਿੰਸੀਪਲ ਗੁਰਪਿੰਦਰ ਸਿੰਘ ਸਮਰਾ ਨੇ ਪੁਰਾਣੇ ਵਿਦਿਆਰਥੀਆਂ ਨਾਲ ਮਿਲ ਕੇ ਕਾਲਜ ਦੇ ਵਿਕਾਸ ਅਤੇ ਵਿਸਥਾਰ ਦੀ ਇੱਛਾ ਪ੍ਰਗਟ ਕੀਤੀ। ਉਹਨਾਂ ਦੀ ਗੱਲ-ਬਾਤ ਨੂੰ ਅੱਗੇ ਤੋਰਨ ਲਈ ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਪਾਲ ਬੁੱਟਰ ਅਤੇ ਪੁਰਾਣੇ ਵਿਦਿਆਰਥੀ ਸ੍ਰੀ ਸੁੱਖੀ ਬਾਠ ਦੀ ਪ੍ਰਧਾਨਗੀ ਹੇਠ 15 ਜੂਨ ਸ਼ਨੀਵਾਰ ਨੂੰ ਪੰਜਾਬ ਭਵਨ ਵਿਚ ਲਾਇਲਪੁਰ ਖਾਲਸਾ ਕਾਲਜ ਤੋਂ ਪੜ੍ਹ ਕੇ ਕੈਨੇਡਾ ਵਿੱਚ ਸਥਾਪਿਤ ਹੋਏ ਵਿਦਿਆਰਥੀਆਂ ਦੀ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ।ਸ੍ਰੀ ਸੁੱਖੀ ਬਾਠ ਨੇ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ਾ ਕਰਦਿਆਂ ਆਸ਼ਾਵਾਦ ਦਾ ਸੁਨੇਹਾ ਦਿੱਤਾ ।ਡਾ. ਬੁੱਟਰ ਤੋਂ ਬਿਨਾ ਪੁਰਾਣੇ ਵਿਦਿਆਰਥੀ ਹਰਜਿੰਦਰ ਕੰਗ, ਸਰਬਜੀਤ ਚੀਮਾ, ਰਣਜੀਤ ਪੰਨੂ, ਮੱਖਣ ਟੁੱਟ ਆਦਿ ਨੇ ਵੀ ਸੰਬੋਧਨ ਕੀਤਾ ਅਤੇ ਮਿਲਦੇ ਰਹਿਣ ਦਾ ਵਾਅਦਾ ਕੀਤਾ।

# 'ਮਹਿਫਲ ਏ .ਗਜ਼ਲ' ਵਿਚ ਹੋਇਆ ਦੋ ਪੰਜਾਬਾਂ ਦਾ ਸੰਗਮ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :**
ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਸਮਰਪਿਤ ਸੰਸਥਾ 'ਫਰਿਜ਼ਨੋ ਡਰੀਮਜ਼' ਵੱਲੋਂ ਇਕ ਪਰਿਵਾਰਕ ਪ੍ਰੋਗਰਾਮ 'ਮਹਿਫਲ ਏ ਗ਼ਜ਼ਲ' ਦਾ ਆਗਾਜ਼ ਫਰਿਜ਼ਨੋ ਦੇ ਹਵੇਲੀ ਰੈਸਟੋਰੈਂਟ ਦੇ ਹਾਲ ਵਿਚ ਕੀਤਾ ਗਿਆ। ਇਸ ਦੀ ਸੁਰੂਆਤ ਛੋਟੇ ਬੱਚੇ ਅਮਨਜੋਤ ਸਿੰਘ ਨੇ 'ਸ਼ੁਕਰ ਦਾਤਿਆ' ਗੀਤ ਨਾਲ ਕੀਤੀ। ਇਸ ਉਪਰੰਤ ਚੱਲਿਆਂ ਗਾਇਕੀ ਦਾ ਖੁੱਲ੍ਹਾ ਪ੍ਰੋਗਰਾਮ, ਜਿਸ ਵਿਚ ਫਿਲਮੀ ਕਲਾਕਾਰ ਬਾਈ ਸੁਰਜੀਤ ਨੇ ਆਪਣੇ ਨਵੇਂ ਆ ਰਹੇ ਗੀਤ ਗਾਏ। ਦਿਲਦਾਰ ਮਿਊਜ਼ੀਕਲ ਦੇ ਅਵਤਾਰ ਗਰੇਵਾਲ ਨੇ ਗੀਤ ਅਤੇ ਕਮੇਡੀ ਰਾਹੀ ਖੂਬ ਰੰਗ ਬੰਨ੍ਹਿਆ। ਪੰਜਾਬੀ ਦੇ ਸੁਰੀਲੇ ਕਲਾਕਾਰ ਰਾਜੇਸ਼ ਰਾਜੂ ਨੇ ਆਪਣੇ ਗੀਤਾਂ ਨਾਲ ਹਾਜ਼ਰੀ ਭਰਦੇ ਹੋਏ ਸਭ ਦਾ ਮਨੋਰੰਜਨ ਕੀਤਾ, ਜਦ ਕਿ ਬੱਲੂ ਸਿੰਘ ਨੇ ਪੰਜਾਬੀ ਗੀਤਾਂ ਦੇ ਨਾਲ-ਨਾਲ ਹਿੰਦੀ ਦੇ ਹਲਕੇ-ਫੁਲਕੇ ਗੀਤ ਗਾਏ। ਇਸ ਮਹਿਫਲ ਦੌਰਾਨ ਹਾਰਮੋਨੀਅਮ ਦੀਆਂ ਸੁਰਾਂ 'ਤੇ ਜਗਦੇਵ ਧੰਜ਼ਲ ਨੇ ਗ਼ਜ਼ਲਾਂ ਰਾਹੀ ਮਹੌਲ ਅਨੰਦਮਈ ਬਣਾਇਆ। ਇਸ ਉਪਰੰਤ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾਉਣ ਲਈ ਪ੍ਰਸਿੱਧ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਨੇ ਆਪਣੇ ਨਵੇਂ ਪਰਿਵਾਰਿਕ ਗੀਤਾਂ ਰਹੀ ਪ੍ਰੋਗਰਾਮ ਨੂੰ ਰੰਗੀਨ ਬਣਾ ਦਿੱਤਾ। ਇਸ ਤੋਂ ਇਲਾਵਾ ਪ੍ਰੋਗਰਾਮ ਵਿਚ ਕਰਮਜੀਤ ਬੈਨੀਪਾਲ ਅਤੇ ਹੋਰ ਬਹੁਤ ਸਾਰੇ ਕਲਾਕਾਰਾਂ ਨੇ ਵੀ ਹਾਜ਼ਰੀ ਭਰੀ।




ਪ੍ਰੋਗਰਾਮ ਦੌਰਾਨ ਬਤੌਰ ਮੁੱਖ ਮਹਿਮਾਨ ਵੱਜੋਂ ਪਹੁੰਚੇ ਪਾਕਿਸਤਾਨ ਦੇ ਅੰਬੈਸਡਰ ਨੇ ਧਰਮਵੀਰ ਥਾਂਦੀ ਦੇ ਗੀਤ 'ਦਿੱਲੀ ਅਤੇ ਲਹੌਰ ਦੇ ਮੇਲ' 'ਤੇ ਭਾਵੁਕ ਹੁੰਦਿਆਂ ਸਮੁੱਚੀ ਫਰਿਜ਼ਨੋ ਡਰੀਮਜ਼ ਦੀ ਟੀਮ ਨੂੰ ਵਧਾਈ ਦਿੱਤੀ। ਇਸ ਸਮੇਂ ਸੰਸਥਾ ਦੇ ਮੁੱਖ ਸਰਪ੍ਰਸਤ ਤਰਨ ਸਿੰਘ (ਆਸ਼ੀਆਨਾ ਟਰੈਵਲ) ਨੇ ਪ੍ਰੋਗਰਾਮ ਦੀ ਸਫਲਤਾ ਲਈ ਸਭ ਦਾ ਧੰਨਵਾਦ ਕੀਤਾ। ਸਟੇਜ਼ ਸੰਚਾਲਨ ਦੀ ਸੇਵਾ ਮਲਕੀਤ ਮੀਤ ਨੇ ਨਿਭਾਈ। ਇਸ ਪ੍ਰੋਗਰਾਮ ਦੀ ਖ਼ਾਸੀਅਤ ਇਹ ਸੀ ਕਿ ਇਸ ਪ੍ਰੋਗਰਾਮ ਵਿਚ ਸ਼ਾਮਲ ਸਰੋਤੇ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੇ ਇੱਕੋ ਮੰਚ 'ਤੇ ਇਕੱਠੇ ਪਰਿਵਾਰਾਂ ਸਮੇਤ ਪਹੁੰਚੇ ਸਨ। ਮਹਿਫਲ ਦੌਰਾਨ ਜੁਲਾਈ ਮਹੀਨੇ ਰਿਲੀਜ਼ ਹੋਣ ਜਾ ਰਹੀ ਸਥਾਨਿਕ ਕਲਾਕਾਰਾਂ ਦੁਆਰਾ ਬਣਾਈ ਪੰਜਾਬੀ ਫਿਲਮ 'ਡਰੀਮ ਯੂਐਸਏ' ਦੀ ਪਰਮੋਸ਼ਨ ਹੌਲੀਵੁੱਡ ਤੋਂ ਅਦਾਕਾਰਾ ਨਿੱਕੀ ਕੌਰ ਅਤੇ ਸਾਥੀਆਂ ਨੇ ਕੀਤੀ। ਅੰਤ ਸਭ ਹਾਜ਼ਰੀਨ ਨੂੰ ਆਪਸ ਵਿੱਚ ਇੱਕ ਦੂਜੇ ਨਾਲ ਜਾਣ ਪਹਿਚਾਣ ਕਰਵਾਉਂਦੇ ਹੋਏ ਜਸਵੰਤ ਸਿੰਘ ਮਹਿਮੀ ਅਤੇ ਸਮੁੱਚੀ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ। ਸਭ ਹਾਜ਼ਰੀਨ ਲਈ ਪ੍ਰਬੰਧਕਾਂ ਵੱਲੋਂ ਰਾਤ ਦੇ ਸੁਆਦਲੇ ਖਾਣਿਆਂ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਤਰ੍ਹਾਂ ਸੰਸਥਾ ਦੁਆਰਾ ਸਮੁੱਚੇ ਪਰਿਵਾਰਾਂ ਨੂੰ ਇਕੱਠੇ ਕਰਨ ਲਈ ਜੋ ਉਪਰਾਲਾ ਕੀਤਾ ਗਿਆ, ਉਹ ਯਾਦਗਾਰੀ ਹੋ ਨਿਬੜਿਆ।

# ਮੇਘਾਲਿਆ ਦੇ ਮੁੱਖ ਮੰਤਰੀ ਵਲੋਂ ਸ਼ਿਲਾਂਗ ਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਭਰੋਸਾ

**ਚੰਡੀਗੜ੍ਹ/ਏਟੀ ਨਿਊਜ਼ :**
ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੇ ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਵਿਚ ਗਏ ਸ਼੍ਰੋਮਣੀ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਸ਼ਿਲਾਂਗ ਵਿਖੇ ਪੰਜਾਬੀ ਲੇਨ ਵਿਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰਾਜ ਸਰਕਾਰ ਸਖ਼ਤ ਕਦਮ ਚੁੱਕੇਗੀ ਤੇ ਸਿੱਖ ਭਾਈਚਾਰੇ ਨੂੰ ਦਰਪੇਸ਼ ਸਮੱਸਿਆ ਦਾ ਸਰਕਾਰ ਵਲੋਂ ਭਾਈਚਾਰਕ ਹੱਲ ਕੱਢਿਆ ਜਾਵੇਗਾ।

ਯਾਦ ਰਹੇ ਕਿ ਇਕ ਗਰਮਿਖ਼ਆਲੀ ਜਥੇਬੰਦੀ ਐਚਐਨਐਲਸੀ. ਵਲੋਂ ਸਿੱਖਾਂ ਨੂੰ ਉਕਤ ਇਲਾਕਾ ਛੱਡਣ ਦੀ ਧਮਕੀ ਦਿੱਤੀ ਗਈ ਹੈ, ਜਿਥੇ ਉਹ ਪਿਛਲੇ 200 ਸਾਲਾਂ ਤੋਂ ਰਹਿ ਰਹੇ ਹਨ। ਮੇਘਾਲਿਆ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਉਪ ਮੁੱਖ ਮੰਤਰੀ ਦੀ ਅਗਵਾਈ ਵਿਚ ਇਕ ਕਮੇਟੀ ਬਣਾਈ ਹੈ, ਜਿਹੜੀ ਸਿੱਖਾਂ ਤੇ ਸਥਾਨਕ ਖਾਸੀ ਭਾਈਚਾਰੇ ਦੇ ਲੋਕਾਂ ਵਲੋਂ ਕੀਤੇ ਜਾ ਰਹੇ ਦਾਅਵਿਆਂ ਦੀ ਤਹਿ ਤੱਕ ਜਾਵੇਗੀ ਤੇ ਇਸ ਮਸਲੇ ਦਾ ਭਾਈਚਾਰਕ ਹੱਲ ਕੱਢੇਗੀ, ਜੋ ਦੋਹਾਂ ਧਿਰਾਂ ਨੂੰ ਮਨਜ਼ੂਰ ਹੋਵੇਗਾ।



ਮੇਘਾਲਿਆ ਦੇ ਮੁੱਖ ਮੰਤਰੀ ਨੂੰ ਜਾਣਕਾਰੀ ਦਿੰਦਿਆ ਐਸਜੀਪੀਸੀ. ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਗਰਮਿਖ਼ਆਲੀ ਜਥੇਬੰਦੀ ਐਚਐਨਐਲਸੀ. ਵਲੋਂ ਪੰਜਾਬੀ ਲੇਨ ਦੇ ਬਾਸ਼ਿੰਦਿਆਂ ਨੂੰ ਇਲਾਕਾ ਖਾਲੀ ਕਰਨ ਜਾਂ ਹਿੰਸਾ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਦਿੱਤੀ ਧਮਕੀ ਮਗਰੋਂ ਸਿੱਖ ਲਗਾਤਾਰ ਦਹਿਸ਼ਤ ਦੇ ਸਾਏ ਹੇਠ ਜੀਅ ਰਹੇ ਹਨ। ਇਸ ਮੌਕੇ ਮੌਜੂਦ ਸ਼ਿਲਾਂਗ ਸਿੱਖ ਹਰੀਜਨ ਕਾਲੋਨੀ ਦੇ ਪ੍ਰਧਾਨ ਗੁਰਜੀਤ ਸਿੰਘ ਨੇ ਕਿਹਾ ਕਿ ਸਿੱਖ ਇਸ ਇਲਾਕੇ ਦੇ ਪੱਕੇ ਨਾਗਰਿਕ ਹਨ ਤੇ ਉਨ੍ਹਾਂ ਕੋਲ ਇਹ ਸਾਬਿਤ ਕਰਨ ਲਈ ਲੋੜੀਂਦੇ ਦਸਤਾਵੇਜ਼ ਵੀ ਹਨ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਕੁਝ ਸਿੱਖ ਪਰਿਵਾਰਾਂ ਨੂੰ ਨਿਕਾਲੇ ਦੇ ਨੋਟਿਸ ਜਾਰੀ ਕੀਤੇ ਗਏ ਹਨ। ਗੁਰਜੀਤ ਸਿੰਘ ਨੇ ਇਹ ਵੀ ਦੱਸਿਆ ਕਿ ਸਥਾਨਕ ਅਧਿਕਾਰੀ ਸਿੱਖਾਂ ਦੇ ਦਾਅਵੇ ਪ੍ਰਤੀ ਪੱਖਪਾਤੀ ਪਹੁੰਚ ਰੱਖਦੇ ਹਨ। ਜਦੋਂ ਹੇਠਲੀ ਅਦਾਲਤ ਨੇ ਸਿੱਖਾਂ ਦੇ ਦਾਅਵੇ ਨੂੰ ਸਹੀ ਠਹਿਰਾਇਆ ਸੀ, ਤਾਂ ਇਨ੍ਹਾਂ ਅਧਿਕਾਰੀਆਂ ਨੇ ਇਸ ਫੈਸਲੇ ਦੀ ਨਜ਼ਰਸਾਨੀ ਅਪੀਲ ਕੀਤੀ ਸੀ।


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
ਟ੍ਰੇਨਿੰਗ ਉਪਲਬੱਧ
Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
ਅਸੀਂ ਬੋਨਸ ਵੀ ਦਿੰਦੇ ਹਾਂ।
ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ... ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ!
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250


saga MUSIC
SAGA MUSIC PRESENTS
UNISYS
SATINDER SARTAAJ'S
ਗੁਰਮੁਖੀ ਦਾ ਬੇਟਾ
GURMUKHI DA BETA
RELEASING ON
21ST JUNE 2019
ON THE OCCASION OF
WORLD MUSIC DAY
FIRST SONG FROM THE ALBUM
ਦਰਿਆਈ ਤਰਜ਼ਾਂ
SEVEN RIVERS
ਇਹ ਤਰਜ਼ ਦਰਿਆ ਸਤਲੁਜ ਨੂੰ ਸਮਰਪਿਤ
DEDICATING THIS COMPOSITION TO RIVER SUTLEJ
LYRICIST/ COMPOSER/ SINGER: SATINDER SARTAAJ MUSIC BY : BEAT MINISTER
VIDEO BY : SANDEEP SHARMA PRODUCED BY: SUMEET SINGH
DESIGN : BULL18 DESIGNS




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

We are located in your neighborhood & provide the following services:

**JK BROKERS**

CA DRE # 00908122 & NMLS. # 234426

EQUAL HOUSING LENDER

**Real Estate**

Residential
Commercial
Multiple Units
Vacant Land
Businesses

**Mortgage Loans**

Purchase, Refinance,
No Closing Cost
Refinance Loans
(Subject to certain restrictions),
SBA - Commercial



**Jagrup Singh Judge**
Broker/Notary Public
Cell : (510) 512-6099
jagrupjudge@yahoo.com

**Jagrup Insurance Services**

CA DOI LIC # OG63077

COVERED CALIFORNIA

Health, Life, Auto, Home, Commercial

**24000 Watkins St Hayward CA 94544 PH:(510) 733-6093**



**Kulmit K. Judge**
Notary Public
Cell : (510) 589-8430

**JK Notary Services**

Mobile Services available, certain restrictions apply

*We are not attorneys & cannot provide legal services*

**JK Docprep Services**

Immigration Consultant (insured & Bonded)

- VISA, OCI (OVERSEES CITIZEN OF INDIA)
- RENUNCIATION, PASSPORT & MISC. SERVICES,
- AFFIDAVITS
- POWER OF ATTORNEYS (INDIA)
- TRANSLATIONS- PUNJABI TO ENGLISH
- NAME CHANGE, PAN CARD 8. MUCH MORE

**TOTAL TRANSPORTATION SOLUTIONS**

DMV Services / IFTA / IRP / Permits / DOT / Compliance

STILL WAITING IN LINE AT THE DMV ??

ਹੁਣ ਤੁਹਾਨੂੰ ਟਰੱਕਾਂ ਅਤੇ ਕਾਰਾਂ ਦੀਆਂ DMV ਸੇਵਾਵਾਂ ਲਈ ਲਾਈਨਾਂ ਵਿੱਚ ਖੜ੍ਹਨ ਦੀ ਲੋੜ ਨਹੀਂ।

- New Trucking Company Setup
- Corporation, LLC & DBA Filling
- IRP License Plates
- MC (ICC) Authority
- US DOT Number
- All Truck Permits
- IFTA Fuel Tax Returns
- UCR Permits, BOC-3 Filling
- CA#, MCP, EPN Enrollment
- Highway Use Tax (2290)
- ARB Registration

ਬੇ ਏਰੀਏ ਵਿੱਚ DMV ਸੇਵਾਵਾਂ

- Registration Renewal
- Replacement Sticker
- Title Transfer
- Duplicate Title
- Moving Permits
- VIN Verification
- VIN Inquiry
- Out of State Transfer



DMV Lic # 73533

**Ph. 510 400 7300**

Fax 510 601 6200
Email : TMSinc123@gmail.com
24010 Watkins St. Hayward CA 94544

# Royal Castle Banquet Hall

**FOR ALL TYPES OF FUNCTIONS & EVENTS**



**Facilities**

- Wedding Reception
- Birthday Parties
- Naming Ceremony
- Business Meetings
- Graduation Parties
- And More







**5560 Palm Ave Sacramento CA 95841**

Phone : 209-918-9700 , www.royalcastlebanquethall.com

follow us on Facebook and Instagram #royalcastlebanquethall



**Raja SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

# ਨਵੀਂ ਕਿਤਾਬ




ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

*ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।*

ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।

**ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:**

FB Message | WhatsApp Message | SSN Android App

+91-8968225990 /sikhsiyasat Web: sikhsiyasat.net | sikhsiyasat.com | sikhsiyasat.info

# ATAMRAS KATHA KIRTAN SAMAGAM

## July 10th, 2019 - July 21st, 2019

**Celebrating the 550th Parkash Utsav of Dhan Dhan Guru Nanak Dev Jee
& the Parkash Utsav of Dhan Dhan Guru Harkrishan Sahib Jee**


Bhai Sahib Bhai Pinderpal Singh Jee


Bhai Sahib Bhai Harjinder Singh Jee


Sant Anoop Singh Jee (Una Sahib)


Bhai Tejinder Singh Jee (Khanna)


Bhai Gurpreet Singh Jee (Ballarwal)


Bhai Varinder Singh Jee (Delhi)

## Programme

**Wed. July 10th - Buena Park**
Time: 06:00 PM -0 9:00PM
7122 Orangethrope Ave.
Buena Park, CA 90621
Phone: (714) 670 - 8843

**Thur. July 11th - Buena Park**
Time: 6:00 PM - 9:00PM
6911 Stanton Ave.
Buena Park,CA 90621
Phone: (714) 752 - 0506

**Fri. July 12th - Riverside**
Time: 06:00 PM - 09:00PM
7940 Mission Blvd. # A
Jurupa Valley, CA 92509
Phone: (951) 685 - 9701

**Sat. July 13th (Morning) - Palmdale**
Time: 10:00 AM - 01:00 PM
42207 30th St. West
Lancaster, CA 93536
Phone: (818) 626-0581

**Sat. July 13th (Evening)-Riverside**
Time : 06:00 PM - 09:00PM
7940 Mission Blvd. # A
Jurupa Valley, CA 92509
Phone: (951) 685 - 9701

**Sun. July 14th - Hollywood Sikh Temple**
Time: 10:00 AM - 01:00 PM
1966 N. Vermont Ave.
Los Angeles, CA 90027
Phone: (323) 665 - 7707

**Mon. July 15th - Lankershim**
Time: 06:00 PM -0 9:00PM
7640 Lankershim Blvd.
North Hollywood, CA 91605
Phone: (323) 954 - 0412

**Tues. July 16th - Valley Sikh Temple**
Time: 06:00 PM -09:00PM
7400 Jordan Ave.
Canoga Park, CA 91303
Phone: (818) 884 - 2007

## July 17th, 18th, 19th, 20th, & 21st
## at Khalsa Care Foundation
## 9989 Laurel Canyon Blvd. Pacoima, CA 91331

**Every Evening Wednesday July 17th - Saturday July 20th Time: 6:00 PM - 9:00PM
Sunday July 21st Time: 10:00 AM - 1:00 PM**

**ਹੋਰ ਜਾਣਕਾਰੀ ਲਈ ਭਾਈ ਕਨ੍ਹਈਆ ਜੀ ਸੇਵਾ ਦਲ ਨਾਲ ਸੰਪਰਕ ਕਰੋ :**

ਬਲਦੇਵ ਸਿੰਘ (818) 468-9595, ਬਲਵਿੰਦਰ ਸਿੰਘ (818) 404-0811
ਮੱਖਣ ਸਿੰਘ (661) 225-7157, ਪਰਮਜੀਤ ਸਿੰਘ (626) 354-6653

# ਸੰਤਾਲੀ ਦੇ ਹੱਲਿਆਂ ਵੇਲੇ ਜੱਗ ਬੀਤੀ-ਹੱਡ ਬੀਤੀ



**ਸਿਰੀ ਰਾਮ ਅਰਸ਼**

ਸੰਨ 1947 ਦੀ ਦੇਸ਼ ਦੀ ਦਰਦਨਾਕ ਵੰਡ ਤੋਂ ਰਤਾ ਪਹਿਲਾਂ ਮੈਂ ਖ਼ਲੀਫ਼ਾ ਜੀ ਦੇ ਪ੍ਰਾਇਮਰੀ ਸਕੂਲ ਵਿੱਚੋਂ ਚੌਥੀ ਜਮਾਤ ਪਾਸ ਕਰਕੇ ਲੁਧਿਆਣਾ ਸ਼ਹਿਰ ਦੇ ਆਰੀਆ ਹਾਈ ਸਕੂਲ ਵਿਖੇ ਅਗਲੀ ਜਮਾਤ ਵਿੱਚ ਦਾਖਲ ਹੋ ਗਿਆ ਸੀ। ਵਿਦੇਸ਼ੀ ਹੁਕਮਰਾਨਾਂ ਪਾਸੋਂ ਦੇਸ਼ ਨੂੰ ਸੁਤੰਤਰ ਕਰਾਉਣ ਵਾਲਾ ਅੰਦੋਲਨ ਸਿਖਰਾਂ ਉੱਤੇ ਪੁੱਜ ਗਿਆ ਸੀ। ਵਿਦੇਸ਼ੀ ਸ਼ਾਸਕਾਂ ਨੇ ਆਪਣੇ ਹੱਥੋਂ ਰਾਜ ਖੁੱਸਦਾ ਦੇਖ ਕੇ ਮੱਕਾਰੀ ਯੁਕਤ ਇੱਕ ਘਿਨਾਉਣੀ ਚਾਲ ਅਧੀਨ ਫ਼ਿਰਕਾਪ੍ਰਸਤੀ, ਮਜ਼ਹਬੀ ਜਨੂਨ, ਨਫ਼ਰਤ ਅਤੇ ਅਵਿਸ਼ਵਾਸ ਦੀ ਵਿਸ਼ੀਅਰ ਪੌਦ ਇਸ ਦੇਸ਼ ਦੇ ਦੋ ਵੱਡੇ ਧਰਮਾਂ ਦੀਆਂ ਜੜ੍ਹਾਂ ਵਿੱਚ ਲਗਾ ਦਿੱਤੀ, ਜਿਸਦੇ ਅਸਰ ਅਧੀਨ ਦੋਹਾਂ ਮਜ਼ਹਬਾਂ ਦੇ ਆਗੂਆਂ ਨੇ ਨੌਜਵਾਨ ਪੀੜ੍ਹੀ ਦੇ ਮਨਾਂ ਵਿੱਚ ਇੱਕ ਦੂਜੇ ਦੇ ਧਰਮ ਵਿਰੁੱਧ ਜ਼ਹਿਰ ਭਰਨੀ ਸ਼ੁਰੂ ਕਰ ਦਿੱਤੀ। ਇਸਦੇ ਸਿੱਟੇ ਵਜੋਂ, ਲਹੌਰ, ਲੁਧਿਆਣਾ, ਅੰਮ੍ਰਿਤਸਰ ਆਦਿ ਮਹੱਤਵਪੂਰਨ ਸ਼ਹਿਰਾਂ ਵਿੱਚ, ਅਣਗਿਣਤ ਬੇਕਸੂਰ ਅਤੇ ਮਾਸੂਮ ਲੋਕ ਮਜ਼ਹਬੀ ਨਫ਼ਰਤ ਦੀ ਬਲੀ ਚੜ੍ਹ ਰਹੇ ਸਨ।

ਇੱਕ ਮੰਦਭਾਗੀ ਸ਼ਾਮ ਸਾਡਾ ਗਵਾਂਢੀ ਸ਼ਹਿਰ ਦੇ ਚੌੜੇ ਬਜ਼ਾਰ ਦੇ ਗਿਰਜਾ ਘਰ ਚੌਕ ਵਿੱਚ ਸਥਿਤ ਆਪਣੀ ਦੁਕਾਨ ਵਧਾ ਕੇ ਘਰ ਪਰਤ ਰਿਹਾ ਸੀ। ਰਾਹ ਵਿੱਚ ਇੱਕ ਵਿਅਕਤੀ ਨੇ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਉਸ ਦਾ ਨਾਂ ਪੁੱਛਿਆ। ਜਿਉਂ ਹੀ ਉਸ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਨੇ ਈਸ਼ਰ ਸਿੰਘ ਕਿਹਾ, ਤਿਉਂ ਹੀ ਦੂਜੇ ਵਿਅਕਤੀ ਨੇ ਛੁਰਾ ਉਸ ਦੀ ਵੱਖੀ ਵਿੱਚ ਖੋਭ ਦਿੱਤਾ। ਜ਼ਖਮ ਵਿੱਚੋਂ ਵਗਦੀ ਖ਼ੂਨ ਦੀ ਤਤੀਰੀ ਨੂੰ ਪੱਗ ਦੇ ਸਹਾਰੇ ਰੋਕਣ ਦੀ ਕੋਸ਼ਿਸ਼ ਕਰਦਿਆਂ ਉਸ ਨੇ ਸਾਡਾ ਬੂਹਾ ਆ ਖੜਕਾਇਆ ਅਤੇ ਮੇਰੇ ਬਾਈ ਜੀ ਨੇ ਤੁਰੰਤ ਉਸ ਦੇ ਸਪੁੱਤਰ ਅਤੇ ਹੋਰ ਰਿਸ਼ਤੇਦਾਰਾਂ ਦੀ ਮਦਦ ਨਾਲ ਜ਼ਖਮੀ ਨੂੰ ਸਿਵਲ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ।

ਮੁਹੱਲਾ ਫੀਲਡ ਗੰਜ ਵਿੱਚ ਜਿੱਥੇ ਅਸੀਂ ਰਹਿੰਦੇ ਸੀ, ਉੱਥੇ ਪੰਜ ਘਰ ਹੀ ਹਿੰਦੂ-ਸਿੱਖ ਪਰਿਵਾਰ ਸਨ ਜਦਕਿ ਬਾਕੀ ਦਾ ਸਾਰਾ ਮੁਹੱਲਾ ਮੁਸਲਮਾਨਾਂ ਦਾ ਸੀ। ਫ਼ਿਰਕਾਪ੍ਰਸਤਾਂ ਵੱਲੋਂ ਨਿੱਤ ਦੀਆਂ ਛੁਰੇਮਾਰੀ ਆਦਿ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਵਾਸਤੇ ਸ਼ਹਿਰ ਵਿੱਚ ਕਦੇ ਕਰਫਿਊ ਲਗਾ ਦਿੱਤਾ ਜਾਂਦਾ, ਕਦੇ ਚੁੱਕ ਲਿਆ ਜਾਂਦਾ। ਹਰ ਰੋਜ਼ ਵੱਖ-ਵੱਖ ਮੁਹੱਲਿਆਂ ਵਿੱਚੋਂ ਵੱਖੋ-ਵੱਖਰੇ ਸਮਿਆਂ ਉੱਤੇ ਨਾਅਰਾ-ਏ-ਤਕਬੀਰ, ਅੱਲਾ ਹੂ ਅਕਬਰ ਅਤੇ ਹਰ-ਹਰ ਮਹਾਂਦੇਵ ਦੇ ਨਾਅਰੇ ਬੁਲੰਦ ਹੁੰਦੇ ਰਹਿੰਦੇ ਸਨ। ਅਜਿਹੀਆਂ ਪ੍ਰਸਥਿਤੀਆਂ ਨੂੰ ਦੇਖ ਕੇ ਮੁਹੱਲੇ ਦੇ ਮੁਹਤਬਰਾਂ ਨੇ ਮੇਰੇ ਪਿਤਾ ਜੀ ਨੂੰ ਗੁਪਤ ਰੂਪ ਵਿੱਚ ਸੱਦ ਕੇ ਕਿਹਾ ਕਿ ਭਾਵੇਂ ਸਾਡਾ ਸ਼ਹਿਰ ਲੁਧਿਆਣਾ ਹਿੰਦੋਸਤਾਨ ਵਿੱਚ ਹੈ ਅਤੇ ਰਹੇਗਾ ਵੀ ਪਰ ਅੱਜ ਤੁਹਾਡੇ 15-20 ਹਿੰਦੂ-ਸਿੱਖ ਫਰਦ ਮੁਸਲਮਾਨਾਂ ਦੇ ਘੇਰੇ ਵਿੱਚ ਹਨ। ਉਹਨਾਂ ਨੇ ਮੇਰੇ ਪਿਤਾ ਜੀ ਨੂੰ ਇਹ ਹਦਾਇਤ ਕੀਤੀ ਕਿ ਉਹ ਅਤੇ ਉਹਨਾਂ ਦੇ ਬਾਕੀ ਦੇ ਹਿੰਦੂ-ਸਿੱਖ ਪਰਿਵਾਰ ਆਪਣੀਆਂ ਜਾਨਾਂ ਬਚਾਉਣ ਲਈ ਇਹ ਮੁਹੱਲਾ ਛੱਡ ਕੇ ਕਿਸ ਹੋਰ ਹਿੰਦੂ ਮੁਹੱਲੇ ਵਿੱਚ ਚਲੇ ਜਾਣ ਕਿਉਂਜੋ ਮੁੰਡੀਰ ਸਾਡੇ ਕਾਬੂ ਵਿੱਚ ਨਹੀਂ ਹੈ, ਭੂਤਰੀ ਫਿਰਦੀ ਹੈ।

ਮੇਰੇ ਪਿਤਾ ਜੀ ਨੇ ਘਰ ਪਰਤ ਕੇ ਨਾਲ ਦੇ ਹਿੰਦੂ-ਸਿੱਖ ਪਰਿਵਾਰਾਂ ਦੇ ਮੁਖੀਆਂ ਨੂੰ ਬੁਲਾ ਕੇ ਇਹ ਗੱਲ ਦੱਸ ਦਿੱਤੀ, ਜਿਹੜੀ ਉਸ ਨੂੰ ਮੁਹੱਲੇ ਦੇ ਮੁਹਤਬਰਾਂ ਨੇ ਆਖੀ ਸੀ। ਇਸ ਦੇ ਨਾਲ ਹੀ ਨਾਲ ਮੇਰੇ ਪਿਤਾ ਜੀ ਨੇ ਉਹਨਾਂ ਨੂੰ ਇਹ ਚੇਤਾਵਨੀ ਦਿੱਤੀ ਸੀ ਕਿ ਉਹ ਘਰੇਲੂ ਸਾਮਾਨ ਦੀਆਂ ਪੰਡਾਂ ਬੰਨ੍ਹਕੇ, ਸਿਰਾਂ 'ਤੇ ਰੱਖ ਕੇ ਨਾ ਤੁਰ ਪੈਣ ਬਲਕਿ ਸਹਿਜੇ ਸਹਿਜੇ ਇਕੱਲੇ ਦੁਕੱਲੇ ਗਲੀ ਵਿੱਚੋਂ ਬਾਹਰ ਨਿਕਲਣ ਤਾਂ ਜੋ ਕਿਸੇ ਨੂੰ ਸ਼ੱਕ ਨਾ ਪਵੇ।

ਸਾਨੂੰ ਭੈਣਾਂ-ਭਰਾਵਾਂ ਨੂੰ ਸਾਡੇ ਪਿਤਾ ਜੀ ਨੇ ਦੱਸਿਆ ਕਿ ਮੇਲਰ ਗੰਜ ਵਾਲੇ ਮਾਮੇ ਦੇ ਮੁੰਡੇ ਦਾ ਸ਼ਗਨ ਹੈ, ਤੁਸੀਂ ਉਹਨਾਂ ਦੇ ਘਰ ਪਹੁੰਚੋ। ਅਸੀਂ ਝੋਲਿਆਂ ਵਿੱਚੋਂ ਕਿਤਾਬਾਂ ਕੱਢ ਕੇ ਉਹਨਾਂ ਵਿੱਚ ਚਾਈਂ-ਚਾਈਂ ਆਪਣੇ ਪਹਿਨਣ ਵਾਲੇ ਕੱਪੜੇ ਪਾ ਲਏ ਅਤੇ ਮੁਸਲਮਾਨਾਂ ਦੀਆਂ ਕਬਰਾਂ ਵਿੱਚੋਂ ਦੀ ਹੁੰਦੇ ਹੋਏ ਮੇਲਰ ਗੰਜ ਜਾ ਅੱਪੜੇ। ਮੇਰੇ ਪਿਤਾ ਜੀ ਅਤੇ ਮਾਤਾ ਜੀ ਜੇਲ੍ਹ ਰੋਡ ਦੇ ਦੂਸਰੇ ਰਸਤੇ ਤੋਂ ਦੀ ਹੁੰਦੇ ਹੋਏ ਲੰਮਾ ਪੈਂਡਾ ਮਾਰਕੇ ਸਾਡੇ ਕੋਲ ਪੁੱਜੇ। ਜਦੋਂ ਅਸੀਂ ਮੰਗਣੇ ਦੇ ਜਸ਼ਨਾਂ ਬਾਰੇ ਪੁੱਛਿਆ ਤਦੋਂ ਉਹ ਸਾਨੂੰ ਘੂਰ ਕੇ ਪੈ ਗਏ ਅਤੇ ਕਿਹਾ ਕਿ ਅਸੀਂ ਮਸੀਂ ਤੁਹਾਡੀਆਂ ਜਾਨਾਂ ਬਚਾ ਕੇ ਲਿਆਏ ਹਾਂ।

ਮੇਲਰ ਗੰਜ ਦਾ ਇਲਾਕਾ ਵਧੇਰੇ ਕਰਕੇ ਕਿਰਤੀਆਂ, ਕਰਮਯੋਗੀਆਂ ਅਤੇ ਮਿਹਨਤੀ ਕਾਰੀਗਰਾਂ ਦਾ ਇਲਾਕਾ ਸੀ ਜਿਸ ਦੀ ਵਧੇਰੇ ਆਬਾਦੀ ਸਿੱਖ ਰਾਮਗੜ੍ਹੀਆਂ ਕੌਮ ਦੀ ਸੀ। ਧੂਰੀ ਨੂੰ ਜਾਣ ਵਾਲੀ ਰੇਲਵੇ ਲਾਈਨ ਦੇ ਪਾਰ ਜ਼ਰਾ ਵਿੱਥ ਨਾਲ ਮੁਸਲਮਾਨਾਂ ਦੀ ਸੰਘਣੀ ਆਬਾਦੀ ਵਾਲੀ ਇੱਕ ਬਸਤੀ ਸੀ। ਇੱਕ ਦਿਨ ਸਰਘੀ ਦਾ ਤਾਰਾ ਚੜ੍ਹਨ ਤੋਂ ਪਹਿਲਾਂ ਹੀ ਉਸ ਬਸਤੀ ਦੇ ਬੇਗੁਨਾਹ ਅਤੇ ਬਦ-ਕਿਸਮਤ ਵਸਨੀਕ ਆਪਣੇ ਵਾਸਤੇ ਨਵੇਂ ਸਥਾਪਤ ਕੀਤੇ ਗਏ ਦੇਸ਼ ਵਿਚ ਜਾਣ ਲਈ, ਆਪਣੇ ਭਰੇ ਭਰਾਏ ਘਰ ਛੱਡ ਕੇ, ਅਕਹਿ ਆਫ਼ਤਾਂ ਮੁਸੀਬਤਾਂ ਝੱਲਣ ਵਾਸਤੇ ਤਾਰਿਆਂ ਦੇ ਪਹਿਰੇ ਹੇਠ ਤੁਰ ਪਏ। ਮਨੁੱਖੀ ਤਰਾਸਦੀ ਦੀ ਅਜਿਹੀ ਦੁਖਦਾਈ ਤਸਵੀਰ ਦੇਖ ਕੇ ਹਰ ਇੱਕ ਸੰਵੇਦਨਸ਼ੀਲ ਮਨ ਸ਼ੋਕ-ਗ੍ਰਸਤ ਸੀ।

ਇੱਧਰ ਮੇਲਰ ਗੰਜ ਵਿਚ ਸੂਰਜ ਦੀ ਟਿੱਕੀ ਦੇ ਚੜ੍ਹਨਸਾਰ ਹੀ ਰੌਲਾ ਪੈ ਗਿਆ ਸੀ ਕਿ ਮੁਸਲਮਾਨ ਆਪਣੇ ਘਰਾਂ ਨੂੰ ਛੱਡ ਕੇ ਆਪਣੇ ਨਵੇਂ ਵਤਨ ਵੱਲ ਨੂੰ ਕੂਚ ਕਰ ਗਏ ਹਨ। ਬਸ ਫਿਰ ਕੀ ਸੀ, ਜਿਹੜੇ ਤੰਦਰੁਸਤ ਵਿਅਕਤੀ ਦੇ ਹੱਥ ਜੋ ਵੀ ਹਥਿਆਰ ਲੱਗਾ ਉਹ ਲੈ ਕੇ ਲੁੱਟ-ਮਾਰ ਕਰਨ ਦੇ ਇਰਾਦੇ ਨਾਲ, ਮੁਸਲਮਾਨਾਂ ਦੀ ਬਸਤੀ ਵੱਲ ਨੂੰ ਦੌੜ ਪਿਆ। ਜਿਸ ਦੇ ਹੱਥ ਜੋ ਵੀ ਘਰੇਲੂ ਸਮਾਨ ਲੱਗਿਆ ਉਹ ਲੈ ਕੇ ਘਰ ਨੂੰ ਪਰਤ ਰਿਹਾ ਸੀ। ਅਸੀਂ ਬੱਚੇ ਰੇਲਵੇ ਲਾਈਨ ਦੀ ਪਟੜੀ ਉੱਪਰ ਖਲੋਤੇ ਇੱਕ ਧਰਮ ਦੇ ਵਿਅਕਤੀਆਂ ਵੱਲੋਂ ਦੂਜੇ ਧਰਮ ਦੇ ਲੋਕਾਂ ਦਾ ਮਾਲ-ਅਸਬਾਬ ਲੁੱਟਣ ਦਾ ਘਿਨੌਣਾ ਦ੍ਰਿਸ਼ ਦੇਖ ਰਹੇ ਸੀ। ਮੇਰੇ ਪਿਤਾ ਜੀ ਲਾਈਨ ਦੇ ਲਾਗੇ ਖਲੋਤੇ ਹੋਏ ਬੁੜਬੁੜਾ ਰਹੇ ਸਨ ਕਿ ਇਹੋ ਜਿਹਾ ਹੀ ਇਸ ਧਰਤੀ ਦੇ ਮੂਲ ਨਿਵਾਸੀਆਂ ਨਾਲ ਵਾਪਰਿਆ ਹੋਵੇਗਾ, ਜਦੋਂ ਵਿਦੇਸ਼ੀ ਸ਼ਕਤੀਸ਼ਾਲੀ ਕੌਮ ਕੋਲੋਂ ਉਹਨਾਂ ਨੂੰ ਆਪਣੀਆਂ ਜਾਨਾਂ ਬਚਾਉਣ ਵਾਸਤੇ, ਮਜਬੂਰਨ ਆਪਣੇ ਵਸੇਬਿਆਂ ਨੂੰ ਛੱਡ ਕੇ ਜੰਗਲਾਂ ਵਿਚ ਸ਼ਰਨ ਲੈਣੀ ਪਈ ਹੋਵੇਗੀ।

ਉਸੇ ਸ਼ਾਮ ਮੈਨੂੰ ਪਤਾ ਲੱਗਿਆ ਕਿ ਮੇਰੀ ਮਾਤਾ ਜੀ ਆਪਣੇ ਘਰ ਦੀ ਸੁੱਖਸਾਂਦ ਲੈਣ ਵਾਸਤੇ ਫੀਲਡ ਗੰਜ ਗਈ ਹੋਈ ਹੈ। ਮੈਂ ਆਪਣੀ ਮਾਂ ਦੇ ਪਿੱਛੇ ਫੀਲਡ ਗੰਜ ਨੂੰ ਤੁਰ ਪਿਆ। ਜਦੋਂ ਮੈਂ ਆਪਣੇ ਘਰ ਪਹੁੰਚਿਆ ਤਾਂ ਬਹੁਤ ਹੀ ਦਿਲ ਕੰਬਾਊ ਭਿਆਨਕ ਨਜ਼ਾਰਾ ਦੇਖ ਕੇ ਮੇਰਾ ਸਾਹ ਸੂਤਿਆ ਗਿਆ। ਸਾਡੇ ਘਰ ਦਾ ਤਾਲਾ ਤੋੜ ਕੇ ਲੁਟੇਰੇ ਸਮਾਨ ਲੁੱਟ ਰਹੇ ਸਨ। ਸਾਡੇ ਘਰ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਫੋਟੋਆਂ ਲੱਗੀਆਂ ਹੋਈਆਂ ਸਨ ਪਰ ਕਿਸੇ ਲੁਟੇਰੇ ਨੇ ਉਸ ਪਾਸੇ ਧਿਆਨ ਹੀ ਨਹੀਂ ਦਿੱਤਾ। ਜਿਸ ਦੇ ਹੱਥ ਜੋ ਆ ਰਿਹਾ ਸੀ ਆਪਣਾ ਬਣਾਈ ਜਾ ਰਿਹਾ ਸੀ। ਆਪਣੇ ਦੇਸ਼ ਵਿੱਚ ਆਪਣੇ ਹੀ ਘਰ ਨੂੰ ਲੁਟੇਰਿਆਂ ਵੱਲੋਂ ਲੁੱਟੇ ਜਾਣ ਦਾ ਦਰਦਨਾਕ ਸੀਨ ਦੇਖ ਕੇ ਮੇਰੀ ਲੇਰ ਨਿਕਲ ਗਈ। ਲੁਟੇਰੇ ਮੇਰੇ ਵੱਲ ਦੇਖਣ ਲੱਗ ਪਏ। ਮੈਂ ਉਹਨਾਂ ਜਾਬਰਾਂ ਅੱਗੇ ਲੇਲ੍ਹੜੀਆਂ ਕੱਢਦਿਆਂ ਬੇਨਤੀ ਕੀਤੀ ਕਿ ਉਹ ਸਾਡੇ ਘਰ ਨੂੰ ਨਾ ਲੁੱਟਣ। ਇੱਕ ਭੂਤਰੇ ਸ਼ੈਤਾਨ ਨੇ ਮੇਰੇ ਵੱਲ ਦੇਖੇ ਬਿਨਾ ਫਤਵਾ ਸੁਣਾ ਦਿੱਤਾ-ਤੁਰਕਾਂ ਦਾ ਤੁਖ਼ਮ ਜਾਪਦਾ, ਬਲਵੰਤੇ ਕੱਢ ਆਪਣੀ ਚਮਕੀਲੀ ਅਤੇ ਇੱਕੋ ਵਾਰ ਨਾਲ ਕਰਦੇ ਹਲਾਲ ਇਸ ਤੁਰਕ ਦੇ ਤੁਖ਼ਮ ਨੂੰ। ਇਸ ਦੇ ਖ਼ੂਨ ਨਾਲ ਆਪਣੀ ਚਮਕੀਲੀ ਨੂੰ ਇਸ਼ਨਾਨ ਵੀ ਕਰਵਾ ਲੈ। ਪਰ ਦੂਜੇ ਦਾ ਧਿਆਨ ਮੇਰੇ ਸਿਰ ਉੱਪਰ ਲੱਗੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਛਾਪ ਮੇਰੇ ਸਿਰ ਉੱਪਰ ਬਣੇ ਜੂੜੇ ਵੱਲ ਚਲਾ ਗਿਆ ਸੀ। ਉਸ ਨੇ ਮੋੜਵਾਂ ਉੱਤਰ ਦਿੱਤਾ-ਓਏ ਇਹ ਤਾਂ ਸਿੱਖ ਮੁੰਡਾ ਲਗਦੈ। ਤਦੋਂ ਪਹਿਲੇ ਨੇ ਵੀ ਗ਼ੌਰ ਨਾਲ ਮੇਰੇ ਸਿਰ ਉੱਪਰ ਮੇਰੀ ਮਾਂ ਵੱਲੋਂ ਮੀਢੀਆਂ ਨਾਲ ਗੁੰਦ ਕੇ ਬਣਾਏ ਗਏ ਜੂੜੇ ਵੱਲ ਵੇਖਿਆ। ਉਦੋਂ ਹਕੀਕਤਨ ਮੈਨੂੰ ਇਹ ਮਹਿਸੂਸ ਹੋਇਆ ਜਿਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਪਾਤਸ਼ਾਹ ਨੇ ਆਪ ਹੱਥ ਦੇ ਕੇ ਮੇਰੀ ਜਾਨ ਬਚਾਈ ਹੋਵੇ। ਹਨੇਰਾ ਹੁੰਦਾ ਦੇਖ ਕੇ ਉਹਨਾਂ ਲੁੱਟਣ ਵਾਲੇ ਵਿਅਕਤੀਆਂ ਵਿੱਚ ਮਨੁੱਖਤਾ ਨੇ ਕਰਵਟ ਬਦਲੀ ਅਤੇ ਉਹਨਾਂ ਨੇ ਹੋਰ ਲੋਟੂ ਟੋਲੀਆਂ ਤੋਂ ਬਚਾਉਣ ਲਈ ਮੈਨੂੰ ਮਿਲਰ ਗੰਜ ਮੇਰੇ ਮਾਮੇ ਦੇ ਘਰ ਕੋਲ ਪਹੁੰਚਾ ਦਿੱਤਾ।

ਇਧਰ ਮੈਨੂੰ ਘਰ ਵਿਚ ਨਾ ਦੇਖ ਕੇ ਮੈਨੂੰ ਲੱਭਣ ਲਈ ਹਾਲ-ਪਾਹਰਿਆ ਪਈ ਹੋਈ ਸੀ। ਮੈਨੂੰ ਦੇਖਦਿਆਂ ਹੀ ਮੇਰੀ ਮਾਂ ਨੇ ਮੈਨੂੰ ਘੁੱਟ ਕੇ ਕਲੇਜੇ ਨਾਲ ਲਾ ਲਿਆ। ਬਾਅਦ ਵਿਚ ਪਤਾ ਲੱਗਿਆ ਕਿ ਮੇਰੀ ਮਾਂ ਤਾਂ ਤਲਵਾਰਾਂ ਸੂਤੀ ਜਾਂਦੇ ਬਲਵੱਈਆਂ ਦੇ ਇੱਕ ਟੋਲੇ ਨੂੰ ਦੇਖ ਕੇ ਵਾਪਸ ਪਰਤ ਆਈ ਸੀ ਪਰ ਮੈਂ ਉਸ ਨੂੰ ਲੱਭਦਾ ਹੋਇਆ ਫੀਲਡ ਗੰਜ ਪਹੁੰਚ ਗਿਆ ਸੀ। ਮੇਰੇ ਕੋਲੋਂ ਆਪਣਾ ਹੀ ਘਰ ਲੁੱਟੇ ਜਾਣ ਦੀ ਦੁੱਖ ਭਰੀ ਦਾਸਤਾਨ ਸੁਣ ਕੇ ਸਭ ਨੇ ਇੱਕੋ ਸਾਹੇ ਕਿਹਾ-ਕੋਈ ਨਹੀਂ ਘਰ ਦਾ ਸਮਾਨ ਤਾਂ ਫਿਰ ਬਣ ਜਾਵੇਗਾ, ਸ਼ੁਕਰ ਏ ਰੱਬ ਦਾ ! ਤੂੰ ਸਹੀ-ਸਲਾਮਤ ਮੁੜ ਆਇਆ ਏਂ।

# ਪਰਵਾਸੀ ਪੰਜਾਬੀ, ਬੇਵਿਸ਼ਵਾਸੀ ਅਤੇ ਸਰਕਾਰੀ ਪਹਿਲਕਦਮੀ

**ਗੁਰਮੀਤ ਸਿੰਘ ਪਲਾਹੀ**

ਪ੍ਰਵਾਸ ਹੰਢਾ ਰਹੇ ਪੰਜਾਬੀਆਂ ਨੇ ਆਪਣੇ ਪਿਛਲੇ ਪਿੰਡਾਂ, ਸ਼ਹਿਰਾਂ ਵਿਚ ਵਸਦੇ ਪੰਜਾਬੀਆਂ ਦੇ ਭਲੇ ਹਿਤ ਸਮੇਂ-ਸਮੇਂ 'ਤੇ ਬਹੁਤ ਸਾਰੇ ਭਲਾਈ ਦੇ ਕਾਰਜ ਆਰੰਭੇ ਅਤੇ ਬਹੁਤੀ ਵਾਰ ਸਰਕਾਰਾਂ ਦੀ ਸਹਾਇਤਾ ਤੋਂ ਬਿਨਾ ਇਹੋ ਜਿਹੇ ਕਾਰਜ ਕੀਤੇ ਜਿਹਨਾਂ ਦੀ ਮਿਸਾਲ ਦਿੱਤਿਆਂ ਹੀ ਬਣਦੀ ਹੈ। ਪਿੰਡਾਂ ਵਿਚ ਅੰਡਰ ਗਰਾਊਂਡ ਸੀਵਰੇਜ ਸਿਸਟਮ ਦੀ ਉਸਾਰੀ ਉਹਨਾਂ ਵਿੱਚੋਂ ਇਹੋ ਜਿਹਾ ਕਾਰਜ ਹੈ, ਜਿਸ ਨੂੰ ਸਰਕਾਰ ਪਿੰਡਾਂ ਵਿਚ ਲਾਗੂ ਨਹੀਂ ਸੀ ਕਰਨਾ ਚਾਹੁੰਦੀ ਪਰ ਪ੍ਰਵਾਸੀ ਪੰਜਾਬੀਆਂ ਨੇ ਪਹਿਲਾਂ-ਪਹਿਲ ਇਹ ਬੀੜਾ ਚੁੱਕਿਆ ਅਤੇ ਪੰਜਾਬ ਸਰਕਾਰ ਨੂੰ ਮਜਬੂਰ ਕਰ ਦਿੱਤਾ ਕਿ ਉਹ ਇਸ ਕਾਰਜ ਲਈ ਮੈਚਿੰਗ ਗ੍ਰਾਂਟ ਦੇਵੇ, ਜਿਹੜੀ ਕਿ ਬਾਅਦ ਵਿੱਚ ਵੀ ਪੰਜਾਬ ਵਿੱਚ ਲੰਮਾ ਸਮਾਂ ਚਲਦੀ ਰਹੀ। ਪ੍ਰਵਾਸੀ ਪੰਜਾਬੀਆਂ ਦੀ ਸਹਾਇਤਾ ਨਾਲ ਕਈ ਪਿੰਡਾਂ ਵਿੱਚ ਅੰਡਰ ਗਰਾਊਂਡ ਸੀਵਰੇਜ ਸਿਸਟਮ ਹੀ ਚਾਲੂ ਨਾ ਹੋਏ, ਸਗੋਂ ਖੇਡ ਸਟੇਡੀਅਮ, ਕੰਕਰੀਟ ਬਲਾਕ ਲਗਾਉਣ, ਇਮਾਰਤਾਂ ਦੀ ਉਸਾਰੀ ਦੇ ਨਾਲ-ਨਾਲ ਪਿੰਡਾਂ ਵਿੱਚ ਹਸਪਤਾਲ, ਡਿਸਪੈਂਸਰੀਆਂ ਵੀ ਖੋਲ੍ਹੀਆਂ ਜਿੱਥੇ ਬਹੁਤੀਆਂ ਹਾਲਤਾਂ ਵਿੱਚ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਰਹੀਆਂ ਜਾਂ ਹੁਣ ਵੀ ਰਿਆਇਤੀ ਦਰਾਂ 'ਤੇ ਦਿੱਤੀਆਂ ਜਾ ਰਹੀਆਂ ਹਨ। ਪਿੰਡਾਂ ਵਿੱਚ ਪ੍ਰਵਾਸੀ ਵੀਰਾਂ ਵਲੋਂ ਟੂਰਨਾਮੈਂਟ ਕਰਾਉਣ,



ਧਾਰਮਿਕ ਸਥਾਨਾਂ ਦੀ ਉਸਾਰੀ ਅਤੇ ਸਿਲਾਈ ਸੈਂਟਰ ਖੋਲ੍ਹਕੇ ਲੜਕੀਆਂ ਨੂੰ ਟਰੇਨਿੰਗ ਦੇਕੇ ਸਿਲਾਈ ਮਸ਼ੀਨਾਂ ਦੇਣੀਆਂ ਅਤੇ ਕਈ ਥਾਵਾਂ ਤੇ ਲੋੜਵੰਦ ਬਜ਼ੁਰਗਾਂ ਅਤੇ ਲੋੜਵੰਦ ਔਰਤਾਂ ਨੂੰ ਪੈਨਸ਼ਨਾਂ ਆਦਿ ਦੇਣੀਆਂ ਜਿਹੇ ਕੰਮ ਵੀ ਕੀਤੇ ਗਏ। ਪ੍ਰਵਾਸੀ ਵੀਰਾਂ ਦੇ ਮਨ ਦੀ ਭਾਵਨਾ ਤਾਂ ਮੁੱਖ ਰੂਪ ਵਿੱਚ ਇਹ ਸੀ ਕਿ ਉਹਨਾਂ ਬਾਹਰਲੇ ਮੁਲਕਾਂ ਵਿੱਚ ਜਾ ਕੇ ਆਪਣੀ ਜ਼ਿੰਦਗੀ ਬਸਰ ਕਰਨ ਲਈ ਜੋ ਸੁਖ ਸਹੂਲਤਾਂ ਮਾਣੀਆਂ ਹਨ, ਜਾਂ ਮਾਣ ਰਹੇ ਹਨ, ਉਹੋ ਜਿਹੀਆਂ ਸਹੂਲਤਾਂ ਉਹ ਆਪਣੇ ਪੰਜਾਬ ਵਿੱਚ ਵੀ ਪਿੱਛੇ ਰਹਿ ਰਹੇ ਲੋਕਾਂ ਨੂੰ ਦੇਣ। ਇਸੇ ਮੰਤਵ ਨਾਲ ਉਹਨਾਂ ਵਿੱਚੋਂ ਬਹੁਤੇ ਲੋਕਾਂ ਨੇ ਆਪਣੀ ਕ੍ਰਿਤ ਕਮਾਈ ਵਿੱਚੋਂ ਹਿੱਸਾ ਕੱਢਦਿਆਂ ਆਪਣੇ ਪਿੰਡਾਂ ਦੀ ਨੁਹਾਰ ਬਦਲਣ ਦਾ ਉਪਰਾਲਾ ਕੀਤਾ।

ਪ੍ਰਵਾਸ ਹੰਢਾਉਂਦਿਆਂ ਪ੍ਰਵਾਸੀ ਪੰਜਾਬੀਆਂ ਨੇ ਵੱਡਾ ਸੰਘਰਸ਼ ਕੀਤਾ, ਕਿਉਂਕਿ ਉਹਨਾਂ ਨੂੰ ਮਿਹਨਤ ਕਰਨ ਦੇ ਮੌਕੇ ਮਿਲੇ ਅਤੇ ਮਿਹਨਤ ਦਾ ਫਲ ਵੀ ਮਿਲਿਆ। ਸਿੱਟੇ ਵਜੋਂ ਦਹਾਕਿਆਂ ਦੀ ਮੁਸ਼ੱਕਤ ਸਦਕਾ ਉਹਨਾਂ ਵਿੱਚੋਂ ਕੁਝ ਇੱਕ ਨੇ ਆਪੋ-ਆਪਣੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ। ਵਿਦੇਸ਼ਾਂ ਦੀ ਧਰਤੀ 'ਤੇ ਵੱਡੀਆਂ ਜਾਇਦਾਦਾਂ, ਫਾਰਮ ਹਾਊਸ, ਫੈਕਟਰੀਆਂ, ਪੈਟਰੋਲ ਪੰਪ ਆਦਿ ਸਥਾਪਤ ਕੀਤੇ ਅਤੇ ਮਿਹਨਤ ਕਰਦਿਆਂ ਡਾਕਟਰੀ, ਇੰਜਨੀਅਰੀ, ਸਿਆਸਤ, ਪੱਤਰਕਾਰੀ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ। ਬਰਤਾਨੀਆ, ਕੈਨੇਡਾ ਵਿੱਚ ਤਾਂ ਪ੍ਰਵਾਸੀ ਪੰਜਾਬੀਆਂ ਨੇ ਵੱਡੇ-ਵੱਡੇ ਪ੍ਰਾਜੈਕਟ ਛੋਹੇ, ਉਹਨਾਂ 'ਤੇ ਕੰਮ ਕੀਤਾ, ਸਰਕਾਰੇ-ਦਰਬਾਰੇ ਨਾਮਣਾ ਖੱਟਿਆ। ਸਰਕਾਰਾਂ ਵਿੱਚ ਉੱਚ ਅਹੁਦਿਆਂ ਉੱਤੇ ਬੈਠੇ। ਪ੍ਰਸ਼ਾਸਨ ਵਿੱਚ ਭਾਗੀਦਾਰ ਬਣਕੇ ਪੰਜਾਬੀਆਂ ਦਾ ਸਿਰ ਉੱਚਾ ਕੀਤਾ। ਕੈਨੇਡਾ, ਬਰਤਾਨੀਆ ਦੇ ਨਾਲ-ਨਾਲ

**ਬਾਕੀ ਸਫ਼ਾ 32 'ਤੇ**



# ਪੰਜਾਬ 'ਚ ਲਗਾਤਾਰ ਵਧ ਰਹੇ ਹਨ ਅਪਰਾਧ

## ਕੁੜੀ ਦਾ ਬਲਾਤਕਾਰ ਹੋਣ ਤੋਂ ਬਾਅਦ ਠਾਣੇਦਾਰ ਨੇ ਜ਼ਬਰਦਸਤੀ ਰਾਜ਼ੀਨਾਮਾ ਕਰਵਾ ਦਿੱਤਾ

ਪੰਜਾਬ ਵਿਚ ਅਪਰਾਧ ਲਗਾਤਾਰ ਵਧ ਰਹੇ ਹਨ, ਜੋ ਕਿ ਪੁਲਿਸ ਦੀ ਕਾਰਜ ਪ੍ਰਣਾਲੀ 'ਤੇ ਗੰਭੀਰ ਪ੍ਰਸ਼ਨ ਚਿੰਨ੍ਹ ਹੈ। ਪੰਜਾਬ ਵਿਚ ਡਰੱਗ ਦਾ ਕਾਰੋਬਾਰ ਲਗਾਤਾਰ ਵਧ ਰਿਹਾ ਹੈ। ਭ੍ਰਿਸ਼ਟ ਪੁਲੀਸ ਅਫ਼ਸਰਾਂ ਤੇ ਸਿਆਸਤਦਾਨਾਂ ਕਾਰਨ ਇਹਨਾਂ ਡਰੱਗ ਸਮੱਗਲਰਾਂ ਨੂੰ ਪਨਾਹ ਮਿਲ ਰਹੀ ਹੈ। ਪਿਛਲੇ ਕੁਝ ਸਮੇਂ ਤੋਂ ਨਸ਼ੀਲੇ ਪਦਾਰਥਾਂ ਅਤੇ ਹੋਰ ਕਈ ਤਰ੍ਹਾਂ ਦੇ ਅਪਰਾਧਾਂ ਵਿਚ ਕਈ ਪੁਲਿਸ ਮੁਲਾਜ਼ਮ ਸ਼ਾਮਲ ਹਨ। ਇਸ ਗੱਲ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਮੰਨਿਆ ਹੈ। ਇਸੇ ਕਰਕੇ ਮੁੱਖ ਮੰਤਰੀ ਨੂੰ ਵੀ ਐਲਾਨ ਕਰਨਾ ਪਿਆ ਹੈ ਕਿ ਡਰੱਗ ਮਾਫੀਆ ਦੇ ਨਾਲ ਸਹਿਯੋਗ ਅਤੇ ਉਸ ਦੀ ਮਦਦ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਇਕ ਉੱਚ ਪੁਲਿਸ ਅਧਿਕਾਰੀ ਨੂੰ ਹੁਕਮ ਜਾਰੀ ਕੀਤੇ ਹਨ, ਉਹ ਨਸ਼ਾ ਤਸਕਰੀ ਵਿਚ ਸ਼ਾਮਿਲ ਪੁਲਿਸ ਮੁਲਾਜ਼ਮਾਂ ਦੀ ਪਛਾਣ ਕਰ ਕੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰੇ। ਸੱਚ ਇਹ ਵੀ ਹੈ ਕਿ ਪੰਜਾਬ ਵਿਚ ਡਰੱਗ ਕਾਰਨ ਮੌਤਾਂ ਦੀ ਗਿਣਤੀ ਵਧ ਰਹੀ ਹੈ ਤੇ ਕਰਾਈਮ ਵਿਚ ਵਾਧਾ ਹੋ ਰਿਹਾ ਹੈ। ਇਥੋਂ ਤੱਕ ਛੋਟੇ ਬੱਚਿਆਂ ਨੂੰ ਵੀ ਅਗਵਾ ਕੀਤਾ ਜਾਣ ਲੱਗਾ ਹੈ ਅਤੇ ਪੰਜਾਬ ਦੀਆਂ ਕਈ ਮੁਟਿਆਰਾਂ ਇਸ ਡਰੱਗ ਧੰਦੇ ਵਿਚ ਸ਼ਾਮਲ ਹੋ ਚੁੱਕੀਆਂ ਹਨ। ਡਰੱਗ ਧੰਦੇ ਵਿਚ ਸ਼ਾਮਲ ਕਈ ਕਰਿੰਦੇ ਅਪਰਾਧੀ ਸ਼ਰ੍ਹੇਆਮ ਦਿਨ-ਦਿਹਾੜੇ ਲੁੱਟ ਮਾਰ ਕਰ ਰਹੇ ਹਨ।

ਪੁਲਿਸ ਮੁਲਾਜ਼ਮਾਂ ਵਲੋਂ ਬਾਕਾਇਦਾ ਗਰੋਹ ਬਣਾ ਕੇ ਨਿਰਦੋਸ਼ ਲੋਕਾਂ ਨੂੰ ਅਗਵਾ ਕਰਨ ਅਤੇ ਉਨ੍ਹਾਂ ਤੋਂ ਫਿਰੌਤੀ ਵਸੂਲਣ ਦੀਆਂ ਘਟਨਾਵਾਂ ਵੀ ਵੀ ਸੁਣਨ ਵਿਚ ਆ ਰਹੀਆਂ ਹਨ। ਅੰਮ੍ਰਿਤਸਰ ਵਿਚ ਇਕ ਕਿਸਾਨ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਝੂਠੇ ਮਾਮਲੇ ਵਿਚ ਫਸਾਉਣ ਦੀ ਧਮਕੀ ਦੇ ਕੇ ਕਰੀਬ ਸਵਾ ਲੱਖ ਰੁਪਏ ਵਸੂਲਣ ਵਾਲੇ ਏ.ਐਸ.ਆਈ. ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਫ਼ਰੀਦਕੋਟ ਸੀ.ਆਈ.ਏ. ਸਟਾਫ਼ ਵਿਚ ਵੀ ਨੌਜਵਾਨ ਦੀ ਮੌਤ ਤੋਂ ਬਾਅਦ ਉਸ ਦੀ ਲਾਸ਼ ਨੂੰ ਖੁਰਦ-ਬੁਰਦ ਕਰ ਦੇਣ ਵਾਲੇ ਪੁਲਿਸ ਅਧਿਕਾਰੀ ਵਲੋਂ ਖੁਦ ਆਤਮ-ਹੱਤਿਆ ਕਰ ਲੈਣ ਦੀ ਘਟਨਾ ਵੀ ਸਾਹਮਣੇ ਆਈ ਹੈ ਤੇ ਹੁਣ ਪਰਿਵਾਰ ਨੂੰ ਪੈਸਾ ਦੇ ਕੇ ਮਾਮਲਾ ਦਬਾ ਦਿੱਤਾ ਗਿਆ ਹੈ। ਛੋਟੀਆਂ-ਛੋਟੀਆਂ ਬੱਚੀਆਂ ਨਾਲ ਜਬਰ-ਜਨਾਹ ਦੀਆਂ ਘਟਨਾਵਾਂ ਵੀ ਪੰਜਾਬ ਵਿਚ ਵਾਪਰ ਰਹੀਆਂ ਹਨ। ਜੇਲ੍ਹਾਂ ਵਿਚ ਅਪਰਾਧੀ ਸੁਧਰਨ ਦੀ ਥਾਂ ਹੋਰ ਵਿਗੜਨ ਲੱਗੇ ਹਨ ਤੇ ਆਪਣਾ ਗ਼ੈਰ ਕਾਨੂੰਨੀ ਧੰਦਾ ਜੇਲ੍ਹਾਂ ਵਿਚੋਂ ਚਲਾ ਰਹੇ ਹਨ।

## ਕੁਝ ਘਟਨਾਵਾਂ ਜੋ ਹਾਲਾਤ ਦੀ ਗੰਭੀਰਤਾ ਬਿਆਨ ਕਰਦੀਆਂ ਹਨ

6 ਜੂਨ ਥਾਣਾ ਕੈਨਾਲ ਕਾਲੋਨੀ ਬਠਿੰਡਾ ਅਧੀਨ ਪੈਂਦੇ ਇਲਾਕੇ ਵਿੱਚ ਇੱਕ ਚੌਦਾਂ ਸਾਲ ਦੀ ਲੜਕੀ ਨੂੰ ਵਰਗਲਾ ਕੇ ਲੈ ਜਾਣ ਅਤੇ ਉਸ ਨਾਲ ਬਲਾਤਕਾਰ ਕੀਤੇ ਜਾਣ ਦੀ ਖਬਰ ਸਾਹਮਣੇ ਆਈ ਹੈ ਅਤੇ ਪੁਲਿਸ ਨੇ ਧੱਕੇ ਨਾਲ ਰਾਜ਼ੀਨਾਮਾ ਕਰਵਾ ਦਿੱਤਾ ਹੈ। ਲੜਕੀ ਦੇ ਪਿਤਾ ਦੱਸਿਆ ਕਿ ਉਹ ਆਪ ਤਾਂ ਫਰੀਦਕੋਟ ਤੋਂ ਸਾਮਾਨ ਲੈ ਕੇ ਟਰੱਕ ਰਾਹੀਂ ਲੇਹ ਛੱਡਣ ਗਿਆ ਹੋਇਆ ਸੀ। ਇਹ ਸਾਰਾ ਸਾਮਾਨ ਆਰਮੀ ਦਾ ਸੀ ਉਸ ਨੂੰ ਫੋਨ ਤੇ ਇਸ ਦੀ ਜਾਣਕਾਰੀ ਮਿਲੀ ਸੀ। ਉਸ ਨੇ ਸਬੰਧਿਤ ਪੁਲਿਸ ਨੂੰ ਉੱਥੇ ਹੀ ਫੋਨ ਕੀਤਾ ਕਿ ਦੋਸ਼ੀਆਂ 'ਤੇ ਪਰਚਾ ਕੀਤਾ ਜਾਵੇ। ਪਰ ਪੁਲਿਸ ਨੇ ਦਬਾਅ ਪਾ ਕੇ ਉਨ੍ਹਾਂ ਦੀ ਘਰਵਾਲੀ ਤੋਂ ਦਸਤਖਤ ਕਰਵਾ ਕੇ ਜ਼ਬਰਦਸਤੀ ਰਾਜ਼ੀਨਾਮਾ ਕਰਵਾ ਦਿੱਤਾ। ਪੀੜਤ ਲੜਕੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮਾਲਕ ਮਕਾਨ ਔਰਤ ਵੱਲੋਂ ਉਸ ਨੂੰ ਲੜਕੇ ਨਾਲ ਭੇਜਿਆ ਗਿਆ ਸੀ। ਇਹ ਲੜਕੀਆਂ ਦੋ ਭੈਣਾਂ ਹਨ। ਉਨ੍ਹਾਂ ਦੇ ਪਿਤਾ ਦਾ ਨਾਮ ਗੁਰਦੀਪ ਸਿੰਘ ਹੈ। ਮਾਲਕ ਮਕਾਨ ਔਰਤ ਨੇ ਕੁੜੀ ਨੂੰ ਧਮਕੀ ਦਿੱਤੀ ਸੀ ਕਿ ਜੇ ਲੜਕੇ ਪ੍ਰਵੇਜ਼ ਖ਼ਾਨ ਨਾਲ ਨਾ ਗਈ ਤਾਂ ਉਹ ਉਸ ਦੇ ਪਰਿਵਾਰ ਨੂੰ ਕੁਝ ਵੀ ਕਰ ਸਕਦੀ ਹੈ। ਉਸ ਨੇ ਲੜਕੀ ਨੂੰ ਇਹ ਵੀ ਕਿਹਾ ਕਿ ਤੇਰੇ ਪਰਿਵਾਰ ਵਾਲੇ ਤਾਂ ਤੈਨੂੰ ਪੁੱਛਦੇ ਹੀ ਨਹੀਂ। ਇਸ ਤਰ੍ਹਾਂ ਉਸ ਔਰਤ ਨੇ ਲੜਕੀ ਨੂੰ ਭਟਕਾ ਦਿੱਤਾ ਲੜਕੀ ਦੀ ਵੱਡੀ ਭੈਣ ਬਾਹਰ ਪੜ੍ਹਦੀ ਹੈ। ਲੜਕੀ ਨੇ ਦੱਸਿਆ ਕਿ ਪ੍ਰਵੇਜ਼ ਖਾਨ ਉਸ ਨੂੰ ਅੰਮ੍ਰਿਤਸਰ ਲੈ ਗਿਆ। ਉਸ ਨੇ ਉਸ ਨਾਲ ਉੱਥੇ ਬਲਾਤਕਾਰ ਕੀਤਾ।

6 ਜੂਨ ਵੇਰਕਾ ਰੇਲਵੇ ਪੁਲ ਅੰਮ੍ਰਿਤਸਰ ਨੇੜੇ ਦੋ ਮੋਟਰਸਾਈਕਲ ਸਵਾਰ ਲੁਟੇਰਿਆਂ ਵੱਲੋਂ ਇੱਕ ਵਪਾਰੀ ਕੋਲੋਂ ਤਿੰਨ ਲੱਖ ਰੁਪਏ ਲੁੱਟਣ ਦੀ ਘਟਨਾ ਵਾਪਰੀ ਹੈ।

ਇਹ ਘਟਨਾ ਕੁਝ ਦਿਨ ਪਹਿਲਾਂ ਵਾਪਰੀ ਸੀ ਪਰ ਇਹ ਉਸ ਵੇਲੇ ਸਾਹਮਣੇ ਆਈ ਜਦੋਂ ਹੁਣ ਪੀੜਤ ਵਪਾਰੀ ਨੇ ਇਸ ਸਬੰਧੀ ਪੁਲੀਸ ਕੋਲ ਸ਼ਿਕਾਇਤ ਦਰਜ ਕਰਾਈ ਹੈ। ਲੁੱਟ ਦਾ ਸ਼ਿਕਾਰ ਹੋਏ ਵਪਾਰੀ ਵਿਸ਼ਾਲ ਮਦਾਨ ਨੇ ਪੁਲੀਸ ਨੂੰ ਦੱਸਿਆ ਕਿ ਉਹ ਅਤੇ ਉਸ ਦਾ ਮਿੱਤਰ ਅਨਿਲ ਗੁਪਤਾ ਦੋਵੇਂ ਆਪਣੀ ਕਾਰ ਵਿੱਚ ਹਿਮਾਚਲ ਪ੍ਰਦੇਸ਼ ਸਥਿਤ ਕਾਂਗੜਾ ਜਾ ਰਹੇ ਸਨ ਕਿ ਵੇਰਕਾ ਬਾਈਪਾਸ ਨੇੜੇ ਰੇਲਵੇ ਪੁਲ ਕੋਲ ਦੋ ਮੋਟਰਸਾਈਕਲ ਸਵਾਰ ਉਨ੍ਹਾਂ ਕੋਲੋਂ ਪਿਸਤੌਲ ਦੀ ਨੋਕ 'ਤੇ ਤਿੰਨ ਲੱਖ ਰੁਪਏ ਲੁੱਟ ਕੇ ਲੈ ਗਏ। ਪੁਲੀਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਹੈ।

ਇਸ ਦੌਰਾਨ ਇੱਕ ਹੋਰ ਲੁੱਟ ਖੋਹ ਦੀ ਘਟਨਾ ਵਾਪਰੀ ਹੈ, ਜਿਸ ਵਿੱਚ ਮੋਟਰਸਾਈਕਲ ਸਵਾਰ ਦੋ ਲੁਟੇਰਿਆਂ ਨੇ ਪ੍ਰਸ਼ਾਤ ਕੁਮਾਰ ਦਾ ਲੈਪਟਾਪ ਵਾਲਾ ਬੈਗ ਖੋਹ ਲਿਆ ਹੈ। ਪੁਲੀਸ ਨੇ ਇਸ ਸਬੰਧ ਵਿੱਚ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

7 ਜੂਨ ਦੌਰਾਨ ਜ਼ਿਲ੍ਹਾ ਪੁਲੀਸ ਨੇ ਵੱਖ ਵੱਖ ਥਾਵਾਂ 'ਤੇ ਕਾਰਵਾਈ ਕਰਦਿਆਂ 2 ਔਰਤਾਂ ਸਣੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਸਰਹਿੰਦ ਦੇ ਐੱਸਐੱਚਓ ਰਜਨੀਸ਼ ਸੂਦ ਦੀ ਅਗਵਾਈ ਹੇਠ ਸਬ-ਇੰਸਪੈਕਟਰ ਹਰਪ੍ਰੀਤ ਸਿੰਘ ਇੰਚਾਰਜ ਪੁਲੀਸ ਚੌਕੀ ਨਬੀਪੁਰ ਨੇ ਪੁਲੀਸ ਪਾਰਟੀ ਸਮੇਤ ਕਾਰਵਾਈ ਕਰਦਿਆਂ ਜੀਟੀ ਰੋਡ ਨੇੜੇ ਪਿੰਡ ਸੈਦਪੁਰਾ ਕੋਲੋਂ ਗੱਡੀ ਵਿਚ ਸਵਾਰ ਸਿਮਰਜੀਤ ਸਿੰਘ, ਭੁਪਿੰਦਰ ਕੌਰ ਤੇ ਰਮਨਦੀਪ ਕੌਰ ਵਾਸੀਆਨ ਲਲਤੋਂ ਖ਼ੁਰਦ, ਜ਼ਿਲ੍ਹਾ ਲੁਧਿਆਣਾ ਨੂੰ 20 ਕਿੱਲੋ ਭੁੱਕੀ ਤੇ 250 ਗਰਾਮ ਅਫ਼ੀਮ ਸਮੇਤ ਗ੍ਰਿਫ਼ਤਾਰ ਕਰਕੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਸੇ ਤਰ੍ਹਾਂ ਥਾਣਾ ਬਡਾਲੀ ਆਲਾ ਸਿੰਘ ਦੇ ਕਾਰ ਸਵਾਰ ਨਿਤਿਨ ਵਾਸੀ ਆਦਰਸ਼ ਨਗਰ ਅੰਮ੍ਰਿਤਸਰ ਨੂੰ 60 ਬੋਤਲਾਂ ਵਿਦੇਸ਼ੀ ਸ਼ਰਾਬ, 24 ਬੋਤਲਾਂ ਚੰਡੀਗੜ੍ਹ ਮਾਰਕਾ ਸ਼ਰਾਬ ਤੇ 24 ਕੈਨ ਬੀਅਰ ਸਮੇਤ ਗ੍ਰਿਫ਼ਤਾਰ ਕਰਕੇ ਕੇਸ ਦਰਜ ਕੀਤਾ ਹੈ।

7 ਜੂਨ ਦੌਰਾਨ ਨੇੜਲੇ ਪਿੰਡ ਚਿਰਾਗਸ਼ਾਹ ਵਾਲਾ ਮੋਗਾ ਵਿਚ 55 ਸਾਲ ਦੇ ਵਿਅਕਤੀ ਵਲੋਂ ਸ਼ਰਾਬ ਦੇ ਨਸ਼ੇ ਵਿਚ ਦੋ ਸਾਲ ਦੀ ਬੱਚੀ ਨਾਲ ਬਲਾਤਕਾਰ ਕੀਤੇ ਜਾਣ ਦੀ ਘਟਨਾ ਕਾਰਨ ਰੋਹ ਵਿਚ ਆਏ ਲੋਕਾਂ ਨੇ ਕੋਟ ਈਸੇ ਖਾਂ ਚੌਕ ਵਿਚ ਧਰਨਾ ਲਾਇਆ ਅਤੇ ਸਥਿਤੀ ਤਣਾਅਪੂਰਨ ਬਣ ਗਈ। ਭੜਕੇ ਲੋਕਾਂ ਨੇ ਮੁਲਜ਼ਮ ਦੀ ਕੁੱਟਮਾਰ ਕੀਤੀ ਤਾਂ ਮੌਕੇ 'ਤੇ ਪੁੱਜੀ ਪੁਲੀਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ। ਪੀੜਤ ਬੱਚੀ ਨੂੰ ਇੱਥੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ।



### ਨਸ਼ੇੜੀਆਂ ਦੀਆਂ ਲਾਸ਼ਾਂ ਮਿਲੀਆਂ-

8 ਜੂਨ ਦੌਰਾਨ ਇੱਥੇ ਚੱਕੀ ਦਰਿਆ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਦੇ ਖੇਤਰ ਵਿੱਚੋਂ ਸਵੇਰੇ ਦੋ ਨੌਜਵਾਨਾਂ ਦੀਆਂ ਲਾਸ਼ਾਂ ਮਿਲੀਆਂ ਹਨ। ਲਾਸ਼ਾਂ ਨੇੜੇ ਨਸ਼ਾ ਕਰਨ ਲਈ ਵਰਤੀਆਂ ਜਾਂਦੀਆਂ 30-40 ਸਰਿੰਜਾਂ ਵੀ ਪਈਆਂ ਸਨ, ਜਿਸ ਕਾਰਨ ਦੋਵੇਂ ਮੌਤਾਂ ਨੂੰ ਨਸ਼ੇ ਦੀ ਓਵਰਡੋਜ਼ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਡਮਟਾਲ ਥਾਣਾ ਮੁਖੀ ਅਜੀਤ ਕੁਮਾਰ ਨੇ ਦੱਸਿਆ ਕਿ ਇੱਕ ਮ੍ਰਿਤਕ ਦੀ ਪਛਾਣ ਕਰਨ ਸਿੰਘ (25 ਸਾਲ) ਪੁੱਤਰ ਭੁਪਿੰਦਰ ਸਿੰਘ ਵਾਸੀ ਗੰਦਲਾ ਲਾਹੜੀ, ਪਠਾਨਕੋਟ (ਪੰਜਾਬ) ਵਜੋਂ ਹੋਈ ਹੈ ਜਦ ਕਿ ਦੂਸਰੇ ਨੌਜਵਾਨ ਦਾ ਨਾਂ ਮੋਬਾਈਲ ਨੰਬਰ ਦੇ ਆਧਾਰ 'ਤੇ ਸ਼ਿਵ ਕੁਮਾਰ ਵਜੋਂ ਸਾਹਮਣੇ ਆ ਰਿਹਾ ਹੈ।

### ਪਤਨੀ ਨੇ ਬਾਹਰੀ ਪ੍ਰੇਮ ਸਬੰਧਾਂ ਕਾਰਨ ਪਤੀ ਮਾਰਿਆ-

9 ਜੂਨ ਦੌਰਾਨ ਪਿੰਡ ਧਨੂੰਰ ਵਿਚ ਪਰਮਜੀਤ ਕੌਰ ਨੇ ਆਪਣੇ ਆਸ਼ਿਕ ਗੁਰਪ੍ਰੀਤ ਸਿੰਘ ਉਰਫ਼ ਪ੍ਰੀਤ ਨਾਲ ਮਿਲਕੇ ਆਪਣੇ ਪਤੀ ਸਤਨਾਮ ਸਿੰਘ (32 ਸਾਲ) ਨੂੰ ਗਲਾ ਘੁੱਟ ਕੇ ਮਾਰ ਦਿੱਤਾ ਹੈ। ਜਾਣਕਾਰੀ ਅਨੁਸਾਰ ਸਤਨਾਮ ਸਿੰਘ ਮਜ਼ਦੂਰੀ ਕਰਦਾ ਸੀ ਅਤੇ ਉਸ ਦੀ ਮਾਣੇਵਾਲ ਵਾਸੀ ਗੁਰਪ੍ਰੀਤ ਸਿੰਘ ਨਾਲ ਦੋਸਤੀ ਸੀ। ਗੁਰਪ੍ਰੀਤ ਸਿੰਘ ਆਪਣੇ ਦੋਸਤ ਦੇ ਘਰ ਅਕਸਰ ਧਨੂੰਰ ਪਿੰਡ ਆਇਆ ਕਰਦਾ ਸੀ ਜਿੱਥੇ ਉਸਦੀ ਪਤਨੀ ਪਰਮਜੀਤ ਕੌਰ ਨਾਲ ਕਥਿਤ ਨਾਜਾਇਜ਼ ਸਬੰਧ ਬਣ ਗਏ। ਸਤਨਾਮ ਸਿੰਘ ਨੂੰ ਇਸ ਬਾਰੇ ਜਾਣਕਾਰੀ ਸੀ ਅਤੇ ਉਹ ਆਪਣੀ ਪਤਨੀ ਨੂੰ ਇਸ ਮਾੜੀ ਗੱਲੋਂ ਰੋਕਦਾ ਸੀ।



## ਹਰਿਮੰਦਰ ਸਾਹਿਬ ਸਮੂਹ ਵਿਚੋਂ ਬੱਚੇ ਹੋ ਰਹੇ ਨੇ ਅਗਵਾ

ਪਰਵਾਸੀ ਮਹਿਲਾ ਪੂਜਾ ਦੇਵੀ ਆਪਣੇ ਪਤੀ ਨਾਲ ਝਗੜੇ ਮਗਰੋਂ ਪਿਛਲੇ 15 ਦਿਨਾਂ ਤੋਂ ਇੱਥੇ ਗੁਰੂ ਰਾਮਦਾਸ ਨਿਵਾਸ ਵਿਖੇ ਰਹਿ ਰਹੀ ਸੀ। ਇਸ ਦੌਰਾਨ ਇੱਥੇ ਉਸ ਦੀ ਇਕ ਹੋਰ ਔਰਤ ਨਾਲ ਨੇੜਤਾ ਹੋ ਗਈ। ਬੁੱਧਵਾਰ ਰਾਤ ਨੂੰ ਇਹ ਔਰਤ ਵੀ ਪੂਜਾ ਦੇ ਨਾਲ ਹੀ ਸੌਂ ਗਈ ਸੀ। ਵੀਰਵਾਰ ਸਵੇਰੇ ਲਗਭਗ 4 ਵਜੇ ਜਦੋਂ ਉਹ ਉਠੀ ਤਾਂ ਉਸ ਦਾ ਬੱਚਾ ਆਦਿਤਿਆ ਲਾਪਤਾ ਸੀ। ਇੱਥੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਤੋਂ ਪਤਾ ਲੱਗਿਆ ਕਿ ਬੱਚੇ ਨੂੰ ਇੱਕ ਔਰਤ ਚੁੱਕ ਕੇ ਲੈ ਗਈ ਹੈ। ਪੁਲੀਸ ਨੇ ਇਸ ਮਾਮਲੇ ਵਿਚ ਕੇਸ ਦਰਜ ਕੀਤਾ ਹੈ ਪਰ ਹੁਣ ਤਕ ਬੱਚਾ ਲਿਜਾਣ ਵਾਲੀ ਮਹਿਲਾ ਦੀ ਸ਼ਨਾਖ਼ਤ ਨਹੀਂ ਹੋ ਸਕੀ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਇਸੇ ਵਰ੍ਹੇ ਫਰਵਰੀ ਵਿਚ ਚਾਰ ਸਾਲ ਦੇ ਬੱਚੇ ਦਮਨਪ੍ਰੀਤ ਸਿੰਘ ਨੂੰ ਅਗਵਾ ਕੀਤਾ ਗਿਆ ਸੀ। ਉਸ ਦੀ ਮਾਂ ਸਿਮਰਜੀਤ ਕੌਰ ਆਪਣੇ ਤਿੰਨ ਬੱਚਿਆਂ ਨਾਲ ਅਜਨਾਲਾ ਨੇੜਲੇ ਪਿੰਡ ਤੋਂ ਇੱਥੇ ਰਹਿਣ ਆਈ ਸੀ। ਇਸ ਦੌਰਾਨ ਉਸ ਦਾ ਬੱਚਾ ਲਾਪਤਾ ਹੋ ਗਿਆ, ਜੋ ਮਗਰੋਂ ਜਲੰਧਰ ਬੱਸ ਅੱਡੇ ਤੋਂ ਲਾਵਾਰਸ ਹਾਲਤ ਵਿਚ ਮਿਲਿਆ ਸੀ। ਇਸੇ ਤਰ੍ਹਾਂ ਜੂਨ 2016 ਵਿਚ ਇਕ ਔਰਤ ਨੇ ਪੰਜ ਸਾਲ ਦੇ ਬੱਚੇ ਵਿਸ਼ੂ ਨੂੰ ਅਗਵਾ ਕੀਤਾ ਸੀ। ਇਹ ਬੱਚਾ ਆਪਣੇ ਮਾਪਿਆਂ ਨਾਲ ਹਰਿਮੰਦਰ ਸਾਹਿਬ ਮੱਥਾ ਟੇਕਣ ਆਇਆ ਸੀ। ਲੰਗਰ ਘਰ ਵੱਲ ਜਾਂਦਿਆਂ ਇਹ ਬੱਚਾ ਲਾਪਤਾ ਹੋ ਗਿਆ ਸੀ। ਕੇਸ ਦਰਜ ਹੋਣ ਮਗਰੋਂ ਜਦੋਂ ਪੁਲੀਸ ਦਾ ਦਬਾਅ ਵਧਿਆ ਤਾਂ ਤਿੰਨ ਦਿਨਾਂ ਬਾਅਦ ਇਕ ਜੋੜੇ ਨੇ ਪੁਲੀਸ ਕੋਲ ਇਸ ਬੱਚੇ ਨੂੰ ਸੌਂਪਿਆ ਸੀ ਅਤੇ ਬੱਚਾ ਲਾਵਾਰਸ ਹਾਲਤ ਵਿਚ ਮਿਲਣ ਦਾ ਦਾਅਵਾ ਕੀਤਾ ਸੀ। ਇਸੇ ਤਰ੍ਹਾਂ ਜੂਨ 2013 ਵਿਚ ਸਾਢੇ ਤਿੰਨ ਸਾਲ ਦਾ ਗੁਰਮਿਲਾਪ ਸਿੰਘ ਨਾਂ ਦਾ ਬੱਚਾ ਅਗਵਾ ਹੋਇਆ ਸੀ। ਇਹ ਬੱਚਾ ਵੀ ਪੁਲੀਸ ਦਬਾਅ ਵਧਣ ਤੋਂ ਬਾਅਦ ਅਗਵਾਕਾਰਾਂ ਨੇ ਛੱਡ ਦਿੱਤਾ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਆਖਿਆ ਕਿ ਅਜਿਹੇ ਮਾਮਲੇ ਚਿੰਤਾ ਦਾ ਵਿਸ਼ਾ ਹਨ ਅਤੇ ਉਹ ਅਜਿਹੀਆਂ ਘਟਨਾਵਾਂ ਰੋਕਣ ਲਈ ਸੁਹਿਰਦਤਾ ਨਾਲ ਯਤਨ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਨਿਗਰਾਨੀ ਵਾਸਤੇ ਸੀਸੀਟੀਵੀ ਕੈਮਰੇ ਲੱਗੇ ਹੋਏ ਹਨ ਪਰ ਗੁਰੂ ਘਰ ਆ ਕੇ ਰਹਿਣ ਵਾਲੇ ਅਪਰਾਧੀ ਬਿਰਤੀ ਦੇ ਲੋਕਾਂ ਨੂੰ ਅਜਿਹਾ ਕਰਨ ਤੋਂ ਰੋਕਣਾ ਬਹੁਤ ਔਖਾ ਹੋਇਆ ਪਿਆ ਹੈ। ਜੇਕਰ ਅਜਿਹੇ ਲੋਕਾਂ ਨੂੰ ਪ੍ਰਬੰਧਕਾਂ ਵਲੋਂ ਜਬਰੀ ਬਾਹਰ ਕੀਤਾ ਜਾਂਦਾ ਹੈ ਤਾਂ ਪ੍ਰਬੰਧਕਾਂ 'ਤੇ ਉਂਗਲ ਚੁੱਕੀ ਜਾਂਦੀ ਹੈ ਕਿ ਉਹ ਸ਼ਰਧਾਲੂਆਂ ਨਾਲ ਦੁਰਵਿਹਾਰ ਕਰਦੇ ਹਨ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਸੌਦਾ ਸਾਧ ਨੂੰ ਮੁਆਫੀ ਦੇਣ ਲਈ ਬਾਦਲਾਂ 'ਤੇ ਮੁੜ ਲੱਗੇ ਗੰਭੀਰ ਦੋਸ਼

## *ਸੌਦਾ ਸਾਧ ਨੂੰ ਮਾਫ ਕਰਨ ਵਾਲੀ ਚਿੱਠੀ 'ਤੇ ਉਹਨਾਂ ਦੇ ਜਬਰੀ ਦਸਤਖਤ ਕਰਵਾਏ : ਗਿਆਨੀ ਇਕਬਾਲ ਸਿੰਘ*

**ਚੰਡੀਗੜ੍ਹ/ਏਟੀ ਨਿਊਜ਼ :**
ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਅਕਾਲ ਤਖਤ ਤੋਂ ਮਾਫੀ ਦੇ ਮਾਮਲੇ ਨੇ ਇੱਕ ਵਾਰ ਫਿਰ ਤੂਲ ਫੜ ਲਈ ਹੈ। ਇਸ ਵਾਰ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਵੀ ਇਸ ਮਾਮਲੇ ਵਿੱਚ ਫਸਦੇ ਨਜ਼ਰ ਆ ਰਹੇ ਹਨ। ਦਰਅਸਲ 2015 ਵਿੱਚ ਬਹਿਬਲ ਕਲਾਂ ਤੇ ਕੋਟਕਪੂਰਾ ਗੋਲ਼ੀਕਾਂਡ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੀ ਚਾਰਜਸ਼ੀਟ ਵਿੱਚ ਵੱਡਾ ਖੁਲਾਸਾ ਹੋਇਆ ਹੈ। ਇਸ ਚਾਰਜਸ਼ੀਟ ਵਿੱਚ ਸ਼ਾਮਲ ਸ੍ਰੀ ਪਟਨਾ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਇਕਬਾਲ ਸਿੰਘ ਖ਼ਾਲਸਾ ਦੇ ਪੱਤਰ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਬਾਣਾ ਧਾਰਨ ਕਰਨ ਦੇ ਮਾਮਲੇ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪੁੱਤਰ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਦਬਾਅ ਹੇਠ ਮੁਆਫ਼ੀ ਦਿੱਤੀ ਗਈ ਸੀ। ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦਾ ਮੰਤਵ ਸਿਰਫ਼ ਡੇਰਾ ਸਿਰਸਾ ਦੀਆਂ ਲੱਖਾਂ ਵੋਟਾਂ ਹਾਸਲ ਕਰਨਾ ਸੀ।



ਸਿੱਟ ਗੋਲ਼ੀਕਾਂਡ ਦੀਆਂ ਘਟਨਾਵਾਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਰਾਮ ਰਹੀਮ ਨੂੰ ਮਿਲੀ ਮੁਆਫ਼ੀ ਨਾਲ ਜੋੜ ਰਹੀ ਹੈ। ਜਾਂਚ ਟੀਮ ਵੱਲੋਂ ਰੋਹਤਕ ਦੀ ਸੁਨਾਰੀਆ ਜੇਲ੍ਹ ਅੰਦਰ ਬੰਦ ਡੇਰਾ ਮੁਖੀ ਕੋਲੋਂ ਪੁੱਛਗਿੱਛ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿੱਟ ਨੇ ਫਰੀਦਕੋਟ ਦੀ ਅਦਾਲਤ ਵਿੱਚ ਚਾਰਜਸ਼ੀਟ ਦਾਖਲ ਕੀਤੀ ਹੈ। ਇਸ ਵਿੱਚ ਗਿਆਨੀ ਇਕਬਾਲ ਸਿੰਘ ਦੇ ਇੱਕ ਪੱਤਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜੋ ਗਿਆਨੀ ਇਕਬਾਲ ਸਿੰਘ ਨੇ ਸਿੱਟ ਦੇ ਮੈਂਬਰ ਕੁੰਵਰ ਵਿਜੇ ਪ੍ਰਤਾਪ ਨੂੰ ਲਿਖਿਆ ਸੀ। ਇਸ ਵਿੱਚ ਉਨ੍ਹਾਂ 24 ਸਤੰਬਰ, 2015 ਨੂੰ ਅਕਾਲ ਤਖ਼ਤ ਸਾਹਿਬ 'ਤੇ ਡੇਰਾ ਮੁਖੀ ਨੂੰ ਮਾਫੀ ਦੇਣ ਦਾ ਪੂਰਾ ਮਾਮਲਾ ਉਜਾਗਰ ਕੀਤਾ ਹੈ। ਗਿਆਨੀ ਇਕਬਾਲ ਸਿੰਘ ਨੂੰ ਬਾਦਲਾਂ ਖਿਲਾਫ਼ ਸਰਕਾਰੀ ਗਵਾਹ ਬਣਾਇਆ ਜਾ ਰਿਹਾ ਹੈ। ਚਾਰਜਸ਼ੀਟ ਵਿੱਚ ਸ਼ਾਮਲ ਇਸ ਸੱਤ ਪੇਜਾਂ ਦੀ ਚਿੱਠੀ ਵਿੱਚ ਗਿਆਨੀ ਇਕਬਾਲ ਸਿੰਘ ਨੇ ਲਿਖਿਆ ਹੈ ਕਿ 23 ਸਤੰਬਰ, 2015 ਨੂੰ ਉਹ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਦੇ ਸੱਦੇ 'ਤੇ ਅੰਮ੍ਰਿਤਸਰ ਪੁੱਜੇ ਸੀ। ਉਨ੍ਹਾਂ ਨੂੰ ਬੈਠਕ ਦਾ ਵਿਸ਼ਾ ਨਹੀਂ ਦੱਸਿਆ ਗਿਆ ਸੀ। ਜਦੋਂ ਉਨ੍ਹਾਂ ਨੂੰ ਬੈਠਕ ਦਾ ਵਿਸ਼ਾ ਪਤਾ ਲੱਗਾ ਤਾਂ ਉਨ੍ਹਾਂ ਡੇਰਾ ਮੁਖੀ ਨੂੰ ਮਾਫੀ ਦੇਣ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਦੇ ਵਾਰ-ਵਾਰ ਵਿਰੋਧ ਕਰਨ 'ਤੇ ਗਿਆਨੀ ਗੁਰਬਚਨ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਡੇਰਾ ਮੁਖੀ ਨੂੰ ਮਾਫੀ ਦੇਣੀ ਹੀ ਪਏਗੀ, ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਨੇ ਇੱਛਾ ਜਤਾਈ ਹੈ।

ਚਿੱਠੀ ਵਿੱਚ ਗਿਆਨੀ ਇਕਬਾਲ ਸਿੰਘ ਨੇ ਦਾਅਵਾ ਕੀਤਾ ਕਿ ਜਦੋਂ ਉਨ੍ਹਾਂ ਮਾਫੀਨਾਮੇ ਲਈ ਡੇਰਾ ਮੁਖੀ ਦੀ ਚਿੱਠੀ ਮੰਗੀ ਤਾਂ ਉਸ ਵਿੱਚ ਮਾਫੀ ਵਰਗੀ ਕੋਈ ਗੱਲ ਨਹੀਂ ਸੀ ਤੇ ਇਸ ਗੱਲ ਦਾ ਵੀ ਉਨ੍ਹਾਂ ਵਿਰੋਧ ਕੀਤਾ ਸੀ। ਉਨ੍ਹਾਂ ਦੇ ਵਿਰੋਧ ਕਰਨ ਬਾਅਦ ਚਿੱਠੀ ਵਿੱਚ ਖ਼ੁਦ ਹੀ 'ਖਿਮਾ ਯਾਚਨਾ' ਸ਼ਬਦ ਜੋੜਿਆ ਗਿਆ ਸੀ ਤੇ ਧਮਕੀਆਂ ਦਿੰਦਿਆਂ ਹੋਇਆਂ ਜ਼ਬਰਦਸਤੀ ਉਨ੍ਹਾਂ ਕੋਲੋਂ ਦਸਤਖ਼ਤ ਕਰਵਾਏ ਗਏ। ਉਨ੍ਹਾਂ ਚਿੱਠੀ ਵਿੱਚ ਇਹ ਵੀ ਲਿਖਿਆ ਹੈ ਕਿ ਮਾਫੀਨਾਮੇ ਨੂੰ ਲੈ ਕੇ ਬੈਠਕ ਵਿੱਚ ਗਿਆਨੀ ਗੁਰਬਚਨ ਸਿੰਘ ਤੇ ਗਿਆਨੀ ਗੁਰਮੁਖ ਸਿੰਘ ਨੂੰ ਵਾਰ-ਵਾਰ ਸੁਖਬੀਰ ਬਾਦਲ ਦਾ ਫੋਨ ਆ ਰਿਹਾ ਸੀ।

ਗਿਆਨੀ ਇਕਬਾਲ ਸਿੰਘ ਨੇ ਇਥੋਂ ਤਕ ਇਲਜ਼ਾਮ ਲਾਇਆ ਕਿ ਡੇਰਾ ਮੁਖੀ ਨੂੰ ਮਾਫੀ ਦੇਣ ਦੇ ਫੈਸਲੇ ਵਿੱਚ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਦੇ ਇਲਾਵਾ ਪਾਰਟੀ ਦੇ ਜਨਰਲ ਸਕੱਤਰ ਦਲਜੀਤ ਸਿੰਘ ਚੀਮਾ ਦੀ ਵੀ ਅਹਿਮ ਭੂਮਿਕਾ ਰਹੀ। ਗਿਆਨੀ ਇਕਬਾਲ ਸਿੰਘ ਨੂੰ ਇਹ ਵੀ ਪਤਾ ਲੱਗਾ ਸੀ ਕਿ ਰਾਮ ਰਹੀਮ ਨੂੰ ਮਾਫੀ ਦੇਣ ਤੋਂ ਪਹਿਲਾਂ ਗਿਆਨੀ ਗੁਰਬਚਨ ਸਿੰਘ, ਗਿਆਨੀ ਗੁਰਮੁਖ ਸਿੰਘ ਤੇ ਗਿਆਨੀ ਮਲ ਸਿੰਘ ਨੂੰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਰਕਾਰੀ ਨਿਵਾਸ ਬੁਲਾਇਆ ਗਿਆ ਸੀ।

**ਬਾਦਲ ਦਲ ਦਾ ਪੱਖ-** ਸੰਪਰਕ ਕੀਤੇ ਜਾਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਗਿਆਨੀ ਇਕਬਾਲ ਸਿੰਘ ਦਾ ਇਹ ਬਿਆਨ ਸਿਰਫ਼ ਸਿਆਸੀ ਲਾਹਾ ਲੈਣ ਦੇ ਮੰਤਵ ਲਈ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ ਸੀ, ਤਦ ਵੀ ਕਾਂਗਰਸ ਪਾਰਟੀ ਨੇ ਅਜਿਹਾ ਹੀ ਨਾਟਕ ਰਚਿਆ ਸੀ।

# ਅਮਰੀਕਾ 'ਚ ਦਸਮ ਗ੍ਰੰਥ ਦੀ ਹੱਥ ਲਿਖਤ ਬੀੜ ਹੈ ਜਾਂ ਡਿਜ਼ੀਟਾਈਜ਼ ਕਾਪੀ ?

**ਸਰਵਜੀਤ ਸਿੰਘ ਸੈਕਰਾਮੈਂਟੋ**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੂਨ ਦਾ ਮਹੀਨਾ ਆਇਆ, ਸੰਨ1984 ਈ: ਵਿਚ ਵਾਪਰੇ ਦੁਖਾਂਤ ਨੂੰ ਸਿੱਖ ਜਥੇਬੰਦੀਆਂ ਨੇ ਆਪਣੇ-ਆਪਣੇ ਤਰੀਕੇ ਨਾਲ ਯਾਦ ਕੀਤਾ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਵੀ ਹਰ ਸਾਲ ਦੀ ਤਰ੍ਹਾਂ ਰਵਾਇਤੀ ਸਮਾਗਮ ਕੀਤਾ। ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਆਪਣੇ ਮਾਲਕਾਂ ਦੇ ਆਦੇਸ਼ਾਂ 'ਤੇ ਸਖ਼ਤੀ ਨਾਲ ਪਹਿਰਾ ਦਿੱਤਾ। ਬਾਦਲ ਦਲ ਦੇ ਪ੍ਰਧਾਨ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਸਿੱਖ ਰੈਫ਼ਰੈਂਸ ਲਾਇਬਰੇਰੀ ਦੀ ਮੰਗ ਕਰ ਕੇ ਆਪਣੇ ਆਪ ਨੂੰ ਪੰਥ ਹਿਤੈਸ਼ੀ ਸਾਬਿਤ ਕਰਨ ਦਾ ਯਤਨ ਕੀਤਾ। ਸਭ ਕੁਝ ਸੁੱਖ ਸ਼ਾਂਤੀ ਨਾਲ ਬੀਤ ਗਿਆ। ਪਰ, ਕੇਂਦਰੀ ਗ੍ਰਹਿ ਮੰਤਰੀ ਨੇ ਫੌਜ ਵੱਲੋਂ ਚੁੱਕੇ ਗਏ ਇਤਿਹਾਸਿਕ ਦਸਤਾਵੇਜ਼, ਵਾਪਸ ਕੀਤੇ ਗਏ ਅਤੇ ਬਕਾਇਆ ਸਮਾਨ ਦੀਆਂ ਸੂਚੀਆਂ ਮੰਗ ਕੇ ਸ਼੍ਰੋਮਣੀ ਕਮੇਟੀ ਲਈ ਨਵੀਂ ਸਮੱਸਿਆ ਖੜ੍ਹੀ ਕਰ ਦਿੱਤੀ। ਕੇਂਦਰ ਵੱਲੋਂ ਮੰਗੀਆਂ ਗਈਆਂ ਸੂਚੀਆਂ ਦੀ ਗੱਲ ਵੀ ਆਈ-ਗਈ ਹੋ ਜਾਣੀ ਸੀ, ਜੇ ਚੰਡੀਗੜ੍ਹ ਤੋਂ ਛਪਦਾ ਇਕ ਪੰਜਾਬੀ ਅਖ਼ਬਾਰ 8 ਜੂਨ ਨੂੰ ਤੱਥਾਂ ਅਧਾਰਿਤ ਖ਼ਬਰ, ਸਿੱਖ ਰੈਫ਼ਰੈਂਸ ਲਾਇਬਰੇਰੀ ਦੇ ਕੀਮਤੀ ਖਜ਼ਾਨੇ ਨੂੰ ਆਪਣਿਆਂ ਵੱਲੋਂ ਵੇਚਣ ਦੀ ਵਿਥਿਆ, ਛਾਪ ਕੇ ਸ਼੍ਰੋਮਣੀ ਕਮੇਟੀ ਦੀ ਪਿਛਲੇ ਤਿੰਨ ਦਹਾਕਿਆਂ ਦੀ ਕਾਰਗੁਜ਼ਾਰੀ ਸੰਗਤਾਂ ਸਾਹਮਣੇ ਪੇਸ਼ ਨਾ ਕਰਦਾ। ਸੰਗਤਾਂ ਦੇ ਰੋਹ ਤੋਂ ਬਚਣ ਲਈ ਸ਼੍ਰੋਮਣੀ ਕਮੇਟੀ ਨੇ 13 ਜੂਨ ਨੂੰ ਹੰਗਾਮੀ ਮੀਟਿੰਗ ਸੱਦੀ ਅਤੇ ਫੇਰ ਘੜਿਆ-ਘੜਾਇਆ ਮਤਾ ਪਾਸ ਕਰ ਦਿੱਤਾ ਕਿ ਪ੍ਰਧਾਨ ਜੀ ਦੇ ਆਦੇਸ਼ਾਂ ਮੁਤਾਬਕ ਇਕ ਹਾਈ ਪਾਵਰ ਕਮੇਟੀ ਬਣਾ ਕੇ ਜਾਂਚ ਕਰਵਾਈ ਜਾਵੇਗੀ। ਇਸ ਸਾਲ ਜੋ ਨਵੀਂ ਜਾਣਕਾਰੀ ਅਖ਼ਬਾਰ ਨੇ ਸਾਹਮਣੇ ਲਿਆਂਦੀ ਹੈ, ਉਹ ਇਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖ਼ਤਾਂ ਵਾਲੇ ਇਕ ਸਰੂਪ ਨੂੰ 4000 ਪੌਂਡ 'ਚ ਇੰਗਲੈਂਡ ਵਿੱਚ ਵੇਚਿਆ ਜਾਣਾ ਅਤੇ ਦੂਜੇ ਸਰੂਪ ਨੂੰ 12 ਕਰੋੜ ਰੁਪਏ ਵਿੱਚ ਅਮਰੀਕਾ ਵਿੱਚ ਵੇਚਿਆ ਜਾਣਾ। ਇਸੇ ਸਬੰਧ ਵਿਚ ਹੀ ਮੇਰੇ ਇਕ ਸੱਜਣ ਵੱਲੋਂ, ਅਨੁਰਾਗ ਸਿੰਘ ਵੱਲੋਂ ਪੋਸਟ ਕੀਤੀਆਂ ਖ਼ਬਰਾਂ/ਟਿੱਪਣੀਆਂ, ਮੈਨੂੰ ਭੇਜ ਕੇ ਸਵਾਲ ਕੀਤਾ ਗਿਆ, ਕਿ ਕੀ ਇਹ ਸੱਚ ਹੈ ? ਮੈਂ ਅਨੁਰਾਗ ਸਿੰਘ ਦੀਆਂ ਪੋਸਟਾਂ ਨਹੀਂ ਵੇਖ ਸਕਦਾ ਕਿਉਂਕਿ ਹੁਣ ਇਸ ਨੇ ਮੈਨੂੰ ਬਲੌਕ ਕੀਤਾ ਹੋਇਆ ਹੈ। ਪਿਛਲੇ ਕਈ ਦਿਨਾਂ ਤੋਂ ਮੀਡੀਆ ਵਿੱਚ ਚਲ ਰਹੀ ਚਰਚਾ ਅਤੇ ਅਨੁਰਾਗ ਸਿੰਘ ਦੀ ਉਪਰੋਕਤ ਟਿੱਪਣੀ ਪੜ੍ਹ ਕੇ ਮੇਰੇ ਇਸ ਸੱਜਣ ਦੀ ਤਰ੍ਹਾਂ, ਹੋਰ ਪਾਠਕਾਂ ਦਾ ਵੀ ਧਿਆਨ ਇਕ ਦਮ ਇਸ ਪਾਸੇ ਗਿਆ ਹੋਵੇਗਾ ਕਿ ਅਨੁਰਾਗ ਸਿੰਘ ਸੱਚ ਹੀ ਲਿਖ ਰਿਹਾ ਹੋਵੇਗਾ ਅਤੇ 12 ਕਰੋੜ ਨੂੰ ਵੇਚੀ ਗਈ ਉਹ ਬੀੜ, ਸ. ਜੋਗਿੰਦਰ ਸਿੰਘ ਪਾਸ ਹੀ ਹੋਵੇਗੀ।

ਆਓ ਅਨੁਰਾਗ ਸਿੰਘ ਦੇ ਇਸ ਦਾਅਵੇ ਦੀ ਪੜਤਾਲ ਕਰੀਏ। 1 ਨਵੰਬਰ 2017 ਨੂੰ ਅਨੁਰਾਗ ਸਿੰਘ ਨੇ, ਡਾ ਹਰਭਜਨ ਸਿੰਘ ਦੇ ਨਾਮ ਇਕ ਪੋਸਟ ਪਾਈ ਸੀ।

NINETH REJOINDER to DR(PROFESSOR-DIRECTOR) HARBHAJAN SINGH ON HIS MISLEADING LIES ON HISTORICAL RECENSION OF DASAM GRANTH SAHIB



ਪੱਤਰਕਾਰੀ ਮਿਲੀਆ ਖੱਬਰਾਂ ਨਾਲ ਹੁੰਦੀ ਹੈ,ਇਤਿਹਾਸ ਸਬੂਤਾਂ ਦੀ ਛਾਣਬੀਣ ਨਾਲ ਤਿਆਰ ਹੁੰਦਾ ਹੈ।ਦੱਸਮ ਗਰੰਥ ਸਾਹਿਬ ਦੀ ਗੁਰੂ ਗੋਬਿੰਦ ਸਿੰਘ ਵੱਲੋਂ ਸੁਧਾਈ ਕੀਤੀ ਬੀੜ (੧੬੯੬) ਜੋ ਭਾਈ ਹਰਿਦਾਸ ਨੇ ੩ ਹੋਰ ਲਿੱਖਾਰੀਆਂ ਨੇ ਤਿਆਰ ਕੀਤੀ,ਅਤੇ ਗੁਰੂ ਸਾਹਿਬ ਨੇ ਦੱਸਤਖੱਤ ਕੀਤੇ,ਕੈਲੀਫੋਰਨੀਆਂ ਦੇ ਸਰਦਾਰ ਜੋਗਿੰਦਰ ਸਿੰਘ ਕੋਲ ਹੈ।ਇਸ ਨੂੰ ਵੀ ਦੱਮਦੱਮੀ ਬੀੜ ਕਿਹਾ ਜਾਂਦਾ ਹੈ।ਜੋਗਿੰਦਰ ਸਿੰਘ ਦਾ ਪੱਤਾ ਅਤੇ ਫੋਨ ਨੰਬਰ ਮੇਰੇ ਕੋਲ ਹੈ।ਇਹ ਬੀੜ ਸਰੋਮਣੀ ਕਮੇਟੀ ਕੋਲ ਸੀ ਕਿ ਨਹੀ ਸਰੋਮਣੀ ਕਮੇਟੀ ਹੀ ਦੱਸ ਸਕਦੀ ਹੈ।

हस्तलिखित श्री गुरु ग्रंथ साहिब 12 करोड़ में बेचा

1984 से लेकर 1996 तक धीरे-धीरे की गई अनमोल खजाने की लूट



Post-I
Friends,
It is difficult to invent lies on the historicity of Scriptures, but very difficult to face the truth. Today I am posting this Ith Post in Punjabi(BPags) along with Pages from Damdami Bir Of Dasam Granth Sahib, challenged by the learned university writer without seeing the original Bir. Now it is testing time for the learned expert of Sikh Scriptures to point out the Ashudis (Errors) In this Bir by November B@,B@AG.If no reply in academic style shall be received then it shall be presumed that the learned expert of Scriptures has nothing to say in this matter to prove his malicious and motivated propaganda against Historical Birs Of Dasam Granth Sahib prepared by the Scribes Of GuruÒs Darbar and next move shall be undertaken.
Gur-Fateh. 1.11.2017.

ਇਸ ਪੋਸਟ ਦੇ ਨਾਲ ਹੀ ਅਨੁਰਾਗ ਸਿੰਘ ਨੇ ਆਖੇ ਜਾਂਦੇ ਦਸਮ ਗ੍ਰੰਥ ਦੀ ਹੱਥ ਲਿਖਤ ਦੇ ਪੰਨਿਆਂ ਦੀਆਂ ਫ਼ੋਟੋਆਂ ਅਤੇ ਇਕ ਹੱਥ ਲਿਖਤ ਪੱਤਰ ਵੀ ਪੋਸਟ ਕੀਤੇ ਸਨ। ਇਸ ਨੇ ਇਹ ਦਾਅਵਾ ਕੀਤਾ ਸੀ ਕਿ, ਇਸ ਇਤਿਹਾਸਕ ਬੀੜ ਦੀ ਡਿਜ਼ੀਟਾਈਜ਼ ਕਾਪੀ ਅਮਰੀਕਾ ਵਿਚ ਰਹਿ ਰਹੇ ਡਾ. ਜੋਗਿੰਦਰ ਸਿੰਘ ਕੋਲ ਉਪਲੱਬਧ ਹੈ।ਕਿਉਂਕਿ ਮੈਨੂੰ ਦਸਮ ਗ੍ਰਥ ਵਿਚ ਵੀ ਦਿਲਚਸਪੀ ਹੈ ਅਤੇ ਡਾ. ਹਰਭਜਨ ਸਿੰਘ ਨਾਲ ਵੀ ਪਿਛਲੇ ਲੰਮੇ ਸਮੇਂ ਤੋਂ ਚਿੱਠੀ-ਪੱਤਰ ਰਾਹੀ ਜੁੜਿਆ ਹੋਇਆ ਹਾਂ, ਅਨੁਰਾਗ ਸਿੰਘ ਦੇ ਦਾਅਵੇ ਦੀ ਜਦੋਂ ਮੈਂ ਆਪਣੇ ਤੌਰ 'ਤੇ ਪੜਤਾਲ ਕੀਤੀ ਤਾਂ ਜਾਣਕਾਰੀ ਮਿਲੀ ਕਿ ਇਸ ਵੱਲੋਂ ਭੇਜੀਆਂ ਗਈਆਂ ਫ਼ੋਟੋ ਕਾਪੀਆਂ, ਅਮਰੀਕਾ ਦੀ ਇਕ ਯੂਨੀਵਰਸਿਟੀ ਦੇ ਵਿਦਵਾਨ ਸੱਜਣ ਵੱਲੋਂ ਲਿਖੇ ਗਏ ਲੇਖ, ਜੋ ਇਕ ਮੈਗਜ਼ੀਨ ਵਿਚ ਛਪਿਆ ਸੀ, ਵਿਚੋਂ ਲਈਆਂ ਗਈਆਂ ਸਨ। ਤਾਂ 5 ਨਵੰਬਰ 2017 ਈ: ਨੂੰ ਪੱਤਰ ਲਿਖ ਕੇ ਮੈਂ ਅਨੁਰਾਗ ਸਿੰਘ ਨੂੰ ਕੁਝ ਸਵਾਲ ਕੀਤੇ ਸਨ, ਜਿਨ੍ਹਾਂ ਦਾ ਜਵਾਬ ਅੱਜ ਤਾਈਂ ਨਹੀਂ ਆਇਆ। ਸਿੱਖ ਰੈਫ਼ਰੈਂਸ ਲਾਇਬਰੇਰੀ ਸਬੰਧੀ ਚੱਲ ਰਹੀ ਚਰਚਾ ਦੌਰਾਨ ਇਸ ਨੇ ਮੁੜ ਉਸੇ ਹੱਥ ਲਿਖਤ ਦਾ ਜ਼ਿਕਰ ਕੀਤਾ ਹੈ ਅਤੇ ਨਾਲ ਹੀ ਉਸ ਦੇ 12 ਕਰੋੜ ਰੁਪਏ ਵਿੱਚ ਵੇਚੇ ਜਾਣ ਦਾ ਵੀ ਜ਼ਿਕਰ ਕੀਤਾ ਹੈ, ਇਸ ਲਈ ਇਸ ਦੇ ਦਾਅਵੇ ਦੀ ਮੁੜ ਪੜਤਾਲ ਕਰਨੀ ਜ਼ਰੂਰੀ ਹੈ।

ਅਨੁਰਾਗ ਸਿੰਘ ਆਪਣੀ ਪੋਸਟ (10 ਜੂਨ 2019) ਵਿਚ ਲਿਖਦਾ ਹੈ, "ਪੱਤਰਕਾਰੀ ਮਿਲੀਆਂ ਖਬਰਾਂ ਨਾਲ ਹੁੰਦੀ ਹੈ, ਇਤਿਹਾਸ ਸਬੂਤਾਂ ਦੀ ਛਾਣਬੀਣ ਨਾਲ ਤਿਆਰ ਹੁੰਦਾ ਹੈ। ਦਸਮ ਗਰੰਥ ਸਾਹਿਬ ਦੀ ਗੁਰੂ ਗੋਬਿੰਦ ਸਿੰਘ ਵੱਲੋਂ ਸੁਧਾਈ ਕੀਤੀ ਬੀੜ (੧੬੯੬) ਜੋ ਭਾਈ ਹਰਿਦਾਸ ਤੇ ੩ ਹੋਰ ਲਿਖਾਰੀਆਂ ਨੇ ਤਿਆਰ ਕੀਤੀ ਅਤੇ ਗੁਰੂ ਸਾਹਿਬ ਨੇ ਦਸਤਖਤ ਕੀਤੇ, ਕੈਲੀਫੋਰਨੀਆ ਦੇ ਸਰਦਾਰ ਜੋਗਿੰਦਰ ਸਿੰਘ ਕੋਲ ਹੈ। ਇਸ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ। ਜੋਗਿੰਦਰ ਸਿੰਘ ਦਾ ਪਤਾ ਅਤੇ ਫੋਨ ਨੰਬਰ ਮੇਰੇ ਕੋਲ ਹੈ। ਇਹ ਬੀੜ ਸ਼੍ਰੋਮਣੀ ਕਮੇਟੀ ਕੋਲ ਸੀ ਕਿ ਨਹੀਂ ਸ਼ਿਰੋਮਣੀ ਕਮੇਟੀ ਹੀ ਦੱਸ ਸਕਦੀ ਹੈ।"

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਿੱਖ ਇਤਿਹਾਸ ਬੋਰਡ ਦੇ ਸਾਬਕਾ ਨਿਰਦੇਸ਼ਕ, ਡਾ, ਪ੍ਰੋ: (?) ਅਨੁਰਾਗ ਸਿੰਘ ਨੇ ਆਖੇ ਜਾਂਦੇ ਦਸਮ ਗ੍ਰੰਥ ਦੀ ਜਿਸ ਬੀੜ ਦਾ ਜ਼ਿਕਰ ਕੀਤਾ ਹੈ, ਇਸ ਦਾ ਲਿਖਾਰੀ ਭਾਈ ਹਰਿਦਾਸ ਹੈ। ਪਿਆਰਾ ਸਿੰਘ ਪਦਮ ਮੁਤਾਬਕ ਦਸਮ ਗ੍ਰੰਥ ਦਾ ਕੁਝ ਭਾਗ ਇਸ ਨੇ 22 ਚੇਤ ਸੰਮਤ 1752 ਬਿਕ੍ਰਮੀ (18 ਮਚਾਰ 1695 ਈ ਜੂਲੀਅਨ) ਨੂੰ ਲਿਖਿਆ ਸੀ। ਇਹ ਭਾਈ ਹਰਿਦਾਸ ਉਹੀ ਹੈ ਜਿਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਲਿਖੀ ਸੀ। ਸੰਮਤ 1752 ਬਿਕ੍ਰਮੀ (1695 ਈ:) ਵਿਚ ਗੁਰੂ ਜੀ ਨੇ ਦਸਮ ਗ੍ਰੰਥ ਦੀ ਕੋਈ ਬੀੜ ਤਿਆਰ ਕੀਤੀ ਵੀ ਸੀ ਜਾਂ ਨਹੀਂ ? ਇਹ ਵਿਚਾਰ ਦਾ ਵਿਸ਼ਾ ਹੈ ਪਰ ਇਥੇ ਅਸੀ ਅਨੁਰਾਗ ਸਿੰਘ ਵੱਲੋਂ ਉਭਾਰੇ ਗਏ ਨੁਕਤੇ ਦੀ ਵਿਚਾਰ ਕਰਨੀ ਹੈ।

ਅਨੁਰਾਗ ਸਿੰਘ ਵੱਲੋਂ ਡਾ. ਹਰਭਜਨ ਸਿੰਘ ਦੇ ਨਾਮ ਲਿਖੇ ਗਏ ਪੱਤਰ (1 ਨਵੰਬਰ 2017 ਈ:) ਮੁਤਾਬਕ ਤਾਂ ਡਾ. ਜੋਗਿੰਦਰ ਸਿੰਘ ਪਾਸ ਡਿਜ਼ੀਟਲ ਕਾਪੀ ਹੈ, "ਇਸ ਇਤਿਹਾਸਕ ਬੀੜ ਦੀ ਡਿਜ਼ੀਟਾਈਜ਼ ਕਾਪੀ ਅਮਰੀਕਾ ਵਿਚ ਰਹਿ ਰਹੇ ਡਾ. ਜੋਗਿੰਦਰ ਸਿੰਘ ਕੋਲ ਉਪਲੱਬਧ ਹੈ"। ਅਤੇ 10 ਜੂਨ 2019 ਈ: ਦੀ ਪੋਸਟ ਮੁਤਾਬਕ ਹੱਥ ਲਿਖਤ ਬੀੜ ਹੈ, "ਦਸਮ ਗਰੰਥ ਸਾਹਿਬ ਦੀ ਗੁਰੂ ਗੋਬਿੰਦ ਸਿੰਘ ਵੱਲੋਂ ਸੁਧਾਈ ਕੀਤੀ ਬੀੜ (੧੬੯੬) ਜੋ ਭਾਈ ਹਰਿਦਾਸ ਤੇ ੩ ਹੋਰ ਲਿਖਾਰੀਆਂ ਨੇ ਤਿਆਰ ਕੀਤੀ ਅਤੇ ਗੁਰੂ ਸਾਹਿਬ ਨੇ ਦਸਤਖਤ ਕੀਤੇ, ਕੈਲੀਫੋਰਨੀਆ ਦੇ ਸਰਦਾਰ ਜੋਗਿੰਦਰ ਸਿੰਘ ਕੋਲ ਹੈ।"

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਖੌਤੀ ਦਸਮ ਗ੍ਰੰਥ ਦੀ ਡਿਜ਼ੀਟਾਈਜ਼ ਕਾਪੀ ਪਿਛਲੇ 18 ਮਹੀਨਿਆਂ ਵਿਚ ਹੱਥ ਲਿਖਤ ਬੀੜ (Hard copy) ਕਿਵੇਂ ਬਣ ਗਈ ? ਕੀ ਇਨ੍ਹਾਂ ਨੂੰ ਆਪਣੇ 1 ਨਵੰਬਰ 2017 ਈ: ਵਾਲੇ ਪੱਤਰ ਦਾ ਇਹ ਚੇਤਾ ਭੁੱਲ ਗਿਆ ਸੀ ? ਅਨੁਰਾਗ ਸਿੰਘ ਦੇ, ਦੋ ਵੱਖ-ਵੱਖ ਲਿਖਤੀ ਬਿਆਨਾਂ ਤੋਂ ਇਹ ਤਾਂ ਸਪੱਸ਼ਟ ਹੁੰਦਾ ਹੈ ਕਿ ਇਨ੍ਹਾਂ ਨੇ ਉਹ ਬੀੜ ਨਹੀਂ ਵੇਖੀ, ਸੁਣੀ ਸੁਣਾਈ ਗੱਲ ਹੀ ਕਰ ਰਹੇ ਹਨ। ਹੁਣ ਅਨੁਰਾਗ ਸਿੰਘ ਦੀ ਕਿਹੜੀ ਗੱਲ ਉਤੇ ਯਕੀਨ ਕੀਤਾ ਜਾਵੇ ?

ਅਨੁਰਾਗ ਸਿੰਘ ਦੀ ਆਪਣੀ ਲਿਖਤ ਵਿਚ ਤਾਂ ਅਖੌਤੀ ਦਸਮ ਗ੍ਰੰਥ ਦੀ ਬੀੜ ਦਾ ਜ਼ਿਕਰ ਹੈ ਅਤੇ ਉਸ ਲਿਖਤ ਦੇ ਨਾਲ ਭੇਜੀ ਅਖ਼ਬਾਰ ਦੀ ਖ਼ਬਰ ਮੁਤਾਬਕ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ 12 ਕਰੋੜ ਵਿਚ ਵੇਚਿਆ ਗਿਆ ਹੈ। ਇਹ ਦੋ ਵੱਖ-ਵੱਖ ਖ਼ਬਰਾਂ ਇਕੱਠੀਆਂ ਪਾਉਣ ਪਿਛੇ ਇਨ੍ਹਾਂ ਦਾ ਕੀ ਮਕਸਦ ਹੋ ਸਕਦਾ ਹੈ ? ਕੀ ਉਹ ਜਾਣਬੁੱਝ ਕੇ ਸੰਗਤਾਂ ਨੂੰ ਗੁਮਰਾਹ ਕਰਨ ਲਈ ਅਜੇਹੀਆਂ ਪੋਸਟਾਂ/ਖ਼ਬਰਾਂ ਪਾ ਰਹੇ ਹਨ ? ਇਹ ਵੀ ਸਪੱਸ਼ਟ ਕਰਨ ਕਿ ਡਾ. ਜੋਗਿੰਦਰ ਸਿੰਘ ਪਾਸ ਦਸਮ ਗ੍ਰੰਥ ਦੀ ਹੱਥ ਲਿਖਤ ਬੀੜ ਹੈ ਜਾਂ ਡਿਜ਼ੀਟਾਈਜ਼ ਕਾਪੀ ? ਡਾ. ਜੋਗਿੰਦਰ ਸਿੰਘ ਨੇ ਉਹ ਬੀੜ ਕਦੋਂ, ਕਿਸ ਤੋਂ ਅਤੇ ਕਿੰਨੇ ਦੀ ਖਰੀਦੀ ਹੈ ? ਜੇ ਅਨੁਰਾਗ ਸਿੰਘ ਜੀ ਇਸ ਦਾ ਜਵਾਬ ਨਹੀਂ ਦਿੰਦੇ ਤਾਂ ਸਮਝਿਆ ਜਾਵੇਗਾ ਕਿ ਉਹ ਆਪਣੀ ਕਿਸੇ ਕਮੀ-ਪੇਸ਼ੀ ਨੂੰ ਛੁਪਾਉਣ ਖਾਤਰ, ਮਸਲੇ ਨੂੰ ਉਲਝਾਉਣ ਦਾ ਯਤਨ ਕਰ ਰਹੇ ਹਨ।

# ਇਆ ਮੂਰਤਿ ਕੈ ਹਉ ਬਲਿਹਾਰੈ ॥੧॥

**ਅਮਨਦੀਪ ਸਿੰਘ ਸੰਧੂ**

ਅਕਸਰ ਪਰਮਾਤਮਾ ਜਾਂ ਉਸ ਦੇ ਪੈਗੰਬਰਾਂ, ਗੁਰ-ਪੀਰਾਂ ਦੀਆਂ ਤਸਵੀਰਾਂ, ਮੂਰਤਾਂ ਜਾਂ ਬਿੰਬਾਂ ਨੂੰ ਲੈ ਕੇ ਦੁਨੀਆ ਵਿਚ ਵਿਵਾਦ ਚੱਲਦਾ ਰਹਿੰਦਾ ਹੈ। ਇਸ ਨੂੰ ਸਮੇਂ ਸਿਰ ਸਹੀ ਦਿਸ਼ਾ ਦੇਣਾ ਬਹੁਤ ਜ਼ਰੂਰੀ ਹੈ। ਇਸ ਲੇਖ ਵਿਚ ਸਿੱਖ ਧਰਮ ਅੱਗੇ ਆ ਰਹੀਆਂ ਸਿਧਾਂਤਕ ਚੁਣੌਤੀਆਂ ਉੱਤੇ ਝਾਤੀ ਮਾਰਾਂਗੇ। ਨਾਲ ਹੀ ਨਵੀਨ ਯੁੱਗ ਵਿਚ ਫ਼ਿਲਮਾਂ ਜਾਂ ਐਨੀਮੇਸ਼ਨ ਰਾਹੀਂ ਧਰਮ ਦਾ ਪ੍ਰਚਾਰ ਕਰਨ ਦੇ ਨੁਕਤੇ ਨੂੰ ਵੀ ਸਿਧਾਂਤਕ ਦ੍ਰਿਸ਼ਟੀ ਤੋਂ ਵਾਚਾਂਗੇ।



ਇਸ ਤੋਂ ਪਹਿਲਾਂ ਕਿ ਸਿੱਖੀ ਨੂੰ ਧੱਕੇ ਨਾਲ ਇਸ ਪਾਸੇ ਨੂੰ ਤੋਰਨ ਦੀ ਕੋਸ਼ਿਸ਼ ਉੱਤੇ ਵਿਚਾਰ ਕਰੀਏ, ਮੈਂ ਆਪ ਜੀ ਨਾਲ ਇਸਲਾਮ ਧਰਮ ਦੇ ਇੱਕ ਪ੍ਰਚਾਰਕ ਦੀ ਵਾਰਤਾ ਸਾਂਝੀ ਕਰਨਾ ਚਾਹਾਂਗਾ। ਸੰਨ ੧੯੧੮ ਵਿਚ ਭਾਰਤ ਦੇ ਸੂਰਤ ਸ਼ਹਿਰ ਦੇ ਜੰਮਪਲ ਅਤੇ ਦੱਖਣੀ ਅਫ਼ਰੀਕਾ ਦੇ ਵਾਸੀ ਮਰਹੂਮ ਅਹਿਮਦ ਦੀਦਤ ਨੇ ਇੱਕ ਵਾਰੀ ਅਮਰੀਕਾ ਦੇ ਇਕ ਸ਼ਹਿਰ ਵਿਚ ਈਸਾਈਆਂ ਨਾਲ ਗੋਸ਼ਟ ਦੌਰਾਨ ਇੱਕ ਸਵਾਲ ਦਾ ਜਵਾਬ ਦਿੱਤਾ। ਉਸ ਜਵਾਬ ਦਾ ਇੱਕ ਅੰਸ਼ ਇਹ ਸੀ ਕਿ ਬਹੁਤਾਤ ਅਮਰੀਕਾ ਇੱਕ ਧਾਰਮਿਕ ਦੇਸ਼ ਹੈ, ਚਰਚਾਂ ਹਨ ਅਤੇ ਬਾਈਬਲ ਦੀ ਮਨੌਤ ਹੈ। ਫਿਰ ਵੀ ਇੰਨਾ ਜੁਰਮ ਕਿਉਂ ਹੈ? ਸਮਲਿੰਗੀ ਦੀ ਭਾਰੀ ਸਮੱਸਿਆ ਹੈ ਜਿਸ ਨੂੰ ਬਾਈਬਲ ਗੈਰ-ਕੁਦਰਤੀ ਵਰਤਾਰਾ ਮੰਨਦੀ ਹੈ। ਸ਼ਰਾਬ ਪੀਣ ਦੀ ਸਮੱਸਿਆ ਹੈ। ਕਿਉਂ? ਉਹ ਇਸ ਕਰ ਕੇ ਕਿ ਕ੍ਰਿਸਚੀਅਨ ਬਾਈਬਲ ਦੇ ਮੂਲ ਨੂੰ ਭੁੱਲ ਗਏ ਹਨ। ਨਵੀਨ ਟੈਸਟਾਮੈਂਟ ਦੇ ਰੋਮਨਸ ਨੁਕਤੇ ਦੱਸਦੇ ਹਨ ਕਿ ਲੋਕਾਂ ਨੇ ਇੱਕ ਇਹੋ ਜਿਹਾ ਵਰਤਾਰਾ ਕੀਤਾ ਜਿਸ ਦੀ ਸਜ਼ਾ ਵਜੋਂ ਭੁੱਲੇ ਹੋਏ ਲੋਕਾਂ ਨੂੰ ਇਸ ਤਰਾਂ ਦਾ ਬਣਾ ਦਿੱਤਾ;

24 Therefore God gave them over in the sinful desires of their hearts to sexual impurity for the degrading of their bodies with one another.

ਪਰਮਾਤਮਾ ਨੇ ਉਹਨਾਂ ਪਾਪੀ ਲੋਕਾਂ ਦੇ ਦਿਲਾਂ ਵਿਚ ਕਾਮ ਦੇ ਅਸ਼ੁੱਧ ਰੂਪ ਦੀ ਭੁੱਖ ਪਾ ਦਿੱਤੀ ਜਿਸ ਨਾਲ ਉਹਨਾਂ ਦੇ ਸਰੀਰ ਇੱਕ ਦੂਜੇ ਨਾਲ ਹੀ ਗ਼ਰਕ ਹੋਣ ਲੱਗ ਪਏ॥

25 They exchanged the truth about God for a lie, and worshiped and served created things rather than the Creator—who is forever praised. Amen.

ਉਹਨਾਂ ਸਤਿ ਨੂੰ ਤਿਆਗ ਕੇ ਪਰਮਾਤਮਾ ਦੇ ਝੂਠੇ ਰੂਪ ਨੂੰ ਅਪਣਾ ਲਿਆ, ਮਨੌਤ ਕੀਤੀ ਅਤੇ ਵਸਤੂਆਂ ਦੀ ਸੇਵਾ ਕੀਤੀ, ਨਾ ਕਿ ਕਰਤੇ ਦੀ, ਜਿਸ ਦੀ ਹਮੇਸ਼ਾ ਹੀ ਹੋਣੀ ਚਾਹੀਦੀ ਹੈ ॥

26 Because of this, God gave them over to shameful lusts. Even their women exchanged natural sexual relations for unnatural ones.

ਇਸ ਕਰ ਕੇ ਪਰਮਾਤਮਾ ਨੇ ਉਹਨਾਂ ਲੋਕਾਂ ਨੂੰ ਸ਼ਰਮਨਾਕ ਵਾਸ਼ਨਾਵਾਂ ਦਾ ਧਾਰਨੀ ਬਣਾ ਦਿੱਤਾ। ਇੱਥੋਂ ਤੱਕ ਉਹਨਾਂ ਦੀਆਂ ਔਰਤਾਂ ਵੀ ਕੁਦਰਤੀ ਕਾਮ ਕਿਰਿਆਵਾਂ ਨੂੰ ਤਿਆਗ ਕੇ ਗ਼ੈਰਕੁਦਰਤੀ ਵਾਸ਼ਨਾਵਾਂ ਵਿਚ ਪੈ ਗਈਆਂ॥

27 In the same way the men also abandoned natural relations with women and were inflamed with lust for one another. Men committed shameful acts with other men, and received in themselves the due penalty for their error

ਇਸੇ ਹੀ ਤਰ੍ਹਾਂ ਬੰਦਿਆਂ ਨੇ ਵੀ ਔਰਤਾਂ ਨਾਲ ਕੁਦਰਤੀ ਰਿਸ਼ਤਿਆਂ ਨੂੰ ਤਿਆਗ ਦਿੱਤਾ ਅਤੇ ਹੁਣ ਵਾਸ਼ਨਾ ਦੀ ਅੱਗ ਨਾਲ ਭੜਕਣ ਲੱਗੇ। ਬੰਦਿਆਂ ਨੇ ਬੰਦਿਆਂ ਨਾਲ ਹੀ ਸ਼ਰਮਨਾਕ ਵਰਤਾਰਾ ਕੀਤਾ। ਇਸ ਤਰ੍ਹਾਂ ਉਹਨਾਂ ਨੂੰ ਆਪਣੀ ਗਲਤੀ ਦਾ ਹਰਜਾਨਾ ਆਪਣੇ ਆਪ ਨਾਲ ਹੀ ਭੁਗਤਣਾ ਪਿਆ॥

ਇਹ ਗ਼ਲਤੀ ਕਿਹੜੀ ਸੀ? ਇਸ ਸਜ਼ਾ ਜਾਂ ਨਤੀਜੇ ਵਾਲੇ ਤਿੰਨ ਨੁਕਤਿਆਂ ਤੋਂ ਪਹਿਲਾਂ ੨੨ ਅਤੇ ੨੩ਵਾਂ ਨੁਕਤਾ ਇਸ ਗ਼ਲਤੀ ਨੂੰ ਦਰਸਾਉਂਦਾ ਹੈ;

22 Although they claimed to be wise, they became fools

ਹਾਲਾਂਕਿ ਉਹ ਲੋਕ ਆਪਣੇ ਆਪ ਨੂੰ ਬੁੱਧੀਮਾਨ ਅਖਵਾਉਂਦੇ ਸਨ, ਪਰ ਉਹ ਮੂਰਖ ਬਣ ਗਏ॥

23 and exchanged the glory of the immortal God for images made to look like a mortal human being and birds and animals and reptiles

ਮੂਰਖਤਾ ਵਿਚ ਉਹਨਾਂ ਨੇ ਨਿਰੰਕਾਰ ਪਰਮਾਤਮਾ ਦੀ ਮਹਾਨਤਾ ਨੂੰ ਨਾਸ਼ਵਾਨ ਮਨੁੱਖ, ਪੰਛੀ, ਜਾਨਵਰ ਅਤੇ ਸੱਪਾਂ ਦੇ ਰੂਪ ਵਿਚ ਬਦਲ ਕੇ ਸਵੀਕਾਰ ਕਰ ਲਿਆ ॥

ਸਤਿਕਾਰਤ ਅਹਿਮਦ ਦੀਦਤ ਮੁਤਾਬਿਕ ਇਹ ਇੱਕ ਵੱਡਾ ਕਾਰਨ ਹੈ ਕਿ ਪੱਛਮ ਦਾ ਬਹੁਤਾਤ ਹਿੱਸਾ ਬਾਈਬਲ ਨੂੰ ਤਾਂ ਮੰਨਦਾ ਹੈ ਪਰ ਬਾਈਬਲ ਦੀ ਮੰਨਦਾ ਨਹੀਂ। ਉਸ ਨੇ ਪਰਮਾਤਮਾ ਦੀ ਤਸਵੀਰ ਬੰਦੇ ਦੇ ਰੂਪ ਵਿਚ ਸਵੀਕਾਰ ਕਰ ਲਈ ਹੈ ਜਿਸ ਕਾਰਨ ਮੰਨਣ ਵਾਲੇ ਪਰਮਾਤਮਾ ਨੂੰ ਬੰਦੇ ਦੀ ਸਮਰੱਥਾ ਦੇ ਤੁੱਲ ਹੀ ਸਮਝਦੇ ਹਨ। ਨਤੀਜੇ ਵਜੋਂ ਕਈ ਹਜ਼ਾਰ ਸਾਲ ਪਹਿਲਾਂ ਦੱਸੀਆਂ ਗੱਲਾਂ ਅੱਜ ਵੀ ਸਭਿਅਤਾ ਵਿਚ ਤੇਜ਼ੀ ਨਾਲ ਪ੍ਰਕੋਪ ਵਰਤਾ ਰਹੀਆਂ ਹਨ।

ਤਕਰੀਬਨ ਸੌ ਸਾਲ ਪਹਿਲਾਂ ਆਸਟ੍ਰੇਲੀਆ, ਅਮਰੀਕਾ, ਇੰਗਲੈਂਡ ਅਤੇ ਯੂਰਪ ਬਹੁਤਾਤ ਇਸਾਈ ਧਰਮ ਦਾ ਧਾਰਨੀ ਸੀ। ਨਵੀਨ ਪ੍ਰਚਾਰ ਵਿਧੀਆਂ ਆਉਣ ਨਾਲ ਇਹ ਅੰਕੜਾ ਇਹਨਾਂ ਦੇਸ਼ਾਂ ਵਿਚ ਵਧਣਾ ਚਾਹੀਦਾ ਸੀ ਜਾਂ ਸਥਿਰ ਰਹਿਣਾ ਚਾਹੀਦਾ ਸੀ। ਬਹੁਤ ਫ਼ਿਲਮਾਂ ਵੀ ਬਣੀਆਂ, ਅਰਬਾਂ-ਖਰਬਾਂ ਦਾ ਸਰਮਾਇਆ ਕਿਤਾਬਾਂ ਅਤੇ ਬੱਚਿਆਂ ਲਈ ਸਮੱਗਰੀ ਉੱਤੇ ਲਾਇਆ ਜਾ ਰਿਹਾ ਹੈ ਜਿਸ ਵਿਚ ਕਾਰਟੂਨ, ਐਨੀਮੇਸ਼ਨ ਫ਼ਿਲਮਾਂ ਜਾਂ ਕੰਪਿਊਟਰ ਗੇਮਾਂ ਵੀ ਹਨ। ਜੋ ਲੋਕ ਇਸ ਪ੍ਰਚਾਰ ਵਿਧੀ ਦੇ ਹੱਕ ਵਿਚ ਹਨ, ਉਹਨਾਂ ਲਈ ਮੈਂ ਕੁੱਝ ਅੰਕੜੇ ਪੇਸ਼ ਕਰ ਰਿਹਾ ਹਾਂ;

ਆਸਟ੍ਰੇਲੀਆ ਵਿਚ ਸੰਨ ੧੯੦੧ ਦੀ ਮਰਦਮਸ਼ੁਮਾਰੀ ਈਸਾਈਆਂ ਦੀ ਗਿਣਤੀ ੯੬.੧% ਸੀ। ੨੦੧੬ ਦੀ ਮਰਦਮਸ਼ੁਮਾਰੀ ਅਨੁਸਾਰ ਇਹ ਗਿਣਤੀ ਘੱਟ ਕੇ ੫੨.੧% ਰਹਿ ਗਈ ਹੈ। ਚਿੰਤਾਜਨਕ ਅੰਕੜਾ ਤਾਂ ੩੦.੧% ਨਾਸਤਕਾਂ ਦਾ ਹੈ ਜੋ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਹੀ ਨਹੀਂ ਕਰਦੇ।

ਅਮਰੀਕਾ ਵਿਚ ੧੯੯੦ ਵਿਚ ੮੫%, ੨੦੦੧ ਵਿਚ ੮੧.੬%, ੨੦੧੨ ਵਿਚ ੭੮% ਅਤੇ ੨੦੧੫ ਵਿਚ ੭੫% ਈਸਾਈ ਧਰਮ ਨੂੰ ਮੰਨਦੇ ਹਨ।

ਇੰਗਲੈਂਡ ਦੇ ਇੱਕ ਚਿੰਤਾਜਨਕ ਸਰਵੇਖਣ ਅਨੁਸਾਰ ੧੬-੨੯ ਸਾਲ ਦੇ ਨੌਜਵਾਨਾਂ ਨੇ ਆਪਣੇ ਆਪ ਨੂੰ ਨਾਸਤਿਕ ਭਰਿਆ ਅਤੇ ੫੯% ਨੇ ਕਦੇ ਵੀ ਧਾਰਮਿਕ ਗਤੀਵਿਧੀ ਵਿਚ ਹਿੱਸਾ ਨਹੀਂ ਲਿਆ। ੭੫% ਨੌਜਵਾਨਾਂ ਨੇ ਕਦੇ ਵੀ ਅਰਦਾਸ ਜਾਂ ਪਰੇਅਰ ਨਹੀਂ ਕੀਤੀ।

੧੯੫੦ ਵਿਚ ਕੈਨੇਡਾ ਦੇ ਕਿਊਬੈਕ ਸੂਬੇ ਵਿਚ ੯੫% ਲੋਕ ਚਰਚ ਜਾਂਦੇ ਸਨ ਜੋ ਹੁਣ ਘੱਟ ਕੇ ੫% ਰਹਿ ਗਿਆ ਹੈ।

ਹੁਣ ਸੋਚਣ ਵਾਲੀ ਗੱਲ ਹੈ ਕਿ ਕੀ ਇਹਨਾਂ ਨਵੀਨ ਪ੍ਰਚਾਰ ਮਾਧਿਅਮ ਨੇ ਇਸਾਈ ਧਰਮ ਨੂੰ ਕੋਈ ਫ਼ਾਇਦਾ ਕੀਤਾ? ਫ਼ਾਇਦਾ ਤਾਂ ਜ਼ਰੂਰ ਹੋਇਆ ਹੈ ਪਰ ਹੋਇਆ ਹਾਲੀਵੁੱਡ ਨੂੰ ਹੈ। ਇੱਕ ਰੂਸੀ ਕਹਾਵਤ ਹੈ ਕਿ ਮਹਿੰਗੀਆਂ ਦਵਾਈਆਂ ਦਾ ਫ਼ਾਇਦਾ ਜ਼ਰੂਰ ਹੁੰਦਾ ਹੈ, ਜੇ ਮਰੀਜ਼ ਨੂੰ ਨਹੀਂ ਤਾਂ ਦਵਾਈਆਂ ਵਾਲੀ ਕੰਪਨੀ ਨੂੰ ਤਾਂ ਹੋ ਹੀ ਜਾਂਦਾ ਹੈ। ਬਿਲਕੁਲ ਇਹੀ ਵਰਤਾਰਾ ਧਰਮ ਵਿਚ ਹੋ ਰਿਹਾ ਹੈ। ਧਰਮ ਵਿਚ ਕਿੱਤਾ ਕਰਨ ਵਾਲੇ ਲੋਕ ਇਲਾਹੀ ਸਿਧਾਂਤਾਂ ਦੇ ਕਿਰਦਾਰ ਘੜ ਕੇ ਨਾਸ਼ਵਾਨ ਬੰਦਿਆਂ ਦੇ ਬਰਾਬਰ ਲੈ ਆਉਂਦੇ ਹਨ ਅਤੇ ਉਸ ਨੂੰ ਵੇਚ ਕੇ ਰੋਟੀ ਕਮਾਉਂਦੇ ਹਨ।

ਗੁਰਪ੍ਰੀਤ (ਚਿੱਤਰਕਾਰ-ਬਠਿੰਡਾ) ਦੀ ਆਸਟ੍ਰੇਲੀਆ ਦੀ ਫੇਰੀ ਦੌਰਾਨ ਘਰ ਬੈਠੇ ਗੱਲਬਾਤ ਹੋ ਰਹੀ ਸੀ। ਉਸ ਨੇ ਬੁੱਧ ਦੀਆਂ ਮੂਰਤੀਆਂ ਬਾਰੇ ਬਹੁਤ ਹੀ ਰੌਚਕ ਜਾਣਕਾਰੀ ਦਿੱਤੀ। ਉਹ ਕਈ ਵਾਰ ਦਿੱਲੀ ਵਿਚ ਆਰਟ ਗੈਲਰੀ ਗਿਆ ਸੀ ਜਿਸ ਵਿਚ ਬੁੱਧ ਦੀਆਂ ਸੈਂਕੜੇ ਮੂਰਤੀਆਂ ਤੇ ਸਿਰ ਰੱਖੇ ਹੋਏ ਹਨ। ਗੰਭੀਰ ਪੜਚੋਲ ਉਪਰੰਤ ਸਮਝ ਆਈ ਕਿ ਇਹ ਸਿਰ ਹਜ਼ਾਰਾਂ ਸਾਲਾਂ ਵਿਚ ਕਿਸ ਤਰਾਂ ਆਪਣਾ ਰੂਪ ਬਦਲਦੇ ਹਨ। ਬੁੱਧ ਧਰਮ ਬੁੱਤ ਪੂਜਕ ਨਹੀਂ ਹੈ ਪਰ ਜਦੋਂ ਯੂਨਾਨੀ (ਗਰੀਕ) ਆਏ ਤਾਂ ਉਹ ਬੁੱਤ ਉਪਾਸ਼ਕ ਸਨ ਅਤੇ ਹਿੰਦੁਸਤਾਨ ਵਿਚ ਬੁੱਧ ਦਾ ਬੋਲਬਾਲਾ ਸੀ। ਪਹਿਲੇ ਰਾਜਿਆਂ ਨੇ ਆਪਣਾ ਪ੍ਰਭਾਵ ਬਣਾਉਣ ਲਈ ਬੁੱਧ ਦੀ ਇੱਕ ਮੂਰਤੀ ਬਣਵਾਈ ਜਿਸ ਵਿਚ ਉਸ ਨੂੰ ਆਸਣ ਲਾਈ ਬੈਠੇ ਨੂੰ ਦਿਖਾਇਆ, ਰਿਸ਼ੀਆਂ ਵਾਂਗ ਉਸ ਦੇ ਸਿਰ ਉੱਤੇ ਕੇਸ ਭਾਵ ਜੂੜਾ ਦਿਖਾਇਆ ਗਿਆ ਅਤੇ ਸ਼ਕਲ ਅਤੇ ਨੈਣ-ਨਕਸ਼ ਯੂਨਾਨੀਆਂ ਵਰਗਾ ਬਿਨਾ ਮੁੱਛ-ਦਾੜ੍ਹੀ ਤੋਂ ਬਣਾਇਆ। ਬੁੱਧ ਭਾਵ ਗਿਆਨ ਦੇ ਪ੍ਰਕਾਸ਼ ਹੋਣ ਦੇ ਸਿਧਾਂਤ ਨੂੰ ਬੰਦੇ ਦਾ ਰੂਪ ਦਿੱਤਾ ਅਤੇ ਆਪਣੀ ਦੁਨਿਆਵੀ ਲੋੜ ਅਨੁਸਾਰ ਮਰੋੜਿਆ। ਇਸ ਤਰ੍ਹਾਂ ਇਸ ਮਹਾਂ ਸਿਧਾਂਤ ਦਾ ਵੀ ਪਤਨ ਸ਼ੁਰੂ ਹੋ ਗਿਆ। ਅੱਜ ਇਹ ਨਾਂਹ ਮਾਤਰ ਹੈ। ਕੀ ਮੂਰਤੀਆਂ ਸਥਾਪਿਤ ਕਰਨ ਨਾਲ ਬੋਧੀਆਂ ਨੂੰ ਫ਼ਾਇਦਾ ਹੋਇਆ?

ਹਿੰਦੂ ਧਰਮ ਦਾ ਪਤਨ ਵੀ ਮੂਰਤੀ ਸਥਾਪਤੀ ਤੋਂ ਹੀ ਹੋਇਆ। ਇਹ ਪਿਰਤ ਨਾਰਦ ਮੁਨੀ ਨੇ ਸ਼ੁਰੂ ਕੀਤੀ ਅਤੇ ਮਗਰ ਲੱਗ ਕੇ ਲੋਕ ਮੂਲ ਤੋਂ ਭਟਕ ਕੇ ਪੱਥਰ ਪੂਜਕ ਹੋ ਗਏ।

ਮਃ ੧ ॥<br>
ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥<br>
ਨਾਰਦਿ ਕਹਿਆ ਸਿ ਪੂਜ ਕਰਾਂਹੀ ॥<br>
ਅੰਧੇ ਗੁੰਗੇ ਅੰਧ ਅੰਧਾਰੁ ॥<br>
ਪਾਥਰੁ ਲੇ ਪੂਜਹਿ ਮੁਗਧ ਗਵਾਰ ॥<br>
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨॥

ਜਿਹੜੇ ਕੰਮ ਜਾਂ ਤਜਰਬੇ ਪਹਿਲਾਂ ਹੀ ਹੋਰ ਪਾਸੇ ਫ਼ੇਲ੍ਹ ਹੋ ਚੁੱਕੇ ਹਨ ਉਹਨਾਂ ਨੂੰ ਅਪਣਾ ਕੇ ਦੁਬਾਰਾ ਸਮਾਂ ਅਤੇ ਸਰਮਾਇਆ ਬਰਬਾਦ ਕਰਨਾ ਕਿਹੜੀ ਬਿਬੇਕ ਬੁੱਧ ਹੈ ਜੋ ਅਸੀਂ ਹਰ ਰੋਜ਼ ਅਰਦਾਸ ਵਿਚ ਮੰਗਦੇ ਹਾਂ? ਜਦੋਂ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ੨੦ ਫਰਵਰੀ, ੧੯੩੪ ਵਿਚ ਸੋਚ ਵਿਚਾਰ ਕੇ ਫ਼ੈਸਲਾ ਕੀਤਾ ਕਿ "ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ ਆਦਿ ਮਹਾਂ ਪੁਰਖਾਂ ਦੀਆਂ ਇਤਿਹਾਸਕ ਸਾਖੀਆਂ ਦੇ ਸੀਨਜ਼ ਅਤੇ ਸਿੱਖ ਸੰਸਕਾਰਾਂ ਦੀਆਂ ਨਕਲਾਂ ਦੀਆਂ ਫਿਲਮਾਂ ਬਣਾਉਣੀਆਂ ਸਿੱਖ ਅਸੂਲਾਂ ਵਿਰੁੱਧ ਹੈ" ਅਤੇ ਮੁੜ, ੭ ਅਗਸਤ ੧੯੪੦ ਨੂੰ ਪਾਸ ਕੀਤਾ ਕਿ "ਧਾਰਮਕ ਸਲਾਹਕਾਰ ਕਮੇਟੀ ਦੀ ਰਾਇ ਵਿਚ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਉਹਨਾਂ ਦੇ ਮਹਿਲ, ਸਾਹਿਬਜ਼ਾਦੇ ਤੇ ਸਾਹਿਬਜ਼ਾਦੀਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਟੇਜ ਤੇ ਨਹੀਂ ਲਿਆਂਦਾ ਜਾ ਸਕਦਾ" ਤਾਂ ਫਿਰ ਇਸ ਤਰ੍ਹਾਂ ਕਿਰਦਾਰ ਘੜਨ ਦੀ ਹਰਦਮ ਕੋਸ਼ਿਸ਼ ਕਿਉਂ ਕੀਤੀ ਜਾ ਰਹੀ ਹੈ ਅਤੇ ਇਸ ਨੂੰ ਪਰਚਾਰ ਨਾਲ ਜੋੜਿਆ ਜਾ ਰਿਹਾ ਹੈ ਕਿ ਧਰਮ ਫੈਲੇਗਾ। ਸਮਕਾਲੀ ਧਰਮਾਂ ਵਿਚ ਦਾ ਇਸ ਦੇ ਉਲਟ ਨਤੀਜੇ ਆ ਰਹੇ ਹਨ। ਮਨਸ਼ਾ ਇੱਥੇ ਸਿਰਫ਼ ਮਹਾਂਪੁਰਖਾਂ ਦੇ ਕਿਰਦਾਰਾਂ ਦਾ ਵਪਾਰੀਕਰਨ ਹੈ।

ਇੱਕ ਨੁਕਤਾ ਹੋਰ ਵੀ ਵਿਚਾਰਨ ਵਾਲਾ ਹੈ ਕਿ ਫੋਟੋ ਜਾਂ ਫ਼ਿਲਮ ਦੀ ਕਾਢ ਤੋਂ ਪਹਿਲਾਂ ਸਿੱਖੀ ਦਾ ਪਸਾਰਾ ਕਿਵੇਂ ਹੋਇਆ? ਸੋ ਕਦਾਚਿਤ ਵੀ ਇਹ ਨਵੀਨ ਮਾਧਿਅਮ ਧਰਮ ਨੂੰ ਚੁੱਕਣ ਵਾਲਾ ਧੌਲਾ ਬਲਦ ਨਹੀਂ ਬਣ ਸਕਦਾ ਸਗੋਂ ਬਲਦ ਉੱਤੇ ਆਪ ਬੈਠਣਾ ਚਾਹੁੰਦਾ ਹੈ। ਧਰਮ ਨੂੰ ਲੋਕ ਅਪਣਾਉਂਦੇ ਹਨ ਪੂਰਨ ਪੁਰਖਾਂ ਦੀ ਰਹਿਣੀ ਬਹਿਣੀ ਅਤੇ ਕਰਨੀ ਤੋਂ ਪ੍ਰਭਾਵਿਤ ਹੋ ਕੇ। ਰਹੀ ਗੱਲ ਬੱਚਿਆਂ ਵਿਚ ਪ੍ਰਚਾਰ ਕਰਨ ਦੀ, ਉਸ ਦੀ ਮੁੱਢਲੀ ਜ਼ੁੰਮੇਵਾਰੀ ਮਾਪਿਆਂ ਦੀ ਹੁੰਦੀ ਹੈ ਕਿ ਉਹ ਘਰ ਵਿਚ ਕਿਸ ਤਰਾਂ ਦਾ ਮਾਹੌਲ ਸਿਰਜਦੇ ਹਨ। ਮਾਪਿਆਂ ਦੇ ਆਲੇ-ਦੁਆਲੇ ਕੀ ਵਾਪਰ ਰਿਹਾ ਹੈ? ਖ਼ਾਸ ਕਰ ਕੇ ਮਾਂਵਾਂ ਅਤੇ ਦਾਦੀਆਂ ਕਿੰਨਾ ਕੁ ਧਰਮ ਦੇ ਨੇੜੇ ਹਨ। ਜਦੋਂ ਬੱਚੇ ਨੂੰ ਹਾਲੀਵੁੱਡ ਵਿਚ ਬਣੀ ਮਾਰਵਲ ਕੰਪਨੀ ਦੀ ਆਲ੍ਹਾ ਦਰਜੇ ਦੀ ਫ਼ਿਲਮ ਦੇ ਮੁਕਾਬਲੇ ਤੀਜੇ ਦਰਜੇ ਦੀ ਘੱਟ ਤੋਂ ਘੱਟ ਬਜਟ ਦੀ ਫ਼ਿਲਮ ਪਰੋਸੀ ਜਾਵੇਗੀ ਤਾਂ ਨਤੀਜਾ ਉਲਟ ਨਿਕਲੇਗਾ। ਇਹ ਵੀ ਮਿੱਥ ਹੀ ਹੈ ਜੋ ਧੱਕੇ ਨਾਲ ਪੈਸੇ ਬਣਾਉਣ ਦੇ ਚੱਕਰ ਵਿਚ ਸਿੱਖਾਂ ਅੱਗੇ ਪਰੋਸੀ ਜਾ ਰਹੀ ਹੈ।

ਹੁਣ ਗੱਲ ਕਰਦੇ ਹਾਂ ਮੂਰਤ ਦੀ ਸਿਧਾਂਤਿਕ ਗੱਲ। ਸਿੱਖੀ ਨਵੀਨ ਧਰਮ ਹੈ ਤਾਂ ਫਿਰ ਫ਼ਿਲਮੀ ਮੂਰਤ ਕਿਉਂ ਨਹੀਂ? ਜਾਂ ਰੂਹਾਨੀ ਸਫ਼ਰ ਦੀ ਸ਼ੁਰੂਆਤ ਕਰਨ ਲਈ ਕਿਹੜੀ ਮੂਰਤ ਮਨ ਵਿਚ ਵਸਾਉਣੀ ਹੈ? ਗੁਰੂ ਗ੍ਰੰਥ ਸਾਹਿਬ ਸਾਨੂੰ ਕਿਸੇ ਵੀ ਇਕ ਦੁਨਿਆਵੀ ਮੂਰਤ ਨਾਲ ਨਹੀਂ ਜੋੜਦੇ। ਇਹ ਸਿਧਾਂਤ ਪੱਕਾ ਹੈ ਕਿ ੧ਓ ਭਾਵ ਅਕਾਲ ਨੂੰ ਥਾਪਿਆ ਨਹੀਂ ਜਾ ਸਕਦਾ ਅਤੇ ਨਾ ਹੀ ਕੀਤਾ (manufactured) ਜਾ ਸਕਦਾ ਹੈ, ਉਹ ਆਪਣੀ ਮਰਜ਼ੀ ਦਾ ਮਾਲਕ ਹੈ ਅਤੇ ਮਰਜ਼ੀ ਨਾਲ ਆਪਣੇ ਹੀ ਬਣਾਏ ਬ੍ਰਹਿਮੰਡ ਵਿਚ ਕਿਸੇ ਵੀ ਰੂਪ ਵਿਚ ਪਰਗਟ ਹੋ ਸਕਦਾ ਹੈ। ਜੇ ਇਕ ਸਮੇਂ ਉਹ ਪਹਿਲੇ ਗੁਰਾਂ ਦੀ ਦੇਹ ਵਿਚ ਪ੍ਰਕਾਸ਼ਵਾਨ ਸੀ ਤਾਂ ਉਹ ਆਪਣੇ ਕਿਸੇ ਵੀ ਭਗਤ ਦੇ ਅੰਦਰ ਪ੍ਰਕਾਸ਼ ਹੋ ਸਕਦਾ ਹੈ ਅਤੇ ਇਹ ਆਦਿ ਇਸੇ ਹੀ ਤਰਾਂ ਚੱਲਦਾ ਅਤੇ ਹੁੰਦਾ ਰਹੇਗਾ। ਏਕੇ ਦੀ ਅਵਸਥਾ (Singularity) ਵਿਚ ਉਹ ਏਕਾ "ਨਾਮ"(singular sound) ਹੈ ਜੋ ਕਿ ਨਿਰੰਕਾਰ ਦੀ ਹੀ ਮੂਰਤਿ(projection) ਹੈ। ਮੂਲ ਮੰਤਰ ਵਿਚ ਹੀ ਗੁਰੂ ਸਾਹਿਬ ਨੇ ਹੁਕਮ ਕੀਤਾ ਹੈ ਕਿ ਜਿਹੜੀ ਮੂਰਤ ਅਸੀਂ ਚਿਤਵਨੀ ਹੈ ਉਹ ਨਾਮ ਹੀ ਹੈ ਜੋ ਸਾਨੂੰ ਸ਼ਬਦ ਰਾਹੀ ਪ੍ਰਾਪਤ ਹੋਣਾ ਹੈ। ਜਿਹੋ ਜਿਹੀ ਮੂਰਤ ਚਿਤਵਾਂਗੇ, ਉਹੋ ਹੀ ਸਾਨੂੰ ਪ੍ਰਾਪਤ ਹੋਵੇਗੀ। ਸਾਰੀ ਬਾਣੀ ਦਾ ਸਾਰ "ਨਾਮ" ਹੀ ਤਾਂ ਹੈ। ਰੂਪ ਵਿਚ ਉਹ ਬਦਲਦਾ ਰਹਿੰਦਾ ਹੈ ਇਸ ਹੀ ਕਰ ਕੇ ਉਸ ਨੂੰ ਇੱਕ ਰੂਪ ਵਿਚ ਥਾਪਣਾ ਸਿਧਾਂਤਕ ਕੁਤਾਹੀ ਹੈ। ਇਸ ਬਦਲਾਅ ਦੇ ਨੁਕਤੇ ਨੂੰ ਭਗਤ ਕਬੀਰ ਜੀ ਬਹੁਤ ਹੀ ਸੁੰਦਰ ਬਿਆਨ ਕਰਦੇ ਹਨ। ਦਿੱਲੀ ਦੇ ਸੁਲਤਾਨ ਦੀ ਕਚਹਿਰੀ ਵਿਚ ਕਾਜ਼ੀਆਂ ਦੇ ਫ਼ਤਵੇ ਅਨੁਸਾਰ ਭਗਤ ਕਬੀਰ ਜੀ ਦੀ ਪ੍ਰੀਖਿਆ ਹੋ ਰਹੀ ਹੈ। ਕਬੀਰ ਜੀ ਦੀਆਂ ਬਾਂਹਾਂ ਨੂੰ ਬੰਨ੍ਹ ਕੇ ਪੰਡ ਵਾਂਗ ਹਾਥੀ ਦੇ ਅੱਗੇ ਸੁੱਟ ਦਿੱਤਾ ਅਤੇ ਉਸ ਹਾਥੀ ਨੂੰ ਹੋਰ ਗੁੱਸਾ ਚੜ੍ਹਾਉਣ ਲਈ ਉਸ ਦੇ ਸਿਰ ਉੱਤੇ ਸੱਟ ਮਾਰੀ ਜਿਸ ਕਾਰਨ ਹਾਥੀ ਚਿੰਗਾੜ੍ਹਾ ਮਾਰਦਾ ਹੋਇਆ ਪਾਸੇ ਨੂੰ ਭੱਜ ਤੁਰਿਆ। ਇਸ ਅਲੌਕਿਕ ਵਰਤਾਰੇ ਨੂੰ ਤੱਕ ਕੇ ਕਬੀਰ ਜੀ ਨੂੰ ਉਸ ਹਾਥੀ ਅਤੇ ਘਟਨਾਕ੍ਰਮ ਵਿਚੋਂ ਵੀ ਪਰਮਾਤਮਾ ਦੀ ਹੀ ਮੂਰਤਿ ਅਨੁਭਵ ਹੋਈ। ਇਉਂ ਮਹਿਸੂਸ ਹੋਇਆ ਕਿ ਪਰਮਾਤਮਾ ਦਾ ਪੂਰਾ ਜ਼ੋਰ ਚੱਲ ਰਿਹਾ ਸੀ ਕਾਜ਼ੀਆਂ, ਮਹਾਵਤਾਂ, ਸਿਪਾਹੀਆਂ ਅਤੇ ਸੁਲਤਾਨ ਉੱਤੇ। ਉਸ ਵੇਲੇ ਉਹ ਜ਼ੋਰ ਹੀ ਭਗਤ ਜੀ ਨੂੰ ਸਾਹਿਬ ਦੀ ਮੂਰਤਿ ਲੱਗ ਰਹੀ ਸੀ।

ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥<br>
ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥<br>
ਹਸਤਿ ਭਾਗਿ ਕੈ ਚੀਸਾ ਮਾਰੈ ॥<br>
ਇਆ ਮੂਰਤਿ ਕੈ ਹਉ ਬਲਿਹਾਰੈ ॥੧॥

ਦੁਨੀਆ (ਦੂਣੀ - Duality) ਵਿਚ ਇਹ ਮੂਰਤਿ ਅਤੇ ਵਰਤਾਰੇ ਹਰ ਖਿਣ ਬਦਲਦੇ ਰਹਿੰਦੇ ਹਨ ਪਰ ਏਕੇ (Singularity) ਵਿਚ 'ਨਾਮ' ਦੀ ਮੂਰਤਿ ਵਜੋਂ ਸਦੀਵੀ ਹੈ।

# ਬੋਰ, ਵੀਰ ਅਤੇ ਡਿਜ਼ੀਟਲ ਇੰਡੀਆ

**ਅਵਤਾਰ ਸਿੰਘ (ਪ੍ਰੋ)**




ਨੰਨ੍ਹੀ ਜਾਨ, ਮਾਸੂਮ ਬਾਲ ਫਤਿਹਵੀਰ ਆਪਣੇ ਹੀ ਘਰਦਿਆਂ ਦੀ ਅਣਦੇਖੀ ਦੀ ਭੇਟ ਚੜ੍ਹ ਕੇ, ਪੂਰੇ ਦੇਸ਼ ਦੀ ਅਣਗਹਿਲੀ ਅਤੇ ਨਾਅਹਲੀਅਤ ਦਾ ਸ਼ਿਕਾਰ ਹੋ ਗਿਆ। ਬੋਰ 'ਚ ਡਿਗਦੇ ਬੱਚਿਆਂ ਦੀਆਂ ਵਧਦੀਆਂ ਘਟਨਾਵਾਂ ਦੇਖ ਦੇਖ ਕੇ ਲੋਕ ਹੁਣ ਡਿਜੀਟਲ ਇੰਡੀਆ ਨੂੰ ਡਿੱਗੀਚਲ ਇੰਡੀਆ ਕਹਿਣ ਲਈ ਮਜਬੂਰ ਹੋ ਗਏ ਹਨ।



ਬੋਰ ਵਿੱਚ ਡਿੱਗਣ ਸਮੇਂ ਉਸ 'ਤੇ ਕੀ ਗੁਜ਼ਰੀ ਹੋਵੇਗੀ, ਕਿਵੇਂ ਹੱਥ ਪੈਰ ਮਾਰੇ ਹੋਣਗੇ, ਕਿਵੇਂ ਉਸ ਨੇ ਮਾਂ ਨੂੰ 'ਵਾਜ਼ ਮਾਰੀ ਹੋਵੇਗੀ, ਕਿਵੇਂ ਚੀਖ ਚਿਹਾੜਾ ਪਾਇਆ ਹੋਵੇਗਾ? ਇਹ ਸੋਚ ਕੇ ਦਿਲ ਦਹਿਲ ਜਾਂਦਾ ਹੈ ਤੇ ਜ਼ੁਬਾਨ ਤਾਲੂਏ ਨੂੰ ਲੱਗ ਜਾਂਦੀ ਹੈ। ਕਹਿਣ ਨੂੰ ਜੀ ਕਰਦਾ ਹੈ ਕਿ ਅਸੀਂ ਬੱਚਿਆਂ ਨੂੰ, ਖ਼ਾਸ ਤੌਰ ਤੇ ਮੁੰਡਿਆਂ ਨੂੰ ਰੱਬ ਦੀ ਅਨਮੁੱਲੀ ਦਾਤ ਸਮਝਦੇ ਹਾਂ ਪਰ ਅਸੀਂ ਦਾਤੇ ਦੀਆਂ ਦਾਤਾਂ ਦੇ ਚੰਗੇ ਕਦਰਦਾਨ ਨਹੀਂ ਹਾਂ। ਰੱਬੀ ਦਾਤ ਨੂੰ ਨਾ ਹੀ ਅਸੀਂ ਦਾਤ ਵਾਂਗ ਪਾਲਦੇ ਹਾਂ ਤੇ ਨਾ ਸੰਭਾਲਦੇ ਹਾਂ। ਜਿਹੜਾ ਬੋਰ ਵਰਤੋਂ ਵਿੱਚ ਨਾ ਹੋਵੇ ਤੇ ਨਾ ਹੋਣਾ ਹੋਵੇ, ਉਸ ਨੂੰ ਪੱਕੇ ਤੌਰ ਤੇ ਬੰਦ ਨਾ ਕਰਨਾ ਇਹੀ ਦੱਸਦਾ ਹੈ ਕਿ ਹੋਰ ਤਾਂ ਹੋਰ, ਅਸੀਂ ਚੰਗੇ ਮਾਪੇ ਵੀ ਨਹੀਂ ਹਾਂ।

ਬੇਸ਼ੱਕ ਹਾਦਸਾ ਕਦੀ ਵੀ ਅਤੇ ਕਿਤੇ ਵੀ ਵਾਪਰ ਸਕਦਾ ਹੈ। ਪਰ ਇਸਦਾ ਮਤਲਬ ਇਹ ਵੀ ਨਹੀਂ ਕਿ ਅਸੀਂ ਕਿਸੇ ਵੀ ਭਾਵੀ ਜਾਂ ਸੰਭਾਵੀ ਦੁਰਘਟਨਾ ਦਾ ਅਗਾਊਂ ਹੱਲ ਨਾ ਲੱਭੀਏ। ਹਰ ਮਾਮਲੇ ਵਿੱਚ ਅਸੀਂ ਸਿਰੇ ਦੀ ਅਣਗਹਿਲੀ ਵਰਤਦੇ ਹਾਂ। ਬਲਕਿ ਇਸ ਗੱਲ ਲਈ ਅਸੀਂ ਮਸ਼ਹੂਰ ਹੋ ਚੁੱਕੇ ਹਾਂ। ਸਾਡੀਆਂ ਲਾਪਰਵਾਹੀਆਂ ਦੀ ਕੋਈ ਹੱਦ ਨਹੀਂ ਹੈ।

ਅਸੀਂ ਨਹੀਂ ਜਾਣਦੇ ਕਿ ਸਾਡੀਆਂ ਗਲਤੀਆਂ, ਭੁੱਲਾਂ ਤੇ ਭੁਲੇਖਿਆਂ ਦੀ ਸਜ਼ਾ ਵੀ ਸਾਨੂੰ ਤੇ ਸਾਡੇ ਹੀ ਨੰਨ੍ਹੇ ਬੱਚਿਆਂ ਨੂੰ ਭੁਗਤਣੀ ਪੈਣੀ ਅਤੇ ਪੈਂਦੀ ਹੈ।

ਕਹਿਣ ਨੂੰ ਤਾਂ ਸਾਰੇ ਇਹੀ ਕਹਿਣਗੇ ਕਿ ਇਹ ਹੋਣੀ ਇੱਥੇ ਹੀ ਵਾਪਰਨੀ ਸੀ। ਪਰ ਇਹੋ ਜਹੀਆਂ ਦਲੀਲਾਂ ਸਾਡੀ ਹਉਪਰੇ ਦੀ ਮਾਰੂ ਸੋਚ ਅਤੇ ਆਦਤ ਨੂੰ ਢਕਣ ਦਾ ਹੀ ਕੋਝਾ ਯਤਨ ਹਨ। ਭਗਵਾਨਪੁਰ ਵਿਖੇ ਫਤਿਹਵੀਰ ਨੂੰ ਬਚਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਦੇਖ ਕੇ ਅਹਿਮਦ ਨਦੀਮ ਕਾਜ਼ਮੀ ਦੀ ਕਹਾਣੀ 'ਪ੍ਰੇਮ' ਚੇਤੇ ਆਈ, ਜਿਸ ਵਿੱਚ ਕਿਸੇ ਗ਼ਰੀਬਣੀ ਦਾ ਬੇਟਾ ਖੂਹ ਵਿੱਚ ਡਿੱਗ ਜਾਂਦਾ ਹੈ, ਜਿਸ ਨੂੰ ਬਾਹਰ ਕੱਢਣ ਲਈ ਵਿਚਾਰੇ ਕੰਮੀਂ ਕਮੀਣ ਗਰੀਬ ਗੁਰਬੇ ਲੋਕ ਬਿਨਾ ਕਹੇ ਦੱਸੇ ਹੀ ਖੂਹ ਵੱਲ ਦੌੜੇ ਆਉਂਦੇ ਹਨ ਤੇ ਬੱਚੇ ਨੂੰ ਖੂਹ 'ਚੋਂ ਬਾਹਰ ਕੱਢਣ ਲਈ ਸਿਰ ਤੋੜ ਯਤਨ ਕਰਦੇ ਹਨ। ਪਿੰਡ ਦਾ ਲੰਬੜਦਾਰ ਚੌਧਰੀ ਉੱਥੇ ਜਾਂਦਾ ਹੈ ਤੇ ਪਿੰਡ ਦੇ ਲੋਕਾਂ ਨੂੰ ਖੂਹ 'ਚੋਂ ਗੰਦਾ ਪਾਣੀ ਬਾਹਰ ਕੱਢਣ ਦੀ ਵਗਾਰ ਪਾਉਂਦਾ ਹੈ ਤੇ ਨਾਲ ਆਖਦਾ ਹੈ ਕਿ ਖੂਹ ਦਾ ਭਿੱਟਿਆ ਪਾਣੀ ਬਾਹਰ ਕੱਢਣਾ ਪੁੰਨ ਦਾ ਕੰਮ ਹੈ।

ਆਪਣੇ ਬੱਚੇ ਦੇ ਜਿਊਂਦਾ ਨਿਕਲ ਆਉਣ ਦੀ ਉਮੀਦ ਵਿੱਚ ਬੈਠੀ ਗ਼ਰੀਬਣੀ ਮਾਂ ਦੇ ਸਾਹਮਣੇ ਹੀ ਪੱਥਰ-ਦਿਲ ਚੌਧਰੀ ਖੂਹ ਵਿੱਚ ਡਿੱਗੇ ਬੱਚੇ ਲਈ 'ਲਾਸ਼' ਸ਼ਬਦ ਦਾ ਇਸਤੇਮਾਲ

ਬਾਕੀ ਸਫ਼ਾ 32 'ਤੇ

**ਸ਼ਹਾਦਤ 'ਤੇ ਵਿਸ਼ੇਸ਼**

# ਬੰਦ-ਬੰਦ ਕਟਵਾਉਣ ਵਾਲੇ ਸ਼ਹੀਦ ਭਾਈ ਮਨੀ ਸਿੰਘ

**ਧਰਮਿੰਦਰ ਸਿੰਘ ਵੜੈਚ (ਚੱਬਾ)**



ਭਾਈ ਮਨੀ ਸਿੰਘ ਦੀ ਸ਼ਹਾਦਤ ਸਿੱਖ ਧਰਮ ਵਿਚ ਬੜਾ ਅਹਿਮ ਸਥਾਨ ਰੱਖਦੀ ਹੈ। ਆਪ ਬੜੇ ਹਠੀ, ਤਪੱਸਵੀ ਤੇ ਸਿੱਖੀ ਸਿਦਕ ਵਿਚ ਯਕੀਨ ਰੱਖਣ ਵਾਲੇ ਮਹਾਨ ਯੋਧੇ ਸਨ। ਆਪ ਸੱਤਵੇਂ ਗੁਰੂ ਸ੍ਰੀ ਗੁਰੂ ਹਰਿਰਾਏ ਸਾਹਿਬ, ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਪਰਕ ਵਿਚ ਰਹੇ। ਭਾਈ ਸਾਹਿਬ ਦੇ ਵਡੇਰੇ ਵੀ ਗੁਰੂ ਘਰ ਦੇ ਪ੍ਰੇਮੀ ਸਨ। ਆਪ ਦੇ ਦਾਦੇ ਦਾ ਨਾਂ ਬਲੂ ਰਾਊ ਸੀ। ਬਲੂ ਰਾਊ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਨਿੰਨ ਸੇਵਕ ਤੇ ਮਹਾਨ ਜਰਨੈਲ ਸਨ। ਬਲੂ ਰਾਊ ਦੇ ਬਾਰ੍ਹਾਂ ਪੁੱਤਰ ਸਨ। ਜਿਨ੍ਹਾਂ ਦੇ ਨਾਂ- ਮਲੂਕਾ, ਮਾਈ ਦਾਸ, ਜੈਮਲ, ਰੂਪੀਆ, ਬੀਰੀਆ, ਰੁੜੀਆ, ਸੁੰਦਰ, ਨੇਤਾ, ਸਾਹੂ, ਮਾਧੋ, ਰਈਆ ਤੇ ਸੁਹੇਲਾ ਆਦਿ ਸਨ। ਇਨ੍ਹਾਂ ਵਿੱਚੋਂ ਮਾਈ ਦਾਸ ਨੇ ਦੋ ਵਿਆਹ ਕੀਤੇ। ਪਹਿਲੀ ਪਤਨੀ ਦਾ ਨਾਂ ਬੀਬੀ ਮੱਧਰੀ ਬਾਈ ਤੇ ਦੂਜੀ ਪਤਨੀ ਦਾ ਨਾਂ ਬੀਬੀ ਲਡਿਕੀ ਬਾਈ ਸੀ। ਪਹਿਲੀ ਪਤਨੀ ਤੋਂ ਸੱਤ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਂ- ਜੇਠਾ, ਦਿਆਲ ਦਾਸ, ਮਨੀ ਰਾਮ, ਦੁਨੀਆ, ਮਾਨਾ, ਅਮਰ ਚੰਦ ਤੇ ਰੂਪਾ ਸੀ। ਦੂਜੀ ਪਤਨੀ ਬੀਬੀ ਲਡਿਕੀ ਬਾਈ ਤੋਂ ਪੰਜ ਪੁੱਤਰਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਂ- ਜਗਤੂ, ਸੋਹਣਾ, ਲਹਿਣਾ, ਰਾਇ ਤੇ ਹਰੀ ਚੰਦ ਆਦਿ ਸਨ। ਇਹ ਸਾਰੇ ਵੀ ਗੁਰੂ ਘਰ ਦੇ ਅਨਿੰਨ ਸੇਵਕ ਰਹੇ। ਪਹਿਲੀ ਪਤਨੀ ਤੋਂ ਮਨੀ ਰਾਮ ( ਜੋ ਬਾਅਦ ਵਿਚ 30 ਮਾਰਚ 1699 ਈ. ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕ ਕੇ ਭਾਈ ਮਨੀ ਸਿੰਘ ਬਣ ਗਏ) ਭਾਈ ਮਨੀ ਸਿੰਘ ਦਾ ਜਨਮ 10 ਮਾਰਚ 1644 ਈ. ਦਿਨ ਐਤਵਾਰ ਚੇਤਰ ਸੁਦੀ ਬਾਰ੍ਹਵੀਂ ਸੰਮਤ 1701 ਬਿ. ਨੂੰ ਪਿਤਾ ਮਾਈ ਦਾਸ ਤੇ ਮਾਤਾ ਮੱਧਰੀ ਬਾਈ ਜੀ ਦੇ ਗ੍ਰਹਿ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫਰਗੜ੍ਹ ਮੁਲਤਾਨ ਪਾਕਿਸਤਾਨ ਵਿਚ ਹੋਇਆ। ਪਰਿਵਾਰ ਗੁਰਸਿੱਖ ਹੋਣ ਕਰਕੇ ਗੁਰੂ ਦਰਸ਼ਨਾਂ ਨੂੰ ਜਾਂਦੇ ਰਹਿੰਦੇ ਸਨ। ਜਦ ਆਪ ਤੇਰ੍ਹਾਂ ਸਾਲ ਦੇ ਹੋਏ ਤਾਂ ਪਿਤਾ ਨਾਲ ਸੱਤਵੇਂ ਗੁਰੂ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਉੱਥੇ ਵੇਖਦਿਆਂ ਹੀ ਗੁਰੂ ਹਰਿਰਾਏ ਸਾਹਿਬ ਜੀ ਨੇ ਫੁਰਮਾਇਆ ਕਿ 'ਮਨੀਆ ਇਹ ਗੁਨੀਆ ਹੋਵੇਗਾ ਬੀਚ ਜਗ ਸਾਰੇ।' ਆਪ ਉੱਥੇ ਹੀ ਲੰਗਰ ਵਿਚ ਸੇਵਾ ਕਰਦੇ ਰਹੇ। ਜਦ ਆਪ ਦੀ ਉਮਰ ਪੰਦਰਾਂ ਸਾਲ ਦੀ ਹੋਈ ਤਾਂ ਆਪ ਦੇ ਪਿਤਾ ਨੇ ਗੁਰੂ ਹਰਿਰਾਏ ਸਾਹਿਬ ਜੀ ਕੋਲੋਂ ਆਗਿਆ ਲੈ ਕੇ ਆਪ ਦਾ ਵਿਆਹ ਪਿੰਡ ਖੈਰਪੁਰ ਦੇ ਲੱਖੀ ਵਣਜਾਰਾ ਦੀ ਲੜਕੀ ਸੀਤੋ ਬਾਈ ਨਾਲ ਕਰ ਦਿੱਤਾ। ਜਿਨ੍ਹਾਂ ਦੀ ਕੁੱਖੋਂ ਸੱਤ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਂ- ਚਿਤਰ ਸਿੰਘ, ਬਚਿੱਤਰ ਸਿੰਘ (ਜਿਨ੍ਹਾਂ ਨੇ ਹਾਥੀ ਨਾਲ ਯੁੱਧ ਕੀਤਾ ਸੀ) ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ ਅਤੇ ਗੁਰਬਖਸ਼ ਸਿੰਘ ਸਨ। ਭਾਈ ਸਾਹਿਬ ਜੀ ਦੀ ਦੂਜੀ ਪਤਨੀ ਖੇਮੀ ਬਾਈ ਦੀ ਕੁੱਖੋਂ ਤਿੰਨ ਪੁੱਤਰ ਜਨਮੇ ਜਿਨ੍ਹਾਂ ਦੇ ਨਾਂ- ਭਗਵਾਨ ਸਿੰਘ, ਬਲਰਾਮ ਸਿੰਘ ਅਤੇ ਦੇਸਾ ਸਿੰਘ ਸਨ। ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ 6.10.1661 ਈ. ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨਾਲ ਦਿੱਲੀ ਵਿਚ ਰਹੇ। ਫਿਰ 30 ਮਾਰਚ 1664 ਈ. ਬੁੱਧਵਾਰ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਿੱਲੀ ਵਿੱਚ ਜੋਤੀ-ਜੋਤ ਸਮਾਉਣ ਤੋਂ ਬਾਅਦ ਅਗਲੇ ਗੁਰੂ ਦਾ ਬਾਬਾ ਬਕਾਲੇ ਵੱਲ ਇਸ਼ਾਰਾ ਕਰਨ 'ਤੇ ਆਪ ਬਾਬੇ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਚਲੇ ਗਏ। ਜਦ ਨੌਵੇਂ ਪਾਤਸ਼ਾਹ ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਗਏ ਤੇ 11.11.1675 ਵੀਰਵਾਰ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਆਪਣਾ ਬਲੀਦਾਨ ਦਿੱਤਾ ਤਾਂ ਆਪ ਬਾਲ ਗੋਬਿੰਦ ਰਾਏ ਜੀ ਕੋਲ ਅਨੰਦਪੁਰ ਸਾਹਿਬ ਵਿੱਚ ਹੀ ਰਹੇ। ਜਦ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਗਏ ਤਾਂ ਆਪ ਵੀ ਨਾਲ ਸਨ। ਆਪ ਦੀ ਸਾਹਿਤ ਪ੍ਰਤੀ ਰੁਚੀ ਬਾਕਮਾਲ ਸੀ।

ਆਪ ਗੁਰੂ ਦਰਬਾਰ ਦੇ ਬਵੰਜਾ ਕਵੀਆਂ ਵਿਚ ਅਹਿਮ ਸਥਾਨ ਰੱਖਦੇ ਸਨ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ, ਕਥਾ ਵਾਚਕ, ਗਿਆਨ ਰਤਨਾਵਲੀ ਤੇ ਭਗਤ ਮਾਲਾ ਜਿਹੇ ਗ੍ਰੰਥਾਂ ਦੇ ਰਚਨਾਕਾਰ ਤੇ ਕਰਤਾ ਰਹੇ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਈ. ਦੀ ਵਿਸਾਖੀ ਨੂੰ ਖਾਲਸਾ ਸਾਜਿਆ ਤਾਂ ਆਪ ਆਪਣੇ ਪੁੱਤਰਾਂ ਸਮੇਤ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘ ਸਜ ਗਏ। ਭਾਈ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੇ ਸਾਰੇ ਹੀ ਯੁੱਧਾਂ ਵਿੱਚ ਹਿੱਸਾ ਲੈਂਦੇ ਰਹੇ ਤੇ ਆਪਣੀ ਤੇਗ ਦੇ ਜੌਹਰ ਦਿਖਾਉਂਦੇ ਰਹੇ। ਹਰਿਮੰਦਰ ਸਾਹਿਬ ਦੇ ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਜੀ ਦੂਜੇ ਹੈੱਡ ਗ੍ਰੰਥੀ ਭਾਈ ਗੁਰਦਾਸ ਜੀ ਸਨ। ਆਪ ਨੇ ਸ੍ਰੀ ਹਰਿਮੰਦਰ ਸਾਹਬ ਦੇ ਤੀਜੇ ਹੈੱਡ ਗ੍ਰੰਥੀ ਵਜੋਂ ਸੇਵਾ ਸੰਭਾਲੀ। ਆਪ 33 ਸਾਲ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਹੇ। ਗੁਰੂ ਗੋਬਿੰਦ ਸਿੰਘ ਜੀ ਦੇ ਅਕਤੂਬਰ 1708 ਈ. ਨੂੰ ਜੋਤੀ-ਜੋਤ ਸਮਾਉਣ ਤੋਂ ਬਾਅਦ ਪੰਥਕ ਏਕਤਾ ਬਣਾਈ ਰੱਖਣ 'ਤੇ ਜ਼ੋਰ ਦੇ ਕੇ ਆਪ ਅੰਮ੍ਰਿਤਸਰ ਵਿਚ ਹੀ ਡੇਰੇ ਲਾਈ ਬੈਠੇ ਰਹੇ। ਹਰ ਸਾਲ ਦੀ ਤਰ੍ਹਾਂ ਜਦ ਸੰਨ 1733 ਈ. ਨੂੰ ਦੀਵਾਲੀ ਪੁਰਬ ਮਨਾਉਣ ਲਈ ਭਾਈ ਸਾਹਿਬ ਨੇ ਜ਼ਕਰੀਆ ਖਾਨ ਨਾਲ ਗੱਲ ਕੀਤੀ ਤਾਂ 5000 ਰੁਪਏ ਜ਼ਜੀਆ ਦੇ ਰੂਪ ਵਿੱਚ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਜੋ ਦੀਵਾਲੀ ਤੋਂ ਬਾਅਦ ਦਾ ਕਹਿ ਕੇ ਭਾਈ ਸਾਹਿਬ ਵਾਪਸ ਆ ਗਏ। ਉਧਰ ਵਿਰੋਧੀਆਂ ਦੇ ਉਕਸਾਉਣ 'ਤੇ ਜ਼ਕਰੀਆਂ ਖਾਨ ਨੇ ਦੀਵਾਲੀ ਪੁਰਬ 'ਤੇ ਅੰਮ੍ਰਿਤਸਰ 'ਤੇ ਹਮਲਾ ਕਰਨ ਦੀ ਇਜਾਜ਼ਤ ਦੇ ਦਿੱਤੀ। ਲਾਹੌਰ ਰਹਿੰਦੀ ਸੰਗਤ ਨੇ ਭਾਈ ਸਾਹਿਬ ਨੂੰ ਇਸ ਹਮਲੇ ਦੀ ਅਗਲੇਰੀ ਜਾਣਕਾਰੀ ਦੇ ਦਿੱਤੀ ਤਾਂ ਆਪ ਨੇ ਜੁਝਾਰੂ ਸਿੰਘਾਂ ਨੂੰ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ, ਜਿਸ ਨਾਲ ਸੰਗਤ ਘੱਟ ਆਈ ਤੇ ਚੜ੍ਹਾਵਾ ਵੀ ਘੱਟ ਹੋਇਆ ਤੇ ਜ਼ਜੀਆਂ ਨਾ ਦੇ ਹੋਇਆ। ਜ਼ਕਰੀਆਂ ਖਾਨ ਦੇ ਲਾਹੌਰ ਬੁਲਾਉਣ 'ਤੇ ਆਪ ਨੇ ਦੋ ਸਿੱਖਾਂ ਭਾਈ ਭੂਪਿਤ ਸਿੰਘ ਤੇ ਭਾਈ ਗੁਲਜਾਰਾ ਸਿੰਘ ਨੂੰ ਇਹ ਕਹਿ ਕੇ ਭੇਜਿਆ ਕਿ ਆਉਣ ਵਾਲੇ ਵਿਸਾਖੀ ਪੁਰਬ 'ਤੇ 10,000 ਰੁਪਏ ਇੱਕਠੇ ਜ਼ਜੀਆ ਦੇ ਦਿੱਤਾ ਜਾਵੇਗਾ, ਜਿਸ 'ਤੇ ਜ਼ਕਰੀਆ ਖਾਨ ਮੰਨ ਗਿਆ ਤੇ ਲਿਖਤੀ ਪ੍ਰਵਾਨਗੀ ਵੀ ਦੇ ਦਿੱਤੀ। ਪੰਜਾਂ ਮਹੀਨਿਆਂ ਬਾਅਦ ਵਿਸਾਖੀ ਪੁਰਬ ਆ ਗਿਆ। ਗੁਰੂ ਘਰ ਦੇ ਵਿਰੋਧੀਆਂ ਦੇ ਫਿਰ ਉਕਸਾਉਣ 'ਤੇ ਸੂਬੇ ਨੇ ਲਖਪਤਿ ਰਾਏ ਨੂੰ ਹਮਲੇ ਦੀ ਨੀਅਤ ਨਾਲ ਫੌਜ ਦੇ ਕੇ ਰਾਮ ਤੀਰਥ ਲਾਗੇ ਭੇਜ ਦਿੱਤਾ। ਭਾਈ ਸਾਹਿਬ ਨੂੰ ਖਬਰ ਮਿਲਣ 'ਤੇ ਫਿਰ ਦੀਵਾਲੀ ਵਾਲਾ ਫਾਰਮੂਲਾ ਅਪਣਾਇਆ ਗਿਆ। ਕੋਈ ਬਹੁਤ ਜ਼ਿਆਦਾ ਸੰਗਤ ਨਾ ਆਈ ਤੇ ਇਸ ਵਾਰ ਵੀ ਜੁਝਾਰੂ ਖਾਲਸਾ ਦੂਰ ਹੀ ਰਿਹਾ। ਵਿਰੋਧੀਆਂ ਦੇ ਜ਼ੋਰ ਪਾਉਣ 'ਤੇ ਸੂਬੇ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ।

ਖੂਬ ਲੁੱਟ ਮਾਰ ਤੇ ਖੂਨ-ਖਰਾਬਾ ਕੀਤਾ ਤੇ ਜ਼ਜੀਆ ਨਾ ਦੇਣ ਦਾ ਬਹਾਨਾ ਲਗਾ ਕੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰਕੇ ਲਾਹੌਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਤੇ ਕਿਹਾ ਕਿ 'ਬਾਕੀ ਬਚੇ ਸਿੱਖਾਂ ਨੂੰ ਪਕੜਵਾਉਣ 'ਤੇ ਜਾਨ ਬਖਸ਼ੀ ਕਰ ਦਿੱਤੀ ਜਾਵੇਗੀ।' ਭਾਈ ਸਾਹਿਬ ਨੇ ਕਿਹਾ ਕਿ 'ਦਗ਼ਾ ਦੇਣਾ ਸਿੱਖ ਦਾ ਕੰਮ ਨਹੀਂ ਭਾਵੇਂ ਅੰਗ-ਅੰਗ ਕੱਟ ਜਾਏ।' ਅੰਤ 93 ਸਾਲ ਦੀ ਉਮਰ ਵਿਚ 24 ਜੂਨ 1734 ਈ. ਨੂੰ ਲਾਹੌਰ ਦੇ ਨਖਾਸ ਚੌਕ ਵਿਚ ਭਾਈ ਸਾਹਿਬ ਨੂੰ ਬਹੁਤ ਤਸੀਹੇ ਦਿੱਤੇ ਗਏ ਤੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਆਪ ਅਡੋਲ ਚਿੱਤ ਵਾਹਿਗੁਰੂ ਦਾ ਭਾਣਾ ਮੰਨਣ ਵਿਚ ਕਾਮਯਾਬ ਰਹੇ। ਉਸ ਜਗ੍ਹਾ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸੁਸ਼ੋਭਿਤ ਹੈ। ਮਸਤੀ ਦਰਵਾਜ਼ੇ ਦੇ ਨਜ਼ਦੀਕ ਭਾਈ ਸਾਹਿਬ ਦਾ ਸੰਸਕਾਰ ਕੀਤਾ ਗਿਆ। ਇਸ ਸ਼ਹਾਦਤ ਵਿਚ ਭਾਈ ਸਾਹਿਬ ਨਾਲ ਭਾਈ ਗੁਲਜ਼ਾਰ ਸਿੰਘ, ਭਾਈ ਭੂਪਿਤ ਸਿੰਘ, ਭਾਈ ਮੁਹਕਮ ਸਿੰਘ, ਭਾਈ ਚੈਨ ਸਿੰਘ, ਭਾਈ ਕੀਰਤ ਸਿੰਘ, ਭਾਈ ਆਲਮ ਸਿੰਘ, ਭਾਈ ਅਉਲੀਆ ਸਿੰਘ, ਭਾਈ ਸੰਗਤ ਸਿੰਘ ਤੇ ਭਾਈ ਕਾਨ੍ਹ ਸਿੰਘ ਆਦਿ ਸਿੱਖਾਂ ਨੂੰ ਬਹੁਤ ਤਸੀਹੇ ਤੇ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ। ਆਪ ਸਭ ਨਿਡਰ ਤੇ ਨਿਰਭੈ ਯੋਧੇ ਸਨ ਜੋ ਰੱਤੀ ਭਰ ਵੀ ਨਾ ਡੋਲੇ ਤੇ ਸਿੱਖੀ ਸਿਦਕ ਵਿਚ ਕਾਇਮ ਰਹੇ।

---

<u>ਮਿੰਨੀ ਕਹਾਣੀ</u>

## ਤਾਏ ਦਾ ਨਵਾਂ ਚਾਦਰਾ

**-ਜਨਮੇਜਾ ਸਿੰਘ ਜੌਹਲ**

ਤਾਏ ਨੇ ਜਿਉਂ ਹੀ ਸੈਂਕਲ ਤੇ ਜਾਂਦੇ ਨੇ ਭੀੜੀ ਗਲੀ ਆਲਾ ਮੋੜ ਕੱਟਿਆ, ਠਾਹ ਦੇਣੇ ਮੂਹਰੇ ਲੰਬੜਾਂ ਦੀ ਨੂੰਹ ਆ ਗਈ। ਉਹ ਵਿਚਾਰੀ ਲੋਟ ਪੋਟ ਹੋਣੋਂ ਤਾਂ ਬਚ ਗਈ ਪਰ ਤਾਏ ਦੇ ਸੈਂਕਲ ਦਾ ਹੈਂਡਲ ਪੂਰਾ ਘੁੰਮ ਗਿਆ ਤੇ ਤਾਇਆ ਗਲੀ 'ਚ ਆਰ ਪਾਰ ਵਿਛ ਗਿਆ। ਤਾਏ ਨੇ ਦੋਨੋਂ ਹੱਥ ਪੱਗ ਨੂੰ ਪਾਏ ਹੋਏ ਸਨ ਤੇ ਉੱਠਣ ਦੀ ਕੋਸ਼ਿਸ਼ ਕਰਦੇ ਨੇ ਕਿਹਾ, " ਬੀਬਾ ਸੱਟ ਤਾਂ ਨੀ ਲੱਗੀ ?"



"ਨਾ ਤਾਇਆ ਤੂੰ ਦੱਸ ?, ਕਹੇਂ ਤਾਂ ਚੁੱਕਣ ਨੂੰ ਸੱਦ ਕੇ ਲਿਆਵਾਂ ਕਿਸੇ ਨੂੰ ?"

"ਰਹਿਣ ਦੇ ਭਾਈ, ਹਾਲੇ ਕਾਹਨੂੰ ਚੁੱਕਣ ਨੂੰ ਸੱਦਣੇ, ਉੱਠ ਖੜ੍ਹੂੰ ਆਪੇ, ਚਾਰ ਸਾਹ ਆ ਲੈਣ ਦੇ।"

ਤਾਏ ਨੇ ਬੈਠ ਕੇ ਕੱਪੜੇ ਝਾੜੇ, ਪੱਗ ਸਿੱਧੀ ਕੀਤੀ, ਮੁੱਛਾਂ ਨੂੰ ਤਾਅ ਦਿੱਤਾ, ਉੱਠ ਕੇ ਸੈਂਕਲ ਦੇ ਮੂਹਰਲੇ ਚੱਕੇ ਨੂੰ ਦੋਵਾਂ ਲੱਤਾਂ ਚ ਲੈ ਕੇ ਹੈਂਡਲ ਨੂੰ ਘੁਮਾਅ ਕੇ ਸਿੱਧਾ ਕੀਤਾ ਪਰ ਹੈਂਡਲ ਢਿੱਲਾ ਹੋ ਗਿਆ। ਜਦ ਨੂੰ ਬੀਬੀ ਗਲੀ ਪਾਰ ਕਰ ਗਈ ਸੀ। ਹੁਣ ਤਾਏ ਨੇ ਸੈਂਕਲ ਨੂੰ ਇਕ ਹੱਥ ਨਾਲ ਫੜ ਕੇ ਰੋੜ੍ਹ ਲਿਆ ਤੇ ਪੈਦਲ ਹੀ ਤੁਰ ਪਿਆ।

"ਓ ਤਾਇਆ, ਆਹ ਸੈਂਕਲ ਕਿ ਘੋੜੀ, ਬੀ ਥੱਕ ਜੂ ? ਪੈਦਲ ਹੀ ਘੜੀਸੀ ਜਾਨਾ ?"

"ਨਾ ਮਲ੍ਹਾ, ਗੱਲ ਐ ਆ ਬਈ, ਮੇਰਾ ਆ ਚਾਦਰਾ ਨਮਾ, ਮੈਂ ਸੋਚਿਆ, ਹੋਰ ਨਾ ਚੈਨ 'ਚ ਅੜਕ ਕੇ ਲੀਰ ਨਿਕਲਜੇ, ਤੈਨੂੰ ਪਤਾ ਬੀ ਤਾਈ ਤੇਰੀ ਨੇ ਮੇਰਾ ਕੀ ਹਾਲ ਕਰਨਾ ਫੇ !"

ਮੁੰਡਾ ਜਿਹਨੇ ਦੂਰੋਂ ਤਾਇਆ ਲੁੜਕਦਾ ਦੇਖ ਲਿਆ ਸੀ, ਮੁਸਕੜੀ ਹੱਸਦਾ ਗਾਂਹ ਨੂੰ ਤੁਰ ਗਿਆ। ਤਾਇਆ ਅੱਧਾ ਘੰਟਾ, ਮਿਸਤਰੀ ਦੀ ਦੁਕਾਨ 'ਤੇ ਬੈਠਾ, ਕੱਪੜਿਆਂ ਤੋਂ ਲੱਭ ਲੱਭ ਕੇ ਮਿੱਟੀ ਝਾੜਦਾ ਰਿਹਾ।

---

## ਗੁਰੂ ਨਾਨਕ ਘਰ ਦਾ ਪਹਿਲਾ ਰਬਾਬੀ ਤੇ ਸਰੋਤਾ ਭਾਈ ਮਰਦਾਨਾ

**ਸ਼ਫ਼ੀ ਮੁਹੰਮਦ ਮੂੰਗੋ**

ਗੁਰਮਤਿ ਸੰਗੀਤ ਇਕ ਸਨਮੁੱਖ ਸੰਗੀਤ ਹੈ ਜਿਸ ਦੀ ਲੀਹ ਸਭ ਤੋਂ ਪਹਿਲਾਂ ਭਾਈ ਮਰਦਾਨਾ ਜੀ ਨੇ ਤੋਰੀ। ਉਹ ਅਜਿਹਾ ਭਾਗਾਂ ਵਾਲਾ ਇਨਸਾਨ ਸੀ ਜਿਸ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਇਲਾਹੀ ਬਾਣੀ ਨੂੰ ਸੁਣਿਆ ਤੇ ਗੁਰੂ ਨਾਨਕ ਪਾਸੋਂ ਹੀ ਬਾਣੀ ਨੂੰ ਸੰਗੀਤਬੱਧ ਕਰਨ ਦੇ ਗੁਰ ਸਿੱਖੇ। ਭਾਈ ਮਰਦਾਨੇ ਨੂੰ ਗੁਰੂ ਘਰ ਦਾ ਪਹਿਲਾ ਰਬਾਬੀ ਤੇ ਸਰੋਤਾ ਹੋਣ ਦਾ ਮਾਣ ਵੀ ਪ੍ਰਾਪਤ ਹੈ। ਗੁਰੂ ਨਾਨਕ ਜੀ ਬਾਣੀ ਸਿਰਜਣ ਮੌਕੇ ਭਾਈ ਮਰਦਾਨੇ ਨੂੰ ਕਹਿੰਦੇ, "ਮਰਦਾਨਿਆ! ਰਬਾਬ ਵਜਾਇ ਬਾਣੀ ਆਈ ਏ," ਤਾਂ ਭਾਈ ਮਰਦਾਨਾ ਗੁਰੂ ਨਾਨਕ ਸਾਹਿਬ ਦੇ ਮੁਖਾਰਬਿੰਦ ਤੋਂ ਬਾਣੀ ਸੁਣ ਕੇ ਉਸ ਨੂੰ ਸੰਗੀਤਬੱਧ ਕਰਕੇ ਰਬਾਬ ਵਜਾਉਂਦੇ ਸਨ। ਬਾਬਾ ਗੁਰੂ ਨਾਨਕ ਨੇ ਆਪਣੇ ਮੁਰੀਦ ਭਾਈ ਮਰਦਾਨੇ ਨੂੰ ਰਾਗ ਵਿੱਦਿਆ ਵਿਚ ਪਰਪੱਕ ਕਰਕੇ ਗੁਰੂ ਕੀਰਤਨ ਦੀ ਨੀਂਹ ਰੱਖੀ ਜਿਹੜੀ ਬਾਣੀ ਕੀਰਤਨ ਦੀ ਪਰੰਪਰਾ ਜ਼ਰੀਏ ਅੱਜ ਤਕ ਵੀ ਕਾਇਮ ਹੈ।



ਭਾਈ ਮਰਦਾਨੇ ਦਾ ਬਾਬੇ ਗੁਰੂ ਨਾਨਕ ਦੇ ਘਰ ਮੁੱਢ ਤੋਂ ਹੀ ਆਉਣਾ ਜਾਣਾ ਸੀ। ਭਾਈ ਮਰਦਾਨੇ ਦਾ ਜਨਮ ਰਾਇ ਭੋਇੰ ਦੀ ਤਲਵੰਡੀ ਜ਼ਿਲ੍ਹਾ ਸੇਖੂਪੁਰ (ਹੁਣ ਪਾਕਿਸਤਾਨ) ਵਿਚ ਮਾਤਾ ਲੱਖੋ ਦੀ ਕੁੱਖੋਂ 1516 ਬਿਕਰਮੀ, ਸੰਨ 1459 ਈ. ਨੂੰ ਪਿਤਾ ਮੀਰ ਬਾਦਰਾ ਦੇ ਗ੍ਰਹਿ ਵਿਖੇ ਹੋਇਆ। ਭਾਈ ਮਰਦਾਨੇ ਦੀ ਬੰਸਾਵਲੀ ਅਨੁਸਾਰ ਭਾਈ ਮਰਦਾਨੇ ਦੇ ਦੋ ਪੁੱਤਰ ਰਜਾਦਾ ਅਤੇ ਸਜਾਦਾ ਤੇ ਇਕ ਪੁੱਤਰੀ ਸੀ ਜਿਸ ਦਾ ਵਿਆਹ ਗੁਰੂ ਨਾਨਕ ਨੇ ਆਪਣੇ ਹੱਥੀਂ ਬੜੇ ਚਾਅ ਨਾਲ ਕੀਤਾ ਸੀ। ਅੱਗੋਂ ਸਜਾਦਾ ਦੇ ਦੋ ਪੁੱਤਰ ਬਾਦੂ ਤੇ ਸਾਦੂ ਹੋਏ ਤੇ ਫਿਰ ਬਾਦੂ ਦੇ ਇਕ ਪੁੱਤਰ ਗੁਲਾਬਾ ਪੈਦਾ ਹੋਇਆ। ਅੱਗੋਂ ਗੁਲਾਬਾ ਦੇ ਪੰਜ ਪੁੱਤਰ ਭਾਈ ਗਾਮੂ, ਬਾਈ ਰਹਿਮਤ ਅਲੀ, ਭਾਈ ਆਸ਼ਕ ਅਲੀ (ਲਾਲ ਜੀ), ਮੁਹੰਮਦ ਹੁਸੈਨ ਤੇ ਕਰਮ ਹੁਸੈਨ ਹੋਏ ਸਨ। ਮਰਦਾਨਾ ਪਰਿਵਾਰ ਦੀਆਂ ਇਨ੍ਹਾਂ ਸਾਰੀਆਂ ਪੁਸ਼ਤਾਂ ਨੇ ਕੀਰਤਨ ਦੀ ਸੇਵਾ ਨਾਲ ਸੰਗਤਾਂ ਨੂੰ ਨਿਹਾਲ ਕਰਕੇ ਆਪਣੀ ਸੰਗੀਤ ਕਲਾਂ ਨੂੰ ਅਮਰ ਕਰ ਲਿਆ। ਭਾਈ ਮਰਦਾਨਾ ਨੇ ਲਗਪਗ 54 ਸਾਲ ਗੁਰੂ ਨਾਨਕ ਜੀ ਨਾਲ ਰਬਾਬ ਵਜਾਉਣ ਦੀ ਸੇਵਾ ਨਿਭਾਈ। ਉਸ ਦੀ ਰਬਾਬ ਅਦਾਇਗੀ ਕਾਬਲੇ ਤਾਰੀਫ ਸੀ। ਸੰਗੀਤ ਉਸ ਦੇ ਹੱਡੀਂ ਰਚਿਆ ਹੋਇਆ ਸੀ। ਉਸ ਦੀ ਵਾਦਨ ਕਲਾ ਸਿਰਮੌਰ ਸੀ। ਉਸ ਦੀ ਆਵਾਜ਼ ਸਾਧੀ ਹੋਈ ਸੀ। ਸੱਚਮੁੱਚ ਮਰਦਾਨਾ ਧੁਰੋਂ ਹੀ ਰਾਗ ਦਾ ਵਰੋਸਾਇਆ ਇਨਸਾਨ ਸੀ। ਉਹ ਗਾਇਕੀ ਦੇ ਅਤਿ ਸੂਖਮ ਭੇਦ ਟੂੰਬ, ਮੁਰਕੀ ਆਦਿ ਨੂੰ ਅਨੋਖੇ ਅੰਦਾਜ਼ ਵਿਚ ਪੇਸ਼ ਕਰਦਾ ਸੀ। ਇਲਾਹੀ ਬਖਸ਼ਿਸ਼ ਸਦਕਾ ਬਾਬਾ ਗੁਰੂ ਨਾਨਕ ਜੀ ਨੂੰ ਜਦੋਂ ਧੁਰੋਂ ਬਾਣੀ ਆਉਂਦੀ ਤਾਂ ਭਾਈ ਮਰਦਾਨਾ ਨਾਲੋ-ਨਾਲ ਉਸ ਨੂੰ ਸੁਰਬੱਧ ਕਰ ਲਿਆ ਕਰਦੇ ਸਨ। ਗੁਰੂ ਨਾਨਕ ਦੀ ਸੰਗਤ ਵਿਚ ਰਹਿ ਕੇ ਮਰਦਾਨੇ ਨੇ 19 ਰਾਗ ਅਲਾਪੇ। ਉਨ੍ਹਾਂ ਨੇ ਕਵਿਤਾ ਤੇ ਰਾਗ ਨੂੰ ਇਕਮਿਕ ਕਰਕੇ ਕੀਰਤਨ ਦਾ ਨਾਮ ਦਿੱਤਾ।

ਸਾਰੇ ਗੁਰ-ਇਤਿਹਾਸਕਾਰ ਤੇ ਸਾਖੀਕਾਰ ਇਸ ਵਿਚਾਰ ਨਾਲ ਇਕਮੱਤ ਹਨ ਕਿ ਭਾਈ ਮਰਦਾਨੇ ਦਾ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਪਹਿਲਾ ਮਿਲਾਪ 1480 ਈ. ਵਿਚ ਹੋਇਆ। 54 ਸਾਲ ਦੇ ਇਸ ਲੰਮੇ ਸਮੇਂ ਦੌਰਾਨ ਉਹ ਚਾਰੇ ਉਦਾਸੀਆਂ ਮੌਕੇ ਗੁਰੂ ਜੀ ਨਾਲ ਰਹੇ। ਪਹਿਲੀ ਪ੍ਰਚਾਰ ਫੇਰੀ (ਉਦਾਸੀ) ਸਮੇਂ ਗੁਰੂ ਸਾਹਿਬ ਦੀ ਉਮਰ 31 ਸਾਲ ਅਤੇ ਭਾਈ ਮਰਦਾਨੇ ਦੀ ਉਮਰ 41 ਸਾਲ ਦੀ ਸੀ। ਬਾਬੇ ਗੁਰੂ ਨਾਨਕ ਨੇ ਲੋਕ ਕਲਿਆਣ ਲਈ ਬੜੇ ਵਿਉਂਤਬੱਧ ਢੰਗ ਨਾਲ ਮਰਦਾਨੇ ਨੂੰ ਨਾਲ ਲੈ ਕੇ ਚਾਰ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਕੀਤੀਆਂ। ਪਹਿਲੀ ਉਦਾਸੀ ਹਿੰਦੂਆਂ ਦੇ ਧਰਮ ਅਸਥਾਨਾਂ ਵੱਲ, ਦੂਜੀ ਉਦਾਸੀ ਬੁੱਧ-ਧਰਮ ਦੇ ਅਸਥਾਨਾਂ ਵੱਲ,

ਬਾਕੀ ਸਫ਼ਾ 32 'ਤੇ

# ਪਹਿਲਾ ਸਿੱਖ ਹੁਕਮਰਾਨ ਬਾਬਾ ਬੰਦਾ ਸਿੰਘ ਬਹਾਦਰ

ਕ੍ਰਿਪਾਲ ਸਿੰਘ ਹਿਸਟੋਰੀਅਨ



**ਭਾਗ ਦੂਜਾ**

**(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)**

ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਸ੍ਰੀ ਗੁਰੂ ਨਾਨਕ ਦੇਵ ਜੀ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਵੀ ਜਾਰੀ ਕਰ ਦਿੱਤਾ, ਜਿਸ 'ਤੇ ਫ਼ਾਰਸੀ ਦੇ ਹੇਠ ਲਿਖੇ ਸ਼ਬਦ ਉੱਕਰੇ ਹੋਏ ਸਨ: 'ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਿਬ ਅਸਤ' ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ' ਜਿਸ ਦਾ ਅਰਥ ਹੈ: ਸਿੱਕਾ ਮਾਰਿਆ ਦੋ ਜਹਾਨ ਉੱਤੇ, ਬਖ਼ਸ਼ਾਂ ਬਖ਼ਸ਼ੀਆਂ ਨਾਨਕ ਦੀ ਤੇਗ ਨੇ ਜੀ। ਫਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ, ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ। ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਇਹ ਸ਼ਬਦ ਸਨ: ਜ਼ਰਬ ਬ-ਅਮਾਨੁ-ਦਹਿਰ, ਮੁਸੱਵਰਤ ਸ਼ਹਿਰ, ਜੀਨਤੁ-ਤਖ਼ਤੁ, ਮੁਬਾਰਕ ਬਖ਼ਤ। ਅਰਥਾਤ ਜਾਰੀ ਹੋਇਆ ਸੰਸਾਰ ਦੇ ਸ਼ਾਂਤੀ-ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਕਾਰੀ ਦਸਤਾਵੇਜ਼, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ, ਜਿੱਥੇ-ਕਿੱਥੇ ਮੋਹਰ ਲੱਗੀ, ਮੋਹਰ ਦੇ ਸ਼ਬਦ ਇਹ ਸਨ:-

ਦੇਗੋ ਤੇਗੋ ਫ਼ਤਹਿ ਓ ਨੁਸਰਤਿ ਬੇ-ਦਿਰੰਗ ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ

ਅਰਥਾਤ- ਦੇਗ ਤੇਗ ਜਿੱਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

ਮੁਗ਼ਲ ਬਾਦਸ਼ਾਹਾਂ ਦੇ ਸੰਨਿ-ਜਲੂਸ ਦੀ ਅਰਥਾਤ ਰਾਜ-ਸੰਮਤ ਦੀ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਸਰਹਿੰਦ ਦੀ ਫ਼ਤਹਿ ਤੋਂ ਇਕ ਨਵਾਂ ਸੰਮਤ ਨਾਨਕਸ਼ਾਹੀ ਆਰੰਭ ਕੀਤਾ ਜੋ ਉਸ ਦੇ ਰਾਜ ਦੇ ਅੰਤ ਦੇ ਨਾਲ ਹੀ ਸਮਾਪਤ ਹੋ ਗਿਆ। ਉਸ ਨੇ ਇਹ ਸਭ ਕੁਝ ਮੁਗ਼ਲ ਬਾਦਸ਼ਾਹ ਦੀ ਨਕਲ ਦੇ ਤੌਰ 'ਤੇ ਇਸ ਲਈ ਕੀਤਾ ਕਿ ਸਿੰਘਾਂ ਵਿਚ ਮੁਗ਼ਲਾਂ ਦੀ ਬਰਾਬਰੀ ਦੀ ਸਪਿਰਟ ਪੈਦਾ ਹੋ ਜਾਵੇ ਕਿ ਉਹ ਕਿਸੇ ਨਾਲੋਂ ਘੱਟ ਨਹੀਂ ਹਨ। ਫ਼ਰਕ ਇੰਨਾ ਹੈ ਕਿ ਮੁਗ਼ਲ ਬਾਦਸ਼ਾਹ ਦੇ ਸਿੱਕੇ, ਰਾਜਧਾਨੀ, ਮੋਹਰਾਂ ਬਾਦਸ਼ਾਹ ਦੇ ਨਾਂ 'ਤੇ ਚੱਲਦੇ ਸਨ ਪਰ ਖ਼ਾਲਸੇ ਦਾ ਰਾਜ ਨੇਤਾ ਬਾਬਾ ਬੰਦਾ ਸਿੰਘ ਆਪਣੇ ਨਿੱਜੀ ਨਾਂ 'ਤੇ ਕੁਝ ਨਹੀਂ ਕਰਦਾ ਸੀ। ਉਹ ਰਾਜ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਮੰਨਦਾ ਹੈ ਤੇ ਆਪ ਦੇਗ ਤੇ ਤੇਗ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖਸ਼ਿਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਫਤਹਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ। ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੁਲਾਈ 1710 ਵਿਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਮਾਝੇ ਤੇ ਦੁਆਬੇ ਦੇ ਸਿੱਖ ਉੱਠ ਖੜ੍ਹੇ ਹੋਏ। ਅਕਤੂਬਰ 1710 ਤਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਵੀ ਸਿੱਖ ਫੌਜਾਂ ਦੇ ਕਬਜ਼ੇ ਵਿਚ ਆ ਗਏ। ਸਿੱਖਾਂ ਦੀ ਚੜ੍ਹਤ ਨੇ ਹਿੰਦੋਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈਅ-ਭੀਤ ਕਰ ਦਿੱਤਾ। ਉਸ ਨੇ ਸਿੱਖਾਂ ਕੋਲੋਂ ਜਿੱਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵੱਲ ਕੂਚ ਕੀਤਾ। ਹਾਲਾਤ ਅਨੁਸਾਰ ਸਿੱਖਾਂ ਨੂੰ ਪਿੱਛੇ ਹਟਣਾ ਪਿਆ। ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੱਖ ਲੋਹਗੜ੍ਹ ਦੇ ਕਿਲ੍ਹੇ ਆ ਟਿਕੇ। ਸ਼ਾਹੀ ਸੈਨਾ ਨੇ ਕਿਲ੍ਹੇ ਨੂੰ ਘੇਰ ਲਿਆ ਤੇ ਬਾਬਾ ਬੰਦਾ ਸਿੰਘ ਬਹਾਦਰ ਪਿੱਛੇ ਹਟ ਕੇ ਪਹਾੜਾਂ ਵੱਲ ਚਲੇ ਗਏ। ਇਸੇ ਦੌਰਾਨ ਪੰਥ-ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਜਾ ਸੋਧਿਆ।

18 ਫਰਵਰੀ 1712 ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਦਿੱਲੀ ਦਾ ਬਾਦਸ਼ਾਹ ਫ਼ਰੁਖ਼ਸੀਅਰ ਇਕ ਕਮਜ਼ੋਰ ਬਾਦਸ਼ਾਹ ਸੀ। ਬਾਬਾ ਬੰਦਾ ਸਿੰਘ ਨੇ ਇਸ ਮੌਕੇ ਦਾ ਲਾਭ ਉਠਾਇਆ ਤੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਸੰਨ 1712 ਈ: ਨੂੰ ਸਰਹਿੰਦ ਤੇ ਲੋਹਗੜ੍ਹ ਫਿਰ ਜਿੱਤ ਲਏ। ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ। ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਤੇ ਕਈ ਹੋਰ ਸਿੰਘ ਮੁਗ਼ਲ ਫੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਲੰਬਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ। ਘੇਰਾ ਲੰਬਾ ਹੋਣ ਕਾਰਨ ਰਾਸ਼ਨ ਦੀ ਕਮੀ ਹੋਣ ਲੱਗੀ। ਸਿਪਾਹੀ ਭੁੱਖ ਤੇ ਪਿਆਸ ਨਾਲ ਮਰਨ ਲੱਗੇ।

ਉਂਞ ਤਾਂ ਸਿੱਖਾਂ ਦਾ ਸਾਰਾ ਇਤਿਹਾਸ ਹੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਹੀ ਨਹੀਂ, ਸਗੋਂ ਸੰਸਾਰ ਦੇ ਸਮੁੱਚੇ ਇਤਿਹਾਸ ਵਿਚ ਹੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਸ਼ਹੀਦੀ ਹੈ। ਬੰਦਾ ਸਿੰਘ ਬਹਾਦਰ ਨੂੰ ਲੱਗਭਗ 737 ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਪਿੰਜਰੇ ਵਿਚ ਬੰਦ ਕਰ ਕੇ ਦਿੱਲੀ ਲਿਜਾਇਆ ਗਿਆ। 5 ਮਾਰਚ, 1716 ਨੂੰ ਸਿੱਖ ਕੈਦੀਆਂ ਦਾ ਕਤਲੇਆਮ ਸ਼ੁਰੂ ਹੋਇਆ, ਤਕਰੀਬਨ 100 ਸਿੱਖਾਂ ਨੂੰ ਰੋਜ਼ ਕਤਲ ਕੀਤਾ ਜਾਂਦਾ, ਸਿੱਖ ਅਜਿੱਤ ਭਾਵਨਾ ਨਾਲ ਮੌਤ ਨੂੰ ਜੀ ਆਇਆਂ ਕਹਿੰਦੇ, ਖਿੜੇ ਚਿਹਰੇ ਨਾਲ ਸ਼ਹੀਦ ਹੁੰਦੇ ਰਹੇ।

ਤਕਰੀਬਨ ਤਿੰਨ ਮਹੀਨੇ ਤਕ ਅੰਤਾਂ ਦਾ ਜਬਰ, ਜ਼ੁਲਮ, ਤਸ਼ੱਦਦ ਅਤੇ ਤਸੀਹੇ ਦੇਣ ਤੋਂ ਬਾਅਦ 9 ਜੂਨ, 1716 ਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਨੇੜੇ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਇਸ ਤਰ੍ਹਾਂ ਹੋਈ : ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜਾਮ ਪਿਲਾਉਣ ਤੋਂ ਪਹਿਲਾਂ ਉਨ੍ਹਾਂ ਦੇ ਪੌਣੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰ ਕੇ ਉਸ ਦਾ ਧੜਕਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ। ਉਸ ਦੇ ਪੁੱਤਰ ਦੀਆਂ ਆਂਦਰਾਂ ਕੱਢ ਕੇ ਉਨ੍ਹਾਂ ਦਾ ਹਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਗਲ ਵਿਚ ਪਾਇਆ ਗਿਆ। ਫਿਰ ਜਲਾਦ ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਹੱਥ ਪੈਰ ਕੱਟੇ ਗਏ, ਲਾਲ ਭਖਦੇ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ ਅਤੇ ਅੰਤ ਵਿਚ ਸਿਰ ਤੇ ਧੜ ਨੂੰ ਅਲੱਗ ਕਰ ਕੇ ਟੁਕੜੇ-ਟੁਕੜੇ ਕਰ ਦਿੱਤੇ ਗਏ। ਸਿੱਖਾਂ ਦਾ ਪਹਿਲਾ ਹੁਕਮਰਾਨ ਇਸ ਤਰ੍ਹਾਂ ਸ਼ਹੀਦ ਹੋ ਗਿਆ। ਇਹ ਸ਼ਹੀਦੀ ਆਪਣੇ-ਆਪ ਵਿਚ ਅਦੁੱਤੀ ਤੇ ਲਾਸਾਨੀ ਸੀ। ਇਹ ਗੌਰਵ, ਮਾਣ ਪਰ ਅਸਰਚਜਤਾ ਵਾਲੀ ਗੱਲ ਹੈ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਇਸ ਸਾਰੇ ਜ਼ੁਲਮ-ਸਿਤਮ ਦੌਰਾਨ ਪੂਰੀ ਤਰ੍ਹਾਂ ਅਹਿੱਲ ਅਤੇ ਅਡੋਲ ਰਹੇ। ਇਸ ਤਰ੍ਹਾਂ ਉਨ੍ਹਾਂ ਸਿੱਖ ਸ਼ਹੀਦੀ ਵਿਰਾਸਤ ਉੱਤੇ ਪੂਰਾ ਪਹਿਰਾ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦੀ ਪੰਜਾਬ ਖ਼ਾਸ ਕਰ ਸਿੱਖਾਂ ਨੂੰ ਬਹੁਤ ਵੱਡੀ ਦੇਣ ਹੈ। ਕੁਝ ਖੇਤਰਾਂ ਵਿਚ ਉਸ ਦੇ ਪਾਏ ਹੋਏ ਪੂਰਨੇ ਅੱਜ ਤਕ ਅਪਣਾਏ ਜਾ ਰਹੇ ਹਨ। ਬਾਬਾ ਜੀ ਦਾ ਪਹਿਲਾ ਕੰਮ ਸਿਰਲੱਥ ਖ਼ਾਲਸਾ ਨੂੰ ਦਰਪੇਸ਼ ਹਾਲਾਤ ਦੇ ਮੱਦੇ-ਨਜ਼ਰ ਹੋਰ ਚੰਗੀ ਤਰ੍ਹਾਂ ਸੰਗਠਿਤ ਕਰਨਾ ਸੀ। ਫੌਜੀ ਜਰਨੈਲ ਦੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਕੋਈ ਵੀ ਟਾਕਰਾ ਨਹੀਂ ਸੀ। ਮੈਗਰੇਗਰ ਲਿਖਦਾ ਹੈ, "ਬੰਦਾ ਸਿੰਘ ਬਹਾਦਰ ਜਰਨੈਲਾਂ ਵਿਚ ਉੱਚੀ ਥਾਂ ਰੱਖਦਾ ਹੈ, ਉਸ ਦਾ ਨਾਮ ਪੰਜਾਬ ਤੇ ਪੰਜਾਬੋਂ ਬਾਹਰ ਮੁਗ਼ਲਾਂ ਵਿਚ ਦਹਿਸ਼ਤ ਫੈਲਾਉਣ ਲਈ ਕਾਫ਼ੀ ਸੀ।" ਗੋਕਲ ਚੰਦ ਨਾਰੰਗ ਅਨੁਸਾਰ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਦੇ ਅਜਿੱਤ ਹੋਣ ਦਾ ਭਰਮ ਤੋੜਿਆ ਤੇ ਬਾਬਾ ਬੰਦਾ ਸਿੰਘ ਨੇ ਮੁਗ਼ਲਾਂ ਨੂੰ ਪੰਜਾਬ ਦੀ ਧਰਤੀ 'ਤੇ ਮਾਰ ਮੁਕਾਇਆ।" ਉਨ੍ਹਾਂ ਨੇ ਪੰਜਾਬ ਦੇ ਵਾਹੀਕਾਰ ਕਿਸਾਨਾਂ ਨੂੰ ਭੋਇੰ ਦੇ ਮਾਲਕ ਬਣਾ ਦਿੱਤਾ। ਉਨ੍ਹਾਂ ਤੋਂ ਪਿੱਛੋਂ ਵੀ ਇਹ ਪ੍ਰਬੰਧ ਅੰਗਰੇਜ਼ਾਂ ਦੇ ਰਾਜ ਤਕ ਇਵੇਂ ਹੀ ਚੱਲਦਾ ਰਿਹਾ। ਉਨ੍ਹਾਂ ਨੇ ਪੰਜਾਬ ਵਿਚ ਰਾਜਨੀਤਕ ਜਾਗ੍ਰਿਤੀ ਲਿਆਉਣ ਦੇ ਨਾਲ-ਨਾਲ ਆਰਥਿਕ ਖ਼ੁਸ਼ਹਾਲੀ ਦਾ ਮੁੱਢ ਵੀ ਬੰਨ੍ਹ ਦਿੱਤਾ ਸੀ। ਉਨ੍ਹਾਂ ਨੇ ਪੰਜਾਬ ਵਿਚ ਇਕ ਵੱਡੀ ਕ੍ਰਾਂਤੀ ਲਿਆਂਦੀ ਸੀ। ਦੂਜਿਆਂ ਦੀਆਂ ਜ਼ਮੀਨਾਂ 'ਤੇ ਕੰਮ ਕਰਨ ਵਾਲੇ ਬੇਜ਼ਮੀਨੇ ਮੁਜਾਰੇ ਤੇ ਕਿਸਾਨਾਂ ਨੂੰ ਜ਼ਿਮੀਂਦਾਰ ਤੇ ਸਿੱਖ ਸਰਦਾਰ ਬਣਾ ਦਿੱਤਾ ਸੀ। ਇਸ ਪੱਖੋਂ ਵੀ ਪੰਜਾਬ ਬਾਬਾ ਬੰਦਾ ਸਿੰਘ ਬਹਾਦਰ ਦੀ ਲੰਮੀ ਦ੍ਰਿਸ਼ਟੀ ਤੇ ਡੂੰਘੀ ਸੋਚ ਨਾਲ ਦਿੱਤੀ ਉਨ੍ਹਾਂ ਦੀ ਦੇਣ ਦਾ ਸਦਾ ਰਿਣੀ ਰਹੇਗਾ।

ਬਾਬਾ ਬੰਦਾ ਸਿੰਘ ਬਹਾਦਰ ਨੇ ਆਜ਼ਾਦ ਲੋਕ-ਰਾਜ ਦੀ ਸਥਾਪਨਾ ਕੀਤੀ। ਹਰ ਇਲਾਕੇ ਦਾ ਪ੍ਰਬੰਧਕ ਨਿਯੁਕਤ ਕੀਤਾ। ਉਹ ਪ੍ਰਬੰਧਕ ਬਹੁਤ ਦੱਬੇ-ਕੁਚਲੇ ਲੋਕਾਂ ਵਿੱਚੋਂ ਹੀ ਹੁੰਦਾ ਸੀ। ਇਹ ਪਹਿਲੀ ਵਾਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਨੇ ਆਜ਼ਾਦੀ ਦਾ ਅਨੰਦ ਮਾਣਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਪਾਏ ਪੂਰਨਿਆਂ ਨੇ ਆਉਣ ਵਾਲੇ ਸਮੇਂ ਵਿਚ ਸਿੱਖ ਕੌਮ ਲਈ ਚਾਨਣਮੁਨਾਰੇ ਦਾ ਕੰਮ ਕੀਤਾ ਤੇ ਹਮੇਸ਼ਾ ਲਈ ਸਿੱਖ ਕੌਮ ਅੰਦਰ ਆਜ਼ਾਦੀ ਦੀ ਚਿਣਗ ਲਾ ਦਿੱਤੀ ਜੋ ਕਿ ਪਿੱਛੋਂ ਜਾ ਕੇ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਦਾ ਕਾਰਨ ਬਣੀ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਤਕਰੀਬਨ 6 ਸਾਲ ਯਮਨਾ ਤੋਂ ਰਾਵੀ ਤਕ ਦੇ ਵਿਸ਼ਾਲ ਇਲਾਕੇ ਉੱਤੇ ਰਾਜ ਕੀਤਾ। ਸੰਨ 1716 ਵਿਚ ਉਹ ਭਾਵੇਂ ਸ਼ਹੀਦ ਹੋ ਗਏ ਪਰ ਉਹ ਪੰਜਾਬ ਵਿਚ ਸਿੱਖ ਰਾਜ ਦੀ ਬੁਨਿਆਦ ਡੂੰਘੀ ਕਾਇਮ ਕਰ ਗਏ ਸਨ। ਇਸ ਬੁਨਿਆਦ ਉੱਤੇ ਹੀ ਸੰਨ 1799 ਨੂੰ ਲਾਹੌਰ ਫਤਹਿ ਕਰਨ ਉਪਰੰਤ ਸੰਨ 1801 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਇਕ ਵਿਸ਼ਾਲ ਸਿੱਖ ਹਲੇਮੀ ਰਾਜ ਕਾਇਮ ਕੀਤਾ। ਸੰਨ 1717 ਤੋਂ ਬਾਅਦ ਕਈ ਦਹਾਕੇ ਸਿੰਘਾਂ ਨੂੰ ਖ਼ਤਮ ਕਰਨ ਲਈ ਮੁਗ਼ਲ ਸਰਕਾਰ ਵੱਲੋਂ ਬੇਹੱਦ ਜ਼ੁਲਮ ਕੀਤੇ ਗਏ ਪਰ ਉਨ੍ਹਾਂ ਨੇ ਸੰਘਰਸ਼ ਜਾਰੀ ਰੱਖਿਆ। ਸੰਨ 1748 ਵਿਚ ਸਿੰਘਾਂ ਦੇ 12 ਜਥੇ ਬਣਾਏ ਗਏ ਅਤੇ ਬਾਅਦ ਵਿਚ ਇਨ੍ਹਾਂ ਤੋਂ ਬਾਰ੍ਹਾਂ ਮਿਸਲਾਂ ਹੋਂਦ ਵਿਚ ਆਈਆਂ। ਇਨ੍ਹਾਂ ਵਿੱਚੋਂ ਇਕ ਸੀ ਸ਼ੁਕਰਚੱਕੀਆ ਮਿਸਲ। ਇਸ ਮਿਸਲ ਦੇ ਮੁਖੀ ਸਨ ਮਹਾਰਾਜਾ ਰਣਜੀਤ ਸਿੰਘ। ਮਹੱਤਵਪੂਰਨ ਗੱਲ ਇਹ ਹੈ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਤਹਿਤ ਆਏ ਇਸ ਵਿਸ਼ਾਲ ਰਾਜ ਵਿਚ ਉਨ੍ਹਾਂ ਦੇ ਸਮੇਂ ਵਿਚ ਨਾ ਤਾਂ ਕਿਸੇ ਵੀ ਧਰਮ ਦੇ ਧਾਰਮਿਕ ਅਸਥਾਨ ਮੰਦਰ ਜਾਂ ਮਸਜਿਦ ਨੂੰ ਨੁਕਸਾਨ ਪਹੁੰਚਾਇਆ ਗਿਆ ਅਤੇ ਨਾ ਹੀ ਇਸ ਸਮੇਂ ਕਿਸੇ ਹਿੰਦੂ ਦਾ ਤਿਲਕ ਜਾਂ ਜੰਞੂ ਵੀ ਨਹੀਂ ਛੇੜਿਆ ਗਿਆ। ਸਗੋਂ ਇਹ ਚਿੰਨ੍ਹ ਮੁਕੰਮਲ ਰੂਪ ਵਿਚ ਸੁਰੱਖਿਅਤ ਰੱਖੇ ਗਏ।

ਦੇਸ਼ ਆਜ਼ਾਦ ਹੋਏ ਨੂੰ ਭਾਵੇਂ ਛੇ ਦਹਾਕੇ ਬੀਤ ਚੁੱਕੇ ਹਨ ਪਰ ਅੱਜ ਵੀ ਲੋਕ ਜਬਰ, ਜ਼ੁਲਮ, ਧੱਕੇਸ਼ਾਹੀ, ਆਰਥਿਕ ਸ਼ੋਸ਼ਣ ਤੇ ਬੇਇਨਸਾਫ਼ੀ ਕਾਰਨ ਦੁਖੀ ਹਨ। ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਖ਼ਾਲਸੇ ਨੇ ਲੰਮਾ ਸੰਘਰਸ਼ ਕਰ ਕੇ ਤੇ ਸ਼ਹੀਦੀਆਂ ਦੇ ਕੇ ਮੁਗ਼ਲ ਰਾਜ ਦਾ ਖ਼ਾਤਮਾ ਕਰ ਦਿੱਤਾ ਸੀ ਪਰੰਤੂ ਮੁਗ਼ਲਾਂ ਦੀ ਰੂਹ ਅਜੇ ਵੀ ਸਾਡੇ ਰਾਸ਼ਟਰੀ ਹੁਕਮਰਾਨਾਂ ਅਤੇ ਪੂੰਜੀਪਤੀਆਂ ਵਿਚ ਮੌਜੂਦ ਹੈ, ਜਿਸ ਕਰਕੇ ਲੋਕਾਂ ਦਾ ਜੀਵਨ ਨਰਕ ਬਣ ਰਿਹਾ ਹੈ। ਅੱਜ ਦੇਸ਼ ਅੰਦਰ 50 ਕਰੋੜ ਤੋਂ ਵੱਧ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਹਨ। ਬੜੀ ਭਾਰੀ ਗਿਣਤੀ ਵਿਚ ਲੋਕਾਂ ਪਾਸ ਕੁੱਲੀ, ਗੁੱਲੀ ਅਤੇ ਜੁੱਲੀ ਨਹੀਂ ਹੈ। ਬਹੁਤੇ ਤਾਂ ਆਪਣੀਆਂ ਰਾਤਾਂ ਸੜਕਾਂ ਦੇ ਫੁਟਪਾਥਾਂ ਉੱਤੇ ਨੀਲੇ ਅਸਮਾਨ ਹੇਠ ਗੁਜ਼ਾਰਨ ਲਈ ਮਜਬੂਰ ਹਨ। ਸੂਬਿਆਂ ਦੀਆਂ ਸਰਕਾਰਾਂ ਅਧਿਕਾਰ ਰਹਿਤ ਹਨ। ਸੂਬਿਆਂ ਦੀਆਂ ਸਰਕਾਰਾਂ ਨੂੰ ਛੋਟੀਆਂ-ਛੋਟੀਆਂ ਗੱਲਾਂ ਲਈ ਵੀ ਕੇਂਦਰ ਅੱਗੇ ਨਮੋਸ਼ੀ ਨਾਲ ਹੱਥ ਅੱਡਣੇ ਪੈਂਦੇ ਹਨ। ਇਨ੍ਹਾਂ ਦੀ ਹਾਲਤ ਨਗਰ-ਪਾਲਿਕਾਵਾਂ ਤੋਂ ਬਿਹਤਰ ਨਹੀਂ ਹੈ। ਰਾਜਨੀਤਿਕ ਸ਼ਕਤੀ ਦਾ ਮੁਕੰਮਲ ਕੇਂਦਰੀਕਰਨ ਕਰ ਕੇ ਕੇਂਦਰੀ ਸਰਕਾਰ ਪੂਰੀ ਤਰ੍ਹਾਂ ਕਾਬਜ਼ ਹੈ। ਕੇਂਦਰ ਸਰਕਾਰ ਪਾਸ ਹੀ ਏਕਾਧਿਕਾਰ ਹੈ। ਮੁਲਕ ਦੀ ਸਾਰੀ ਯੋਜਨਾਕਾਰੀ ਹੀ ਇਸ ਤਰ੍ਹਾਂ ਕੀਤੀ ਜਾਂਦੀ ਹੈ ਜਿਸ ਨਾਲ ਅਮੀਰ ਹੋਰ ਅਮੀਰ ਹੋਵੇ ਅਤੇ ਗਰੀਬ ਹੋਰ ਗਰੀਬ ਤਥਾ ਰਾਜ ਘਰਾਣਿਆਂ ਦਾ ਗ਼ੁਲਾਮ ਹੀ ਬਣਿਆ ਰਹੇ। ਦੇਸ਼ ਦੀ ਸਿੱਖਿਆ ਨੀਤੀ ਵੀ ਅਜਿਹੀ ਹੀ ਹੈ ਕਿ ਗਰੀਬਾਂ ਦੇ ਬੱਚੇ ਅੱਧ ਪੜ੍ਹੇ ਜਾਂ ਅਨਪੜ੍ਹ ਹੀ ਹਨ। ਉਨ੍ਹਾਂ ਨੂੰ ਜੋ ਸਿੱਖਿਆ ਦਿੱਤੀ ਵੀ ਜਾ ਰਹੀ ਹੈ ਉਹ ਮਿਆਰੀ ਨਹੀਂ ਹੈ। ਆਜ਼ਾਦੀ ਤੋਂ ਬਾਅਦ ਲੰਮਾਂ ਸਮਾਂ ਦੇਸ਼ ਰੂਸ ਦੀ ਅਣਐਲਾਨੀ ਗ਼ੁਲਾਮੀ ਹੇਠ ਵਿਚਰਦਾ ਰਿਹਾ ਹੁਣ ਬੜੀ ਤੇਜ਼ੀ ਨਾਲ ਅਮਰੀਕਾ ਦੀ ਗ਼ੁਲਾਮੀ ਦੇ ਜੂਲੇ ਥੱਲੇ ਧੱਕਿਆ ਜਾ ਰਿਹੈ। ਦੇਸ਼ ਨੂੰ ਸਹੀ ਅਰਥਾਂ ਵਿਚ ਆਜ਼ਾਦ ਕਰਾਉਣ, ਆਰਥਿਕ ਖ਼ੁਸ਼ਹਾਲੀ ਅਤੇ ਸਮਾਜਿਕ ਬਰਾਬਰੀ ਲਿਆਉਣ ਲਈ ਮੁਲਕ ਨੂੰ ਦੇਰ ਸਵੇਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਹੀ ਅਪਨਾਉਣਾ ਪਵੇਗਾ। ਅਜੋਕੇ ਰਾਜ ਪ੍ਰਬੰਧ ਹੇਠ ਲੋਕ ਬੇਰੁਜ਼ਗਾਰੀ, ਨਸ਼ਿਆਂ ਦਾ ਸੇਵਨ, ਕਰਜ਼ਿਆਂ ਦਾ ਭਾਰ ਅਤੇ ਲੱਚਰਪੁਣੇ ਵਿਚ ਘਿਰ ਕੇ ਆਪਣਾ ਜੀਵਨ ਨਸ਼ਟ ਕਰ ਰਹੇ ਹਨ। ਅੱਜ ਫਿਰ ਲੋੜ ਹੈ ਬਾਬਾ ਬੰਦਾ ਸਿੰਘ ਜੀ ਬਹਾਦਰ ਵਰਗੇ ਸ਼ਕਤੀਸ਼ਾਲੀ ਤੇ ਨਿਸ਼ਕਾਮ ਆਗੂ ਦੀ ਜੋ ਮੁਲਕ ਵਿਚ ਖ਼ਾਲਸਾ ਮਿਸ਼ਨ ਅਨੁਸਾਰ ਸਮਾਜਿਕ ਬਰਾਬਰੀ, ਆਰਥਿਕ ਖ਼ੁਸ਼ਹਾਲੀ ਤੇ ਲੋਕ ਰਾਜੀ ਕਦਰਾਂ-ਕੀਮਤਾਂ ਨੂੰ ਬਹਾਲ ਕਰ ਸਕੇ।

(ਸਮਾਪਤ)



ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਦਾ ਧਰਮ, ਗਿਆਨ ਤੇ ਪੰਥ

**ਬਲਕਰਨ ਸਿੰਘ ਬਰੰਪਟਨ**

ਸਿੱਖ ਧਰਮ ਸਰਬੱਤ ਦੀ ਆਜ਼ਾਦੀ ਦੇ ਪੈਗਾਮ ਵਜੋਂ ਉਭਰ ਕੇ ਹੋਂਦ ਵਿਚ ਆਈ ਬ੍ਰਹਿਮੰਡੀ ਲਹਿਰ ਹੈ। ਇਸ ਦੇ ਪੈਗੰਬਰਾਂ ਸੰਤ-ਗੁਰੂਆਂ ਨੇ ਅਧਿਆਤਮਕ ਜੀਵਨ ਦੇ ਨਾਲ-ਨਾਲ ਹਰੇਕ ਖੇਤਰ ਵਿਚ ਮਨੁੱਖਤਾ ਦੀ ਅਗਵਾਈ ਕੀਤੀ ਹੈ ਜੋ ਕਿ ਅਜੋਕੇ ਯੁੱਗ ਵਿਚ ਵੀ ਪ੍ਰਸੰਗਿਕ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਮਹਾਨ ਦਾਰਸ਼ਨਿਕ, ਸਿਖਿਆ ਸ਼ਾਸਤਰੀ, ਰਾਜਨੀਤੀਵਾਨ ਅਤੇ ਮਨੁੱਖੀ ਅਧਿਕਾਰਾਂ ਦੇ ਰਾਖੇ ਸਨ, ਜਿਨ੍ਹਾਂ ਨੇ ਅਗਿਆਨ ਦੇ ਹਨੇਰੇ ਨੂੰ ਦੂਰ ਕਰਕੇ ਮਨੁੱਖੀ ਮਨ ਵਿਚ ਗਿਆਨ ਦੀ ਜੋਤ ਨੂੰ ਜਾਗ੍ਰਿਤ ਕੀਤਾ ਅਤੇ ਸਨਾਤਨੀ ਪਰੰਪਰਾ ਨੂੰ ਰੱਦ ਕਰਕੇ ਜਾਤੀ-ਪਾਤੀ ਰਹਿਤ ਸਮਾਜ ਦੀ ਸਿਰਜਣਾ ਲਈ ਪੈਗਾਮ ਦਿੱਤਾ, ਗਰੀਬਾਂ, ਕਿਰਤੀਆਂ ਵਿਚ ਅਣਖ, ਆਤਮ-ਨਿਰਭਰਤਾ, ਆਤਮ-ਵਿਸ਼ਵਾਸ ਪੈਦਾ ਕਰਕੇ ਇਕ ਰੱਬ ਨਾਲ ਜੋੜਿਆ ਤੇ ਸੱਚੀ ਰਾਜਨੀਤੀ ਤੇ ਸਮਾਜ ਸਿਰਜਣ ਵਲ ਤੋਰਿਆ। ਸਮਾਜ ਨੂੰ ਅਗਿਆਨਤਾ ਦੇ ਜਾਲ ਵਿਚੋਂ ਕੱਢਣ ਲਈ ਗੁਰੂ ਨਾਨਕ ਸਾਹਿਬ ਨੇ ਕਈ ਅਮਲੀ ਕਦਮ ਚੁੱਕੇ। ਉਹਨਾਂ ਦੀਆਂ ਯਾਤਰਾਵਾਂ ਚਲਦੀਆਂ-ਫਿਰਦੀਆਂ ਯੂਨੀਵਰਸਿਟੀਆਂ ਸਨ। ਉਹ ਜਿੱਥੇ ਵੀ ਗਏ, ਉੱਥੇ ਧਰਮਸ਼ਾਲਾਵਾਂ ਉਸਰ ਗਈਆਂ :

ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।

(ਵਾਰਾਂ ਭਾਈ ਗੁਰਦਾਸ ਜੀ-1/22)

ਜਗਤ ਗੁਰੂ ਬਾਬਾ ਨਾਨਕ ਸਾਹਿਬ ਜੀ ਨੇ ਆਪਣੀਆਂ ਚਾਰ ਲੰਮੀਆਂ ਉਦਾਸੀਆਂ ਦੌਰਾਨ ਭਾਰਤ ਦੇ ਕੋਨੇ-ਕੋਨੇ ਵਿਚ ਜਾਣ ਤੋਂ ਬਿਨਾਂ ਹੋਰ ਦੇਸ ਦੇਸਾਂਤਰਾਂ ਜਿਵੇਂ ਕਿ ਤਿੱਬਤ, ਸ੍ਰੀਲੰਕਾ, ਅਫਗਾਨਿਸਤਾਨ, ਸਾਊਦੀ ਅਰਬ ਵਿਚ ਮੱਕੇ ਮਦੀਨੇ ਤੋਂ ਬਿਨਾ ਇਰਾਕ ਵਿਚ, ਬਗਦਾਦ ਵਿਚ ਆਪਣੇ ਪਾਵਨ ਚਰਨ ਪਾਏ ਤੇ ਭੁੱਲਿਆਂ-ਭਟਕਿਆਂ ਨੂੰ ਸੱਚੇ-ਸੁੱਚੇ, ਸਿੱਧੇ-ਸਾਦੇ, ਨੇਕ ਤੇ ਪਰਉਪਕਾਰੀ ਜੀਵਨ ਦਾ ਗਿਆਨ ਦਿੱਤਾ, ਵਹਿਮਾਂ-ਭਰਮਾਂ ਨੂੰ ਛੱਡ ਕੇ ਇਕ ਰੱਬ ਨਾਲ ਜੁੜਨ ਦਾ ਸੁਨੇਹਾ ਦਿੱਤਾ।

ਗੁਰੂ ਨਾਨਕ ਸਾਹਿਬ ਨੇ ਮਨੁੱਖੀ ਹਿੱਤਾਂ ਲਈ ਪਹਿਰਾ ਦਿੰਦਿਆਂ ਬਾਬਰ ਨੂੰ ਲਲਕਾਰਿਆ, ਲੋਕਾਈ ਨੂੰ ਜ਼ੁਲਮ ਵਿਰੁੱਧ ਜੂਝਣ ਦਾ ਵੱਲ ਸਿਖਾਇਆ ਅਤੇ ਗੁਲਾਮੀ ਦੇ ਜੀਵਨ ਜਿਊਣ ਨੂੰ ਹਰਾਮ ਤੱਕ ਕਿਹਾ, ਹਰੇਕ ਤਰ੍ਹਾਂ ਦੇ ਅੰਧ-ਵਿਸ਼ਵਾਸਾਂ ਨੂੰ ਰੱਦ ਕੀਤਾ, ਕਾਜ਼ੀਆਂ, ਬ੍ਰਾਹਮਣਾਂ ਦੇ ਢੋਂਗ ਨੂੰ ਲਲਕਾਰਿਆ, ਲੋਕਾਈ ਨੂੰ ਸੱਚ ਪਛਾਣਨ ਅਤੇ ਆਪਣਾ ਮੂਲ ਪਛਾਣਨ ਦੀ ਸਿੱਖਿਆ ਦੇ ਕੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੀ ਸਹੀ ਜੀਵਨ ਜਾਚ ਸਿਖਾਈ। ਪਿਛਲੇ 200 ਸਾਲ ਤੋਂ ਸਮਾਜਵਾਦੀਆਂ ਨੇ ਰੱਬ ਦੀ ਹੋਂਦ ਨੂੰ ਹੀ ਮੰਨਣ ਤੋਂ ਇਨਕਾਰ ਕਰਕੇ ਨਵੀਂ ਕ੍ਰਾਂਤੀ ਦੀ ਗੱਲ ਕੀਤੀ ਹੈ। ਕਾਰਲ ਮਾਰਕਸ (5 ਮਈ 1818), ਲੇਡੀਮਿਰ ਲਿਚ ਲੈਨਿਨ (1870-1924) ਅਤੇ ਮਾਓ ਜੇ ਤੁੰਗ) ਇਸ ਫਲਸਫ਼ੇ ਦੇ ਮੋਢੀ ਮੰਨੇ ਜਾਂਦੇ ਹਨ ਅਤੇ ਇਹਨਾਂ ਕ੍ਰਾਂਤੀਕਾਰੀਆਂ ਨੇ ਪੂੰਜੀ ਵੰਡ ਦੇ ਨਾਂ ਹੇਠ ਸਮਾਜ ਵਿਚ ਨਵੇਂ ਵਖਰੇਵੇਂ ਪੈਦਾ ਕੀਤੇ ਹਨ। ਸਮਾਜਵਾਦੀ ਸਾਧਨਾਂ ਨੂੰ ਖੋਹਣ ਦੀ ਗੱਲ ਕਰਦੇ ਹਨ। ਪਰ ਇਸ ਦੇ ਉਲਟ ਗੁਰੂ ਨਾਨਕ ਸਾਹਿਬ ਜੀ, ਬਰਾਬਰੀ ਤੇ ਵੰਡ ਕੇ ਛੱਕਣ ਦੀ ਗੱਲ 550 ਸਾਲ ਪਹਿਲਾਂ ਸ਼ੁਰੂ ਕਰ ਚੁੱਕੇ ਹਨ। ਪਰਾਏ ਹੱਕ ਨੂੰ ਗੁਰੂ ਜੀ ਨੇ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥" (ਅੰਗ 141) ਆਖਿਆ ਹੈ। ਇਸ ਦਾ ਅਰਥ ਇਹੀ ਹੈ ਕਿ ਹੇ ਨਾਨਕ! ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਤੇ ਹਿੰਦੂ ਲਈ ਗਾਂ ਹੈ। ਗੁਰੂ ਪੈਗੰਬਰ ਤਾਂ ਹੀ ਮਿਹਰ ਕਰਦਾ ਹੈ ਜੇ ਮਨੁੱਖ ਪਰਾਇਆ ਹੱਕ ਨਹੀਂ ਵਰਤਦਾ। ਨਿਰੀਆਂ ਗੱਲਾਂ ਕਰਨ ਨਾਲ ਬਹਿਸ਼ਤ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸੱਚ ਨੂੰ ਅਮਲੀ ਜੀਵਨ ਵਿਚ ਵਰਤਿਆਂ ਹੀ ਮੁਕਤੀ ਤੇ ਅਨੰਦ ਮਿਲਦਾ ਹੈ। ਝੂਠ, ਕੂੜ ਤੇ ਕਾਲੀ ਦੌਲਤ ਹਰਾਮ ਦਾ ਮਾਲ ਹੈ, ਉਹ ਹੱਕ ਦਾ ਮਾਲ ਨਹੀਂ ਬਣ ਜਾਂਦਾ। ਹੇ ਨਾਨਕ! ਕੂੜੀਆਂ ਗੱਲਾਂ ਤੇ ਬੇਈਮਾਨ ਬਣਨ ਨਾਲ ਕੂੜ ਹੀ ਮਿਲਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਚਿੰਤਨ ਵਿਚ ਸਾਧਨਾਂ ਦੀ ਥਾਂ ਉਪਜ ਨੂੰ ਵੰਡ ਕੇ ਛੱਕਣ ਦੀ ਪ੍ਰੇਰਣਾ ਹੈ, ਜਿਸ ਵਿਚ ਕੇਵਲ ਬਰਾਬਰੀ, ਪ੍ਰੇਮ ਅਤੇ ਆਨੰਦ ਹੈ। ਗੁਰੂ ਜੀ ਨੇ ਨਵੀਂ ਜੀਵਨ-ਜਾਚ ਨਾਲ ਸਮਾਜ ਤੇ ਰਾਜਨੀਤੀ ਵਿਚ ਮੁਕੰਮਲ ਤਬਦੀਲੀ ਦਾ ਫਲਸਫਾ ਪੇਸ਼ ਕੀਤਾ, ਜਿਸ ਨੂੰ ਹਿੰਦੂ ਤੇ ਮੁਸਲਮਾਨਾਂ ਨੇ ਗੁਰੂ ਜੀ ਦੇ ਜੀਵਨ ਕਾਲ ਵਿਚ ਹੀ ਅਪਣਾ ਲਿਆ ਸੀ। ਲੋਕ ਬੋਲੀ ਵਿਚ ਨਾਨਕ ਸ਼ਾਹ ਫਕੀਰ




ਹਿੰਦੂ ਦਾ ਗੁਰੂ ਮੁਸਲਿਮ ਦਾ ਪੀਰ ਦਾ ਅਖਾਣ ਬਣ ਗਿਆ। ਬਾਕੀ ਗੁਰੂ ਸਾਹਿਬਾਨਾਂ ਨੇ ਵੀ ਇਸ ਸੋਚ 'ਤੇ ਆਪਣੀ ਮੋਹਰ ਲਾਈ। ਜਿਨ੍ਹਾਂ ਸਾਮਾਜਿਕ ਕੁਰੀਤੀਆਂ ਵਿਰੁੱਧ ਗੁਰੂ ਜੀ ਨੇ ਆਵਾਜ਼ ਉਠਾਈ ਸੀ, ਉਹ ਅੱਜ ਫਿਰ ਸਮਾਜ ਵਿਚ ਨਜ਼ਰ ਆਉਣੀਆਂ ਸ਼ੁਰੂ ਹੋ ਗਈਆਂ ਹਨ, ਜਿਨ੍ਹਾਂ ਨੂੰ ਦੂਰ ਕਰਨ ਲਈ ਗੁਰੂ ਨਾਨਕ ਸਾਹਿਬ ਦੇ ਫਲਸਫੇ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦੀ ਲੋੜ ਹੈ।

ਅਜੋਕੇ ਸਮੇਂ ਦੀ ਗੱਲ ਕਰੀਏ ਜਦੋਂ ਕਿ ਅਸੀਂ ਗੁਰੂ ਬਾਬੇ ਨਾਨਕ ਦਾ ਸਾਢੇ ਪੰਜ ਸੌ ਸਾਲਾਂ ਪ੍ਰਕਾਸ਼ ਉਤਸਵ ਮਨਾ ਰਹੇ ਹਾਂ ਤਾਂ ਗੁਰੂ ਨਾਨਕ ਸਾਹਿਬ ਦਾ ਪੈਰੋਕਾਰ ਕਹਾਉਣ ਵਾਲਾ ਸਿੱਖ ਸਮਾਜ ਗੁਰੂ ਉਪਦੇਸ਼ਾਂ ਦਾ ਗਾਇਣ ਤਾਂ ਕਰ ਰਿਹਾ ਹੈ ਪਰ ਉਸ ਨੂੰ ਆਪਣੀ ਅਮਲੀ ਜ਼ਿੰਦਗੀ ਦਾ ਆਧਾਰ ਨਹੀਂ ਬਣਾ ਰਿਹਾ। ਇਸੇ ਕਰਕੇ ਉਹ ਜਾਦੂ, ਟੂਣੇ, ਪਖੰਡਾਂ ਤੇ ਜੋਤਿਸ਼ ਵਿਚ ਪੈ ਕੇ ਡੇਰਾਵਾਦ ਅਤੇ ਗੁਰੂ ਡੰਮ ਨਾਲ ਜੁੜਿਆ ਹੋਇਆ ਹੈ ਅਤੇ ਸ਼ਬਦ ਗੁਰੂ ਦੀ ਭਾਵਨਾ ਤੋਂ ਬਹੁਤ ਪਰ੍ਹੇ ਜਾ ਚੁੱਕਿਆ ਹੈ। ਸਿੱਖਾਂ ਦੀ ਵਾਹਿਦ ਜਥੇਬੰਦੀ ਸ਼੍ਰੋਮਣੀ ਕਮੇਟੀ ਇਸ ਪੱਖ ਤੋਂ ਅਵੇਸਲੀ ਰਹੀ ਹੈ ਅਤੇ ਇਸ ਸਬੰਧ ਵਿਚ ਉਹ ਕੋਈ ਵੀ ਸਭਿਆਚਾਰਕ ਅਤੇ ਧਾਰਮਿਕ ਪੱਖੋਂ ਬੱਝਵਾਂ ਕਾਰਜ ਨਹੀਂ ਕਰ ਸਕੀ। ਕਾਰਨ ਇਹ ਹੈ ਕਿ ਉਸ ਦਾ ਸਰੂਪ ਧਾਰਮਿਕ ਸੀ, ਪਰ ਉਸ ਦੀਆਂ ਸਿਆਸੀ ਗੁੱਟਬੰਦੀਆਂ ਨੂੰ ਬੇਵਜ੍ਹਾ ਸਿਆਸੀ ਮਸਲਿਆਂ ਨੂੰ ਕੌਮ ਦਾ ਆਧਾਰ ਬਣਾ ਕੇ ਆਪਣੀ ਕਾਰਜ ਸ਼ਕਤੀ ਦੀ ਸਮੁੱਚਤਾ ਨੂੰ ਹੀਣਾ ਬਣਾ ਦਿੱਤਾ ਹੈ। ਇਹ ਠੀਕ ਹੈ ਕਿ ਸਿਖ ਧਰਮ ਵਿਚ ਧਰਮ ਅਤੇ ਰਾਜਨੀਤੀ ਦਾ ਰਿਸ਼ਤਾਮੀਰੀ-ਪੀਰੀ ਦੇ ਸੰਕਲਪ ਦੇ ਅੰਤਰਗਤ ਹੈ, ਪਰ ਸਾਡੀ ਅਜੋਕੀ ਦਸ਼ਾ ਇਹ ਹੈ ਕਿ ਅਸੀਂ ਇਸ ਸਿਧਾਂਤ ਨਾਲ ਖਿਲਵਾੜ ਕਰ ਰਹੇ ਹਾਂ ਅਤੇ ਸਾਡੇ ਕੋਲ ਨਾ ਧਰਮ ਰਿਹਾ ਹੈ ਅਤੇ ਨਾ ਹੀ ਰਾਜਨੀਤੀ। ਨਤੀਜੇ ਵਜੋਂ ਅਸੀਂ ਹਰ ਖੇਤਰ ਵਿਚ ਹਾਰ ਦਾ ਮੂੰਹ ਤੱਕ ਰਹੇ ਹਾਂ। ਇਹ ਸਮਝਣਾ ਅਤਿਅੰਤ ਜ਼ਰੂਰੀ ਹੈ ਕਿ ਸਿਖ ਧਰਮ ਦੇ ਮੀਰੀ-ਪੀਰੀ ਦੇ ਸਿਧਾਂਤਾਂ ਦੀ ਆਪਸ ਵਿਚ ਸਾਂਝ ਹੈ, ਪਰ ਇਕ ਦੂਜੇ ਦਾ ਬਦਲ ਨਹੀਂ ਹਨ। ਇਸ ਲਈ ਇਨ੍ਹਾਂ ਨੂੰ ਇਕ ਦੂਜੇ ਦੇ ਬਦਲ ਵਿਚ ਅਤੇ ਇਕ-ਦੂਜੇ ਦੀ ਬਲੀ ਨਹੀਂ ਚਾੜ੍ਹਨਾ ਚਾਹੀਦਾ। ਸਿਖ ਧਰਮ ਵਿਚ ਰਾਜਨੀਤੀ ਨੂੰ ਧਰਮ ਦੀ ਰੱਖਿਆ ਵਜੋਂ, ਧਰਮ ਨੂੰ ਰਾਜਨੀਤੀ ਦੇ ਕੁੰਡੇ ਵਜੋਂ ਸਿੱਖ ਧਰਮ ਵਿਚ ਪ੍ਰਵਾਨ ਕੀਤਾ ਗਿਆ ਹੈ। ਹਕੀਕਤ ਵਿਚ ਦੇਖੀਏ ਤਾਂ ਧਰਮ ਨੂੰ ਉਸ ਰਾਜਨੀਤੀ ਉਪਰ ਕੁਰਬਾਨ ਕੀਤਾ ਜਾ ਰਿਹਾ ਹੈ ਜੋ ਸਿਖ ਕੌਮ ਲਈ ਖਤਰਨਾਕ ਸਿੱਧ ਹੋ ਰਹੀ ਹੈ। ਇਸ ਲਈ ਸ਼੍ਰੋਮਣੀ ਕਮੇਟੀ ਨੂੰ ਨਿਰੋਲ ਪੰਥਕ ਜਥੇਬੰਦੀ ਦੇ ਰੂਪ ਵਿਚ ਸਿਰਜ ਕੇ ਰਾਜਨੀਤੀ ਦੇ ਕਾਲਿਆਂ ਪਰਛਾਵਿਆਂ ਤੋਂ ਨਿਰਲੇਪ ਰੱਖਣ ਲਈ ਮੁਹਿੰਮ ਆਰੰਭਣੀ ਚਾਹੀਦੀ ਹੈ ਤੇ ਕਿਸੇ ਵੀ ਰਾਜਨੀਤੀਵਾਨ ਦੀ ਇਸ ਵਿਚ ਦਖਲ ਅੰਦਾਜ਼ੀ ਨਹੀਂ ਹੋਣੀ ਚਾਹੀਦੀ ਤੇ ਨਾ ਹੀ ਸਿਆਸੀ ਵਿਅਕਤੀ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੋਣਾ ਚਾਹੀਦਾ ਹੈ। ਇਸੇ ਨੀਤੀ ਅਪਨਾਉਣ ਨਾਲ ਹੀ ਪੰਥ ਦੀ ਚੜ੍ਹਦੀ ਕਲਾ ਹੋ ਸਕਦੀ ਹੈ।

ਲੋੜ ਤਾਂ ਇਸ ਗੱਲ ਦੀ ਵੀ ਹੈ ਕਿ ਸ਼੍ਰੋਮਣੀ ਕਮੇਟੀ ਥਾਂ-ਥਾਂ 'ਤੇ ਉਸਰਨ ਵਾਲੇ ਗੁਰਦੁਆਰਿਆਂ 'ਤੇ ਪਾਬੰਦੀ ਲਗਾਏ ਅਤੇ ਅਜਿਹੀ ਸਿਖ ਯੂਨੀਵਰਸਿਟੀ ਸਥਾਪਤ ਕਰੇ, ਜਿਥੋਂ ਪ੍ਰਚਾਰਕ, ਗ੍ਰੰਥੀ, ਕੀਰਤਨੀਏ, ਗੁਰਮਤਿ ਇਤਿਹਾਸ, ਸੰਗੀਤ, ਵੱਖ-ਵੱਖ ਧਰਮਾਂ ਤੇ ਤੁਲਨਾਤਮਕ ਅਧਿਐਨ ਸੰਬੰਧੀ ਗਿਆਨ ਹਾਸਲ ਕਰਕੇ ਗੁਰਦੁਆਰਿਆਂ ਵਿਚ ਨਿਯੁਕਤ ਹੋਣ ਤੇ ਇਨ੍ਹਾਂ ਦੀ ਤਨਖਾਹ ਇਕ ਕਾਲਜ ਦੇ ਲੈਕਚਰਾਰ ਦੇ ਬਰਾਬਰ ਹੋਵੇ। ਜੇਕਰ ਇਹਨਾਂ ਦੀ ਆਰਥਿਕਤਾ ਚੰਗੀ ਹੋਵੇਗੀ ਤਾਂ ਹੀ ਇਹ ਪ੍ਰਚਾਰਕ ਸਿਖੀ ਦਾ ਵਿਸ਼ਵ ਪੱਧਰ 'ਤੇ ਪ੍ਰਚਾਰ ਕਰ ਸਕਣਗੇ। ਇਕ ਪਾਸੇ ਸਿਖ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕੀ ਜਾਂਦਾ, ਦੂਜੇ ਪਾਸੇ ਉਸ ਵਿਚਲੇ ਬੇਅੰਤ ਉਪਦੇਸ਼ਾਂ ਨੂੰ ਆਪਣੀ ਜ਼ਿੰਦਗੀ ਵਿਚ ਮਾਨਤਾ ਨਾ ਦੇ ਕੇ ਨਸ਼ਿਆਂ, ਘਟੀਆ ਕਿਰਦਾਰ, ਹਰਾਮ ਦੀ ਕਮਾਈ, ਜਾਤੀ-ਪਾਤੀ ਸਿਸਟਮ ਨਾਲ ਜੁੜ ਰਿਹਾ ਹੈ, ਜੋ ਕਿ ਗੁਰੂ ਤੋਂ ਬੇਮੁਖ ਹੋਣ ਵਾਲੀ ਗੱਲ ਹੈ। ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ ਵਿਰੁਧ ਕਰੜੀ ਮੁਹਿੰਮ ਵਿੱਢ ਕੇ ਆਪਣੇ-ਆਪ ਨੂੰ 'ਨੀਚਾਂ ਦਾ ਢਾਡੀ' ਪ੍ਰਵਾਨ ਕਰਕੇ ਨਿਤਾਣਿਆਂ, ਨਿਮਾਣਿਆਂ ਲਈ ਆਪਣਾ ਜੀਵਨ ਅਰਪਨ ਕਰ ਦਿੱਤਾ, ਪਰ ਅੱਜ ਅਸੀਂ ਉਹਨਾਂ ਦੇ ਜੀਵਨ ਵਿਧੀ ਦੇ ਉਲਟ ਜਾ ਕੇ ਜਾਤਾਂ-ਪਾਤਾਂ ਦੇ ਅਡੰਬਰ ਵਿਚ ਬੱਝੇ ਹੋਏ ਹਾਂ। ਹੋਰ ਤਾਂ ਹੋਰ ਅਸੀਂ ਸਿੱਖੀ ਵਧਾਉਣ ਦੀ ਥਾਂ ਗੁਰਦੁਆਰਿਆਂ ਨੂੰ ਸੰਗਮਰਮਰ ਨਾਲ ਸਜਾ ਕੇ ਮਲਕ ਭਾਗੋਆਂ ਦਾ ਕਲਚਰ ਅਪਣਾ ਲਿਆ ਹੈ ਅਤੇ ਭਾਈ ਲਾਲੋਆਂ ਨੂੰ ਆਪਣੇ ਨਾਲੋਂ ਵਿਛੋੜ ਦਿੱਤਾ ਹੈ। ਹੁਣ ਸਿਖੀ ਸਿਰਫ ਗੁਰਦੁਆਰਿਆਂ ਵਿਚ ਸੰਗਮਰਮਰ, ਸੋਨਾ, ਏਅਰ ਕੰਡੀਸ਼ਨ ਲਵਾਉਣ ਤੱਕ ਸੀਮਿਤ ਹੋ ਕੇ ਰਹਿ ਗਈ ਹੈ ਅਤੇ ਸਿਖ ਭਾਈਚਾਰੇ ਦਾ ਧਿਆਨ ਵਿਦਿਅਕ ਤੇ ਮੈਡੀਕਲ ਅਦਾਰੇ ਉਸਾਰਨ ਵਲ ਬਿਲਕੁਲ ਨਹੀਂ ਹੈ। ਸਿਖੀ ਤਾਂ ਹੀ ਵਿਕਸਤ ਹੋ ਸਕਦੀ ਹੈ, ਜੇਕਰ ਅਸੀਂ ਸਿਖ ਸਮਾਜ ਨੂੰ ਪੜ੍ਹਿਆ ਲਿਖਿਆ ਸਮਾਜ ਬਣਾਵਾਂਗੇ। ਇਸ ਸੰਬੰਧ ਵਿਚ ਸਾਨੂੰ ਉਤਮ ਕਿਸਮ ਦੇ ਖਾਲਸਾ ਸਕੂਲ, ਕਾਲਜ, ਯੂਨੀਵਰਸਿਟੀਆਂ ਸਥਾਪਿਤ ਕਰਨ ਦੀ ਲੋੜ ਹੈ। ਜਿੱਥੇ ਜਿੱਥੇ ਖਾਲਸਾ ਜੀ ਦਾ ਵਾਸਾ ਹੈ, ਸਾਨੂੰ ਉਹਨਾਂ ਦੇਸ਼ਾਂ ਵਿਚ ਵਧੀਆ ਕਿਸਮ ਦੀ ਵਿਦਿਅਕ ਪ੍ਰਣਾਲੀ ਤੇ ਕੇਂਦਰ ਉਸਾਰਨ ਵਲ ਧਿਆਨ ਦੇਣਾ ਹੋਵੇਗਾ ਤੇ ਬਿਊਰੋਕਰੇਟ, ਇੰਜੀਨੀਅਰ, ਸਾਇੰਸਦਾਨ, ਡਾਕਟਰ ਆਦਿ ਤਿਆਰ ਕਰਨੇ ਹੋਣਗੇ ਜੋ ਗੁਰੂ ਨਾਨਕ ਦੇ ਚਿੰਤਨ ਨਾਲ ਲੈਸ ਹੋਣ, ਜਿਸ ਤਰ੍ਹਾਂ ਯਹੂਦੀਆਂ ਨੇ ਆਪਣਾ ਵਿਦਿਅਕ ਸਿਸਟਮ ਉਸਾਰਿਆ ਹੈ ਤੇ ਬਚਪਨ ਤੋਂ ਲੈ ਕੇ ਨੌਜਵਾਨ ਵਰਗ ਦੀ ਕਿਰਦਾਰ ਤੇ ਗਿਆਨ ਉਸਾਰੀ ਵਲ ਧਿਆਨ ਦਿੱਤਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਦੇ ਚਿੰਤਨ ਨੂੰ ਆਧਾਰ ਬਣਾ ਕੇ ਸਿਖ ਕੌਮ ਨੂੰ ਆਪਣਾ ਗਿਆਨ ਮਾਡਲ ਸਿਰਜਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਜੀ ਆਰੀਅਨ ਸਿਖਿਆ ਲਹਿਰ ਜੋ ਵਰਨ ਵੰਡ ਆਸ਼ਰਮ ਦਾ ਆਧਾਰ ਸੀ, ਦੇ ਉਲਟ ਗੁਰਮਤਿ ਸਿਖਿਆ ਲਹਿਰ ਦੇ ਮੋਢੀ ਸਨ, ਜਿਸ ਵਿਚ ਬਾਬਾ ਫਰੀਦ, ਨਾਮਦੇਵ, ਸੰਤ ਕਬੀਰ ਜੀ, ਸੰਤ ਰਵਿਦਾਸ ਮਹਾਰਾਜ ਤੇ ਹੋਰਨਾਂ ਸੰਤਾਂ ਦਾ ਮਹਾਨ ਫਲਸਫਾ ਵੀ ਸ਼ਾਮਲ ਸੀ। ਉਹਨਾਂ ਨੇ ਆਪਣੀਆਂ ਸੰਗਤਾਂ ਨੂੰ ਪਿੰਡਾਂ ਵਿਚ ਆਰੰਭਕ ਸਕੂਲ ਖੋਲਣ ਲਈ ਉਤਸ਼ਾਹਿਤ ਕੀਤਾ। ਗੁਰੂ ਨਾਨਕ ਸਾਹਿਬ ਨੇ ਜਿਥੇ ਵੀ ਸਿਖ ਧਰਮਸ਼ਾਲਾ ਸਿਰਜੀ ਉਥੇ ਇਸਤਰੀ-ਮਰਦ ਦੀ ਬਰਾਬਰੀ ਤੇ ਪੜ੍ਹਨ ਲਿਖਣ ਦਾ ਅਧਿਕਾਰ ਦਿੱਤਾ ਤਾਂ ਜੋ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਜਾ ਸਕੇ ਅਤੇ ਆਦਰਸ਼ਵਾਦੀ ਸਮਾਜ ਦੀ ਸਥਾਪਨਾ ਕੀਤੀ ਜਾ ਸਕੇ।

ਗੁਰੂ ਨਾਨਕ ਸਾਹਿਬ ਨੇ ਸਿਖਿਆ ਨੂੰ ਆਮ ਲੋਕਾਂ, ਕਿਰਤੀਆਂ ਤੇ ਦੱਬੇ ਕੁਚਲੇ ਲੋਕਾਂ ਤੱਕ ਪਹੁੰਚਾਉਣ ਲਈ ਉਹਨਾਂ ਨੇ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਸਿਖਿਆ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੱਤੀ। ਅਜਿਹਾ ਇਸ ਲਈ ਕਿਉਂਕਿ ਉਸ ਸਮੇਂ ਸਨਾਤਨੀ ਗ੍ਰੰਥ, ਸ਼ਾਸਤਰ ਸੰਸਕ੍ਰਿਤ ਵਿਚ ਹੋਣ ਕਰਕੇ ਆਮ ਜਨਤਾ ਦੀ ਸਮਝ ਤੋਂ ਬਾਹਰ ਸਨ। ਉਹਨਾਂ ਨੇ ਆਪਣੀ ਬਾਣੀ ਦੀ ਰਚਨਾ ਆਪਣੀ ਮਾਤ ਭਾਸ਼ਾ ਪੰਜਾਬੀ ਵਿਚ ਕੀਤੀ। ਗੁਰੂ ਜੀ ਨੇ ਆਪਣੇ ਸਮੇਂ ਦੇ ਉਨ੍ਹਾਂ ਲੋਕਾਂ ਦੀ ਆਲੋਚਨਾ ਕੀਤੀ ਜਿਹਨਾਂ ਨੇ ਮੁਗਲਾਂ ਦੇ ਡਰ ਤੇ ਪ੍ਰਭਾਵ ਕਾਰਣ ਆਪਣੀ ਮਾਤ ਭਾਸ਼ਾ ਤੇ ਸਭਿਆਚਾਰ ਨੂੰ ਭੁਲ ਕੇ ਵਿਦੇਸ਼ੀਆਂ ਦੀ ਭਾਸ਼ਾ, ਸਭਿਆਚਾਰ ਤੇ ਸਭਿਅਤਾ ਗ੍ਰਹਿਣ ਕਰ ਲਈ :

ਖਤ੍ਰੀਆ ਤ ਧਰਮੁ ਛੋਡਿਆ
ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ
ਧਰਮ ਕੀ ਗਤਿ ਰਹੀ ॥੩॥

(ਅੰਗ 662-663)

ਵਰਨ ਆਸ਼ਰਮ ਅਨੁਸਾਰ ਹਿੰਦੂ ਧਰਮ ਦੇ ਰਾਖੇ ਸਮਝਣ ਵਾਲੇ ਖਤ੍ਰੀਆਂ ਨੇ ਧਰਮ ਛੱਡ ਦਿੱਤਾ ਹੈ, ਜਿਹਨਾਂ ਨੂੰ ਇਹ ਮੂੰਹੋਂ ਮਲੇਛ ਕਹਿ ਰਹੇ ਹਨ (ਰੋਜ਼ੀ ਦੀ ਖ਼ਾਤਰ) ਉਹਨਾਂ ਦੀ ਬੋਲੀ ਗ੍ਰਹਿਣ ਕਰ ਚੁੱਕੇ ਹਨ, (ਇਹਨਾਂ ਦੇ) ਧਰਮ ਦੀ ਮਰਿਯਾਦਾ ਮੁੱਕ ਚੁੱਕੀ ਹੈ, ਸਾਰੀ ਸ੍ਰਿਸ਼ਟੀ ਇਕੋ ਵਰਨ ਦੀ ਹੋ ਗਈ ਹੈ (ਹਰ ਪਾਸੇ ਅਧਰਮ ਹੀ ਅਧਰਮ ਪ੍ਰਧਾਨ ਹੋਗਆ) ਇਥੇ ਧਰਮ ਛੱਡਣ ਦੀ ਗੱਲ ਨੂੰ ਬੋਲੀ ਨਾਲ ਜੋੜਿਆ ਗਿਆ ਹੈ। ਬੋਲੀ ਦਾ ਮਹੱਤਵ ਅੱਜ ਦੇ ਸਮੇਂ ਵਿਚ ਬੜੇ ਸਪੱਸ਼ਟ ਰੂਪ ਵਿਚ ਸਾਹਮਣੇ ਆ ਰਿਹਾ ਹੈ ਜਦੋਂ ਪੰਜਾਬ ਵਿਚ ਅੱਧੀ ਦਰਜਨ ਹਿੰਦੀ ਅਖਬਾਰਾਂ ਚੱਲ ਰਹੀਆਂ ਹਨ ਅਤੇ ਉਹਨਾਂ ਦੀ ਲਾਗਤ ਪੰਜਾਬੀ ਅਖਬਾਰਾਂ ਨਾਲੋਂ ਜ਼ਿਆਦਾ ਹੈ। ਟੀਵੀ. ਚੈਨਲਾਂ ਵਿਚ ਵੀ ਹਿੰਦੀ ਦਾ ਜੋਰ ਤੇ ਸਾਡੇ ਕਾਰੋਬਾਰਾਂ 'ਤੇ ਵੀ ਪੰਜਾਬ ਵਿਚ ਹਿੰਦੀ ਦਾ ਪ੍ਰਭਾਵ ਹੈ। ਲੜੀਵਾਰ ਨਾਟਕਾਂ ਅਤੇ ਫਿਲਮਾਂ ਰਾਹੀਂ ਹਿੰਦੂ ਸਭਿਅਤਾ ਠੋਸੀ ਜਾ ਰਹੀ ਹੈ, ਜਿਸ ਨੂੰ ਅਸੀਂ ਧੜਾਧੜ ਅਪਨਾ ਰਹੇ ਹਾਂ। ਪੇਂਡੂ ਇਲਾਕਿਆਂ ਵਿਚ ਹਿੰਦੀ ਦਾ ਪ੍ਰਭਾਵ ਤੇਜ਼ੀ ਨਾਲ ਵਧ ਰਿਹਾ ਹੈ। ਪੰਜਾਬ ਦੇ ਵਿਦਵਾਨ ਵੀ ਚਰਚਾ ਤੇ ਸਾਹਿਤ ਵਿਚ ਹਿੰਦੀ ਦੀ ਵਰਤੋਂ ਨੂੰ ਤਰਜੀਹ ਦੇ ਰਹੇ ਹਨ। ਇੱਥੋਂ ਤੱਕ ਕਿ ਪੰਜਾਬੀ ਬੋਲੀ ਨੂੰ ਪਛੜਿਆ ਸਮਝਿਆ ਜਾ ਰਿਹਾ ਹੈ। ਇਹ ਵਰਤਾਰਾ ਸਿਖੀ, ਪੰਜਾਬ ਤੇ ਬੋਲੀ ਦੇ ਵੱਡੇ ਨਿਘਾਰ ਦਾ ਕਾਰਨ ਹੈ, ਜੋ ਸਾਡੀ ਗੁਰੂ ਨਾਨਕ ਵਲੋਂ ਸਿਰਜੀ ਸਭਿਅਤਾ ਤੇ ਸਭਿਆਚਾਰ ਨੂੰ ਤਬਾਹੀ ਵਲ ਲਿਜਾਣ ਦੀਆਂ ਸਾਜ਼ਿਸ਼ਾਂ ਹਨ। ਗੁਰੂ ਨਾਨਕ ਸਾਹਿਬ ਦਾ ਮੰਨਣਾ ਹੈ ਕਿ ਆਪਣੇ ਸਭਿਆਚਾਰ ਵਿਰਾਸਤ ਨੂੰ ਸੰਭਾਲਣ ਲਈ ਜ਼ਰੂਰੀ ਹੈ ਕਿ ਆਪਣੀ ਮਾਤ ਭਾਸ਼ਾ ਨੂੰ ਗ੍ਰਹਿਣ ਕੀਤਾ ਜਾਵੇ। ਗੁਰੂ ਨਾਨਕ ਸਾਹਿਬ ਨੇ ਗਿਆਨ ਦੀ ਉਤਮਤਾ ਤੇ ਇਸ ਦੀ ਪ੍ਰਾਪਤੀ ਉਪਰ ਵਿਸ਼ੇਸ਼ ਬਲ ਦਿੱਤਾ ਹੈ। ਗੁਰੂ ਸਾਹਿਬ ਦੇ ਅਨੁਸਾਰ ਗਿਆਨ, ਮਨ, ਦਿਮਾਗ ਤੇ ਸਰੀਰ ਤਿੰਨਾਂ ਨੂੰ ਪ੍ਰਕਾਸ਼ਿਤ ਕਰਦਾ ਹੈ :

ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ

(ਗੁਰੂ ਗ੍ਰੰਥ ਸਾਹਿਬ, ਅੰਗ 60)

ਗੁਰੂ ਸਾਹਿਬ ਦੇ ਕਹਿਣ ਦਾ ਭਾਵ ਇਹੀ ਹੈ ਕਿ ਜਿਹੜਾ ਮਨੁੱਖ ਗੁਰੂ ਦੇ ਸਨਮੁੱਖ ਰਹਿੰਦਾ ਹੈ, ਉਸ ਦੇ ਹੁਕਮਾਂ ਦੀ ਪਾਲਣਾ ਕਰਦਾ ਹੈ, ਉਹੀ ਗਿਆਨਵਾਨ ਹੋ ਸਕਦਾ ਹੈ ਤੇ ਸੱਚੇ ਮਾਰਗ ਵਲ ਜਾ ਸਕਦਾ ਹੈ ਤੇ ਆਤਮਕ ਆਨੰਦ ਮਾਣ ਸਕਦਾ ਹੈ। ਇਸ ਲਈ ਮਨੁੱਖਤਾ ਦੇ ਵਿਕਾਸ ਲਈ ਗਿਆਨ ਜ਼ਰੂਰੀ ਹੈ। ਗੁਰੂ ਸਾਹਿਬਾਨ ਦੇ ਸਿਖਿਆ ਸ਼ਾਸਤਰ ਵਿਚ ਨੈਤਿਕ ਵਿਕਾਸ ਤੇ ਸਿਖਿਆ ਦਾ ਡੂੰਘਾ ਸੰਬੰਧ ਹੈ। ਉਹ ਪੜ੍ਹਿਆ ਲਿਖਿਆ ਵਿਅਕਤੀ ਮੂਰਖ ਹੈ, ਜਿਸ ਵਿਚ ਲੋਭ, ਅਹੰਕਾਰ ਆਦਿ ਅਵਗੁਣ ਮੌਜੂਦ ਹਨ;

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ

(ਗੁਰੂ ਗ੍ਰੰਥ ਸਾਹਿਬ, ਅੰਗ 140)

ਗੁਰੂ ਨਾਨਕ ਸਾਹਿਬ ਜੀ ਦੀ ਸਿਖਿਆ ਇਹੀ ਹੈ ਕਿ ਗਿਆਨ ਨੂੰ ਜੀਵਨ ਵਿਚ ਢਾਲ ਕੇ ਸਦਾਚਾਰ ਦੀ ਉਸਾਰੀ ਕੀਤੀ ਜਾ ਸਕਦੀ ਹੈ। ਗੁਰੂ ਦੇ ਗਿਆਨ ਰੂਪੀ ਥਾਲ ਵਿਚ ਚਾਰ ਵਡਮੁੱਲੀਆਂ ਵਸਤਾਂ ਪਰੋਸੀਆਂ ਗਈਆਂ ਹਨ ਜੋ ਮਨੁੱਖ ਦੀ ਨੈਤਿਕ ਉਨਤੀ ਦਾ ਆਧਾਰ ਹਨ;

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ।
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ।
ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ।

(ਗੁਰੂ ਗ੍ਰੰਥ ਸਾਹਿਬ, ਅੰਗ 1429)

ਜਾਂ

ਵਿਦਿਆ ਵੀਚਾਰੀ ਤਾਂ ਪਰਉਪਕਾਰੀ

(ਗੁਰੂ ਗ੍ਰੰਥ ਸਾਹਿਬ, ਅੰਗ 356)

ਗੁਰੂ ਜੀ ਦੇ ਇਹ ਪਾਵਨ ਕਥਨ ਗਿਆਨਵਾਨ ਹੋਣ ਲਈ ਜ਼ਰੂਰੀ ਹਨ। ਜੋ ਮਨੁੱਖ ਗਿਆਨ ਤੇ ਨੈਤਿਕਤਾ ਦੇ ਅਮਲ ਵਿਚ ਬਝਦਾ ਹੈ, ਉਹੀ ਪਰਉਪਕਾਰੀ ਹੋ ਸਕਦਾ ਹੈ।

ਬਾਕੀ ਸਫ਼ਾ 33 'ਤੇ




# ਪਾਠਕਾਂ ਦਾ ਨਜ਼ਰੀਆ

## ਐਨੀਮੇਸ਼ਨ ਫ਼ਿਲਮਾਂ ਵਿਚ ਗੁਰੂ ਬਿੰਬ ਦੀ ਪੇਸ਼ਕਾਰੀ ਅਤੇ ਸ਼੍ਰੋਮਣੀ ਕਮੇਟੀ ਦੇ ਮਤੇ

ਗੁਰੂ ਸਾਹਿਬ ਦੀ ਪਰਦੇ ਜਾਂ ਸਕਰੀਨ ‘ਤੇ ਪੇਸ਼ਕਾਰੀ ਨੂੰ ਲੈ ਕੇ ਵਿਵਾਦ ਅੱਜ ਕੋਈ ਨਵੇਂ ਸ਼ੁਰੂ ਨਹੀਂ ਹੋਏ। ਇਨ੍ਹਾਂ ਵਿਵਾਦਾਂ ਦੀ ਜੜ੍ਹ ‘ਉੱਚਾ ਦਰ ਬਾਬੇ ਨਾਨਕ ਦਾ’ ਫ਼ਿਲਮ ਤੋਂ ਲੈ ਕੇ ‘ਗੁਰੂ ਮਾਨਿਓ ਗ੍ਰੰਥ’ ਅਤੇ ‘ਜੋ ਬੋਲੇ ਸੋ ਨਿਹਾਲ’ ਤੋਂ ਹੁੰਦੀ ਹੋਈ ‘ਨਾਨਕ ਸ਼ਾਹ ਫ਼ਕੀਰ’ ਨਾਮੀ ਫ਼ਿਲਮ ਤਕ ਫੈਲੀ ਹੋਈ ਹੈ। ਇਹ ਵਿਵਾਦ ਹੁਣ ਗੁਰੂ ਸਾਹਿਬਾਨ ਦੀ ਮੁੜ ਸਕਰੀਨ ’ਤੇ ਪੇਸ਼ਕਾਰੀ ‘ਤੇ ਸੁਆਲ ਨੂੰ ਸਾਹਮਣੇ ਲੈ ਆਇਆ ਹੈ। ਇਸ ਵੇਲ਼ੇ ਵਿਵਾਦ ‘ਦਾਸਤਾਨ ਏ ਮੀਰੀ ਪੀਰੀ’ ਅਤੇ ‘ਮਦਰਹੁੱਡ’ ਫ਼ਿਲਮਾਂ ਰਾਹੀਂ ਸਾਹਮਣੇ ਆਇਆ ਹੈ।

ਜਦੋਂ ਫ਼ਿਲਮ ‘ਗੁਰੂ ਮਾਨਿਓ ਗ੍ਰੰਥ’ ਆਈ ਤਾਂ ਉਸ ਦਾ ਵਿਰੋਧ ਇਸ ਕਰਕੇ ਹੋਇਆ ਕਿਉਂਕਿ ਉਸ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਪਰਦੇ ’ਤੇ ਵਿਖਾਇਆ ਜਾਣਾ ਸੀ। ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਸਾਹਿਬ ਦੀ ਜਾਗਦੀ ਜੋਤ ਵਜੋਂ ਪ੍ਰਤੱਖ ਗੁਰੂ ਮੰਨਦੇ ਹਨ ਅਤੇ ਇਹੀ ਸਿਧਾਂਤਕ ਨੁਕਤਾ ਫ਼ਿਲਮ ‘ਗੁਰੂ ਮਾਨਿਓ ਗ੍ਰੰਥ’ ਦੇ ਵਿਰੋਧ ਦਾ ਕਾਰਨ ਬਣਿਆ। ਸੰਗਤ ਦੇ ਭਰਵੇਂ ਵਿਰੋਧ ਦੇ ਬਾਵਜੂਦ ਉਨ੍ਹਾਂ ਦਿਨਾਂ ਵਿਚ ਜੇਕਰ ਫ਼ਿਲਮ ਕੰਪਨੀ ਤਕ ਹੀ ਗੱਲ ਸੀਮਿਤ ਨਾ ਹੋ ਕਿ ਇਸ ਦੇ ਸਿਧਾਂਤਕ ਪੱਖਾਂ ਉਪਰ ਵਿਚਾਰ ਕੀਤੀ ਹੁੰਦੀ ਤਾਂ ਇਨ੍ਹਾਂ ਫ਼ਿਲਮਾਂ ਦਾ ਸਿਲਸਿਲਾ ਉਦੋਂ ਹੀ ਰੁਕ ਜਾਂਦਾ ਪਰ ਅੰਦਰਖਾਤੇ ਸ਼੍ਰੋਮਣੀ ਕਮੇਟੀ ਅਤੇ ਚੀਫ਼ ਖ਼ਾਲਸਾ ਦੀਵਾਨ ਅਤੇ ਸ਼ਤਾਬਦੀ ਕਮੇਟੀ ਉਨ੍ਹਾਂ ਨਾਲ ਮਿਲ ਕੇ ਚੱਲ ਰਹੇ ਸਨ। ਉਦੋਂ ਵੀ ਵੱਡੇ ਧਾਰਮਕ ਆਗੂ, ਸਿੰਘ ਸਾਹਿਬ ਦੀਆਂ ਪਦਵੀਆਂ ’ਤੇ ਬਿਰਾਜਮਾਨ ਸੱਜਣ, ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਮੁਖੀ ਅਤੇ ਅਨੇਕਾਂ ਸਾਧੂ ਸੰਤ ਚੁੱਪ ਚਾਪ ਬੈਠੇ ਵੇਖ ਰਹੇ ਸਨ।

ਫ਼ਿਲਮ ਕਿਸੇ ਵੀ ਕਿਰਦਾਰ ਦੀ ਇਕੋ ਇੱਕ ਤਸਵੀਰ ਤੁਹਾਡੇ ਜ਼ਿਹਨ ਵਿੱਚ ਪੱਕਿਆਂ ਕਰਦੀ ਹੈ। ਇੰਝ ਹੀ ਇਨ੍ਹਾਂ ਫ਼ਿਲਮਾਂ ਨੇ ਕਰਨਾ ਹੈ ਅਤੇ ਜਦੋਂ ਵੀ ਤੁਸੀਂ ਆਪਣੇ ਤਸੱਵੁਰ ਵਿੱਚ ਗੁਰੂ ਸਾਹਿਬ ਨੂੰ ਚਿਤਵਦੇ ਹੋ ਤਾਂ ਚਿੱਤਰਕਾਰਾਂ ਦੀਆਂ ਬਣਾਈਆਂ ਤਸਵੀਰਾਂ ਹੀ ਸਾਹਮਣੇ ਆਉਂਦੀਆਂ ਹਨ। ਇਹੀ ਸਾਡੀ ਰੂਹਾਨੀ ਖ਼ੁਦਕੁਸ਼ੀ ਸਾਬਿਤ ਹੁੰਦੀ ਹੈ। ਭਾਵੇਂ ਇਹ ਕਾਰਜ ਹੁਣ ਐਨੀਮੇਟਿਡ ਫ਼ਿਲਮਾਂ ਰਾਹੀਂ ਕੀਤਾ ਜਾ ਰਿਹਾ ਹੈ। ਇਹ ਫ਼ਿਲਮਾਂ ਗੁਰੂ ਸਾਹਿਬਾਨ ਨੂੰ ਬੁੱਤਪ੍ਰਸਤੀ ਦਾ ਸਾਧਨ ਮਾਤਰ ਬਣਾ ਕੇ ਪੇਸ਼ ਕਰਦੀਆਂ ਹਨ। ਇਹ ਫ਼ਿਲਮਾਂ ਗੁਰੂ ਸਾਹਿਬਾਨ ਅਤੇ ਇਤਿਹਾਸਕ ਕਿਰਦਾਰਾਂ ਦੀ ਦੇਹ ਪ੍ਰਸਤਗੀ ਵਿੱਚ ਵਾਧਾ ਕਰਦੀਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਲਾਹਕਾਰ ਕਮੇਟੀ ਦੀ ਇਕੱਤਰਤਾ 20 ਫ਼ਰਵਰੀ, 1934 ਨੂੰ ਰੱਖੀ ਗਈ ਸੀ ਅਤੇ ਉਸ ਵਿੱਚ ਕੁਝ ਖ਼ਾਸ ਵਿਚਾਰਨਯੋਗ ਫ਼ੈਸਲੇ ਕੀਤੇ ਗਏ ਸਨ। ਇਸ ਇਕੱਤਰਤਾ ਵਿੱਚ ਪ੍ਰੋ. ਜੋਧ ਸਿੰਘ, ਪ੍ਰੋ. ਤੇਜਾ ਸਿੰਘ, ਜਥੇਦਾਰ ਮੋਹਨ ਸਿੰਘ ਅਤੇ ਭਾਈ ਧਰਮਾਨੰਤ ਸਿੰਘ ਜੀ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਖੇ ਹਾਜ਼ਰ ਹੋਏ। ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਆਪਣੀ ਰਾਇ ਲਿਖਤੀ ਰੂਪ ਵਿੱਚ ਭੇਜੀ। ਉਸ ਦਿਨ ਮੁੱਖ ਤੌਰ ‘ਤੇ ਜੋ ਮਤੇ ਪ੍ਰਵਾਨ ਹੋਏ ਉਨ੍ਹਾਂ ਦਾ ਨਿਚੋੜ ਕੁਝ ਇਸ ਤਰ੍ਹਾਂ ਹੈ ਕਿਸ਼੍ਰੋਮਣੀ ਕਮੇਟੀ ਦੀ ਧਾਰਮਕ ਸਲਾਹਕਾਰ ਕਮੇਟੀ ਦੀ ਰਾਇ ਵਿੱਚ ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ ਆਦਿ ਮਹਾਂ ਪੁਰਖਾਂ, ਇਤਿਹਾਸਕ ਸਾਖੀਆਂ ਦੇ ਸੀਨਜ਼ ਅਤੇ ਸਿੱਖ ਸੰਸਕਾਰਾਂ ਦੀਆਂ ਨਕਲਾਂ ਦੀਆਂ ਫ਼ਿਲਮਾਂ ਬਣਾਉਣੀਆਂ ਸਿੱਖ ਅਸੂਲਾਂ ਦੇ ਵਿਰੁੱਧ ਹੈ, ਇਸ ਲਈ ਉਨ੍ਹਾਂ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਇਸ ਤੋਂ ਬਿਨਾ ਮੌਜੂਦਾ ਜਾਂ ਪੁਰਾਣੇ ਇਤਿਹਾਸਕ ਸਥਾਨ, ਗੁਰਦੁਆਰਿਆਂ ਅਥਵਾ ਉਨ੍ਹਾਂ ਥਾਵਾਂ ਦੇ ਜਿਥੇ ਕਿ ਸਿੱਖਾਂ ਦੀ ਮੌਜੂਦਾ ਭਾਈਚਾਰਕ ਅਤੇ ਸਮਾਜਕ ਰਹਿਣੀ ਦਾ ਪਤਾ ਲੱਗੇ, ਦੀਆਂ ਫ਼ਿਲਮਾਂ ਬਣਾਉਣ ਦੀ ਅਸੂਲਨ ਕੋਈ ਮਨਾਹੀ ਨਹੀਂ ਹੈ ਪਰ ਕਿਉਂਕਿ ਇਸ ਵੇਲੇ ਸਿੱਖ ਜਨਤਾ ਇਸ ਦੇ ਬਰਖ਼ਿਲਾਫ਼ ਹੈ ਇਸ ਕਰਕੇ ਇਹ ਇਕੱਤਰਤਾ ਸ਼੍ਰੋਮਣੀ ਕਮੇਟੀ ਨੂੰ ਸਲਾਹ ਦੇਂਦੀ ਹੈ ਕਿ ਖ਼ਾਹ-ਮਖ਼ਾਹ ਆਮ ਸਿੱਖ ਜਨਤਾ ਦੀ ਰਾਏ ਦੇ ਵਿਰੁੱਧ ਜਾਣ ਦੀ ਲੋੜ ਨਹੀਂ।

ਗੁਰੂ ਦੇ ਸਿੱਖ ਲਈ ਕਿਸੇ ਆਕਾਰ ਜਾਂ ਦੇਹ ਨੂੰ ਗੁਰੂ ਰੂਪ ਜਾਨਣਾ ਤੇ ਪੂਜਣਾ ਵਿਵਰਜਤ ਹੈ ਤਾਂ ਅਜਿਹੀ ਦੇਹ ਦਾ ਬੁੱਤ, ਤਸਵੀਰ, ਫ਼ਿਲਮ ਜਾਂ ਪਾਤਰ ਦੇ ਰੂਪ ਵਿੱਚ ਉਸ ਨੂੰ ਸਟੇਜ ‘ਤੇ ਦਿਖਾਉਣਾ ਜਾਂ ਫ਼ਿਲਮਾਉਣਾ ਕਿਵੇਂ ਪ੍ਰਵਾਨ ਕੀਤਾ ਜਾ ਸਕਦਾ ਹੈ ?

ਇਸੇ ਤਰ੍ਹਾਂ ਭਾਈ ਗੁਰਦਾਸ ਦਾ ਕਥਨ ਹੈ- ਗੁਰ ਮੂਰਤਿ ਗੁਰ ਸਬਦੁ ਹੈ।। ਇਸ ਤਰ੍ਹਾਂ ਸਿਧਾਂਤਕ ਤੌਰ ‘ਤੇ ਜਦੋਂ ਸਿੱਖ ਧਰਮ ਵਿੱਚ ਤਸਵੀਰ, ਬੁੱਤ ਆਦਿ ਦੀ ਮਨਾਹੀ ਹੈ ਤਾਂ ਗੁਰੂ ਸਾਹਿਬ ਦੇ ਚਿੱਤਰ ਬਣਾ ਮੁੜ ਉਨ੍ਹਾਂ ਨੂੰ ਚੱਲਦੇ ਫਿਰਦੇ ਰੂਪਮਾਨ ਕਰਨਾ ਵੀ ਹਰਗਿਜ਼ ਪ੍ਰਵਾਨ ਨਹੀਂ ਹੋ ਸਕਦਾ। ਅਜਿਹਾ ਕਰਨਾ ਮੰਡੀ ਦੇ ਪ੍ਰਭਾਵ ਵਿੱਚ ਵੀ ਹੋ ਰਿਹਾ ਹੈ। ਬਾਜ਼ਾਰ ਆਪਣੀ ਕਮਾਈ ਦੇ ਸਾਧਨ ਵਜੋਂ ਗੁਰੂ ਸਾਹਿਬਾਨ ਨੂੰ ਐਨੀਮੇਸ਼ਨ ਦੇ ਨਾਮ ਹੇਠ ਪ੍ਰਤੱਖ ਰੂਪ ਚਿਤਰਨ ਦਾ ਗੁਨਾਹ ਕਰ ਰਿਹਾ ਹੈ। ਅਜਿਹਾ ਕਰਨਾ ਸਿੱਖੀ ਦੇ ਮੁੱਢਲੇ ਅਸੂਲਾਂ ਦੇ ਹੀ ਬਰਖ਼ਿਲਾਫ਼ ਹੈ।

ਅੰਮ੍ਰਿਤਸਰ ਤੋਂ ਛਪਦੇ ਰਹੇ ‘ਸੂਰਾ’ ਰਸਾਲੇ ਵਿੱਚ ਸੰਨ 1983 ’ਚ ਵੀ ਇਸੇ ਕਿਸਮ ਦਾ ਵਿਰੋਧ ਵਾਚਿਆ ਗਿਆ। ਉੱਥੇ ਲਿਖਿਆ ਹੈ ਕਿ ਗੁਰੂ ਸਾਹਿਬਾਨ ਨੂੰ ਪਾਤਰਾਂ ਦਾ ਰੂਪ ਦੇਣਾ ਤੇ ਫ਼ਿਲਮਾਉਣਾ ਬੁੱਤ-ਪੂਜਾ ਵੱਲ ਪਹਿਲਾ ਕਦਮ ਹੋਵੇਗਾ, ਜਿਸ ਨਾਲ ਹੋਣ ਵਾਲੀ ਹਾਨੀ ਦਾ ਪਰਛਾਵਾਂ ਅੱਜ ਸ਼ਾਇਦ ਵਿਖਾਈ ਨਾ ਦੇਵੇ ਪਰੰਤੂ ਜੇ ਉਸ ‘ਤੇ ਰੋਕ ਨਾ ਲਈ ਗਈ ਤਾਂ ਜਲਦੀ ਹੀ ਸਿੱਖ ਧਰਮ ਵੀ ਬ੍ਰਾਹਮਣੀ ਵਿਚਾਰਧਾਰਾ ਅੰਦਰ ਉਵੇਂ ਹੀ ਜਜ਼ਬ ਹੋ ਜਾਵੇਗਾ ਜਿਵੇਂ ਬੁੱਧ ਤੇ ਜੈਨ ਆਦਿ ਮੱਤ ਉਸ ਦੀ ਵਿਸ਼ਾਲਤਾ ਵਿੱਚ ਹਜ਼ਮ ਕਰ ਲਏ ਗਏ ਹਨ।

ਇਸ ਤੋਂ ਇਹੀ ਸਿੱਧ ਹੁੰਦਾ ਹੈ ਕਿ ਸਿੱਖ ਵਿਦਵਾਨਾਂ ਵੱਲੋਂ ਇਸ ਕਿਸਮ ਦੀ ਨਾਟਕੀ ਪੇਸ਼ਕਾਰੀ ਜਾਂ ਫ਼ਿਲਮਾਂਕਣ ਨੂੰ ਮੂਲੋਂ ਹੀ ਨਕਾਰਿਆ ਗਿਆ ਹੈ। ਪੁਰਾਣੇ ਪੰਥਕ ਵਿਦਵਾਨਾਂ ਨੇ ਇਸ ਤਕਨੀਕ ਨੂੰ ਮੂਲੋਂ ਨਕਾਰ ਦਿੱਤਾ ਸੀ ਅਤੇ ਗੁਰੂ ਸਾਹਿਬ ਦੀ ਨਾਟਕੀ ਪੇਸ਼ਕਾਰੀ ਨੂੰ ਪ੍ਰਵਾਨ ਨਹੀਂ ਕੀਤਾ ਸੀ। ਜਦੋਂ ਹੁਣ ਦੇ ਦੌਰ ਵਿੱਚ ਫਿਰ ਤੋਂ ਇਸ ਕਿਸਮ ਦੀਆਂ ਦ੍ਰਿਸ਼ ਫ਼ਿਲਮਾਂ ਅਤੇ ਐਨੀਮੇਸ਼ਨ ਫ਼ਿਲਮਾਂ ਰਾਹੀਂ ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਦੀ ਤਸਵੀਰ-ਤਰਾਸ਼ੀ ਕੀਤੀ ਜਾ ਰਹੀ ਹੈ ਤਾਂ ਇਹ ਫਿਰ ਜ਼ਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਉਪਰੋਕਤ ਨੁਕਤਿਆਂ ਵੱਲ ਮੁੜ ਧਿਆਨ ਦਿੱਤਾ ਜਾਵੇ। ਇਹ ਸਿੱਖੀ ਨੂੰ ਬੁੱਤਪ੍ਰਸਤੀ ਵਿੱਚ ਜਜ਼ਬ ਹੋਣ ਤੋਂ ਰੋਕਣ ਲਈ ਬਾਕਾਇਦਾ ਜ਼ਰੂਰੀ ਹਨ। ਨਹੀਂ ਤਾਂ ਅਜਿਹੀਆਂ ਫ਼ਿਲਮਾਂ ਸਿੱਖਾਂ ਲਈ ਰੂਹਾਨੀ ਖ਼ੁਦਕੁਸ਼ੀ ਸਾਬਿਤ ਹੋਣਗੀਆਂ।

**ਪਰਮਿੰਦਰ ਸਿੰਘ**
ਸੀਨੀਅਰ ਰਿਸਰਚ ਫੈਲੋ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਸਿੱਖੀ ਦਾ ਭ.ਗਵਾਂਕਰਣ, ਹਿੰਦੂਕਰਣ ਜਾਂ ਰਾਸ਼ਟਰੀਕਰਣ

ਸਿੱਖੀ ਦਾ ਭਗ਼ਵਾਂਕਰਣ, ਹਿੰਦੂਕਰਣ ਜਾਂ ਰਾਸ਼ਟਰੀਕਰਣ, ਸਾਡੇ ਲਈ ਇਹ ਤਿੰਨੋ ‘ਕਰਣ’ ਇੱਕੋ ਹੀ ਅਰਥ ਰੱਖਦੇ ਹਨ ।

ਬੀਜੇਪੀ ਦੇ ਤਾਕਤ ਵਿਚ ਆਉਣ ਤੋਂ ਪਹਿਲਾਂ ਸਿੱਖੀ ਦੀ ਵਿਲੱਖਣਤਾ ਨੂੰ ਹਿੰਦੂਤਵ ਵਿੱਚ ਜਜ਼ਬ ਕਰਨ ਦੀ ਜੋ ਕੋਸ਼ਿਸ਼ ਚੱਲ ਰਹੀ ਸੀ, ਉਸ ਨੂੰ ਰਾਸ਼ਟਰੀਕਰਣ ਕਿਹਾ ਜਾਂਦਾ ਰਿਹਾ ਹੈ। ਉਹ ਕੁਝ ਅਸਿੱਧਾ ਤੇ ਲਮਕਵਾਂ ਢੰਗ ਸੀ ।

ਬੀਜੇਪੀ ਦੇ ਤਾਕਤ ਵਿਚ ਆਉਣ ਤੋਂ ਬਾਅਦ ਸਿੱਖੀ ਨੂੰ ਹਿੰਦੂਤਵ ਵਿਚ ਜਜ਼ਬ ਕਰਨ ਦੀ ਕੋਸ਼ਿਸ਼ ਪਹਿਲਾਂ ਤੋਂ ਜ਼ਿਆਦਾ ਤਿੱਖੀ ਕਰ ਦਿੱਤੀ ਗਈ ਤੇ ਇਸ ਨੂੰ ਖੁੱਲ੍ਹ ਕੇ ਭਗ਼ਵੇਂਕਰਣ ਜਾਂ ਹਿੰਦੂਕਰਣ ਦਾ ਨਾਮ ਦਿੱਤਾ ਜਾਣ ਲੱਗ ਪਿਆ ਹੈ।

ਬੀਜੇਪੀ ਦੇ ਦੂਜੀ ਵਾਰ ਤਾਕਤ ਵਿਚ ਆਉਣ ਬਾਅਦ ਹੁਣ ਸਿੱਖੀ ਨੂੰ ਹਿੰਦੁਤਵ ਵਿਚ ਜਜ਼ਬ ਕਰਨ ਦੀ ਕੋਸ਼ਿਸ਼ ਦਾ ਹੋਰ ਤੇਜ਼ ਤੇ ਤਿੱਖਾ ਹੋਣਾ ਲਾਜ਼ਮੀ ਹੈ। ਇਹ ਆਰਐਸਐਸ ਦੇ ਮਿੱਥੇ ਪ੍ਰੋਗਰਾਮ ਦੇ ਮੁਤਾਬਕ ਹੈ ਤੇ ਉਹਨਾਂ ਲਈ ‘ਦੇਸ਼ ਸੇਵਾ’ ਦਾ ਦਰਜਾ ਰੱਖਦੀ ਹੈ ।

ਉਹ ਕੋਸ਼ਿਸ਼ ਕਰਨਗੇ ਕਿ ਤੁਸੀਂ ਉਹੀ ਦਿਨ ਤਿਉਹਾਰ ਮਨਾਓ ਤੇ ਉਸੇ ਤਰ੍ਹਾਂ ਮਨਾਓ, ਜਿਵੇਂ ਹਿੰਦੂ ਮਨਾਉਂਦੇ ਹਨ । ਉਹਨਾਂ ਦੀ ਕੋਸ਼ਿਸ਼ ਹੋਵੇਗੀ ਕਿ ਤੁਸੀਂ ਆਪਣੇ ਰਹਿਣ ਸਹਿਣ ਕਾਰਨ ਉਹਨਾਂ ਵਰਗੇ ਹੀ ਤੇ ਉਹਨਾਂ ਦਾ ਹੀ ਹਿੱਸਾ ਲੱਗੋ।

ਸਾਡੇ ਪੰਜ ਕੱਕਾਰ ਧਾਰਨ ਕਰਨੇ, ਪੰਜ ਬਾਣੀਆਂ ਪੜ੍ਹਨੀਆਂ ਤੇ ਆਖੰਡ ਪਾਠ ਕਰਨ ਨਾਲ ਹਿੰਦੁਤਵੀ ਧਾਰਾ ਤੇ ਭਾਰਤੀ ਕਾਨੂੰਨ ਨੂੰ ਕੋਈ ਸਮੱਸਿਆ ਨਹੀਂ ਹੈ, ਉਹ ਕੋਈ ਇਤਰਾਜ਼ ਨਹੀਂ ਕਰਨਗੇ।

ਹਾਂ, ਅਗਰ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਦੇ ਨਾਲ, ਗੁਰੂ ਸਾਹਿਬਾਨ ਦੀਆਂ ਮੂਰਤੀਆਂ ਤੇ ਤਸਵੀਰਾਂ ਨੂੰ ਵੀ ਮੱਥਾ ਟੇਕਾਂਗੇ, ਤਾਂ ਉਹਨਾਂ ਨੂੰ ਚੰਗੇ ਲੱਗਾਂਗੇ। ਅਗਰ ਅਸੀਂ ਗੁਰਦਵਾਰੇ ਜਾਣ ਦੇ ਨਾਲ ਨਾਲ ‘ਸ਼ਿਵ ਲਿੰਗ’, ਗਣੇਸ਼, ਤੇ ਦੇਵੀਆਂ ਦੀ ਵੀ ਪੂਜਾ ਕਰਾਂਗੇ ਤਾਂ ਉਹਨਾਂ ਨੂੰ ਯਕੀਨਨ ਚੰਗੇ ਲੱਗਾਂਗੇ ।

ਅਗਰ ਅਸੀਂ ਉਹਨਾਂ ਵਾਂਗ ਹੀ ਰੰਗਾਂ ਦੀ ਹੋਲੀ ਖੇਡੀਏ, ਕੁੰਭ ਨਹਾਉਣ ਜਾਈਏ ਤੇ ਭਗ਼ਵੇਂ ਰੰਗ ਨੂੰ ਤਰਜੀਹ ਦੇਈਏ ਤਾਂ ਉਹਨਾਂ ਦੀਆਂ ਖ਼ੁਸ਼ੀਆਂ ਦੇ ਪਾਤਰ ਬਣਾਂਗੇ ।

ਹਿੰਦੂਤਵੀ ਰਾਸ਼ਟਰਵਾਦੀਆਂ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਗੁਰਦਵਾਰਿਆਂ ਦਾ ਪ੍ਰਬੰਧ ਆਪਣੇ ਹੱਥ ਵਿੱਚ ਰੱਖੋ ਪਰ ਉਹ ਇਹ ਜ਼ਰੂਰ ਚਾਹੁਣਗੇ ਕਿ ਗੁਰਦਵਾਰਿਆਂ ਦਾ ਪ੍ਰਬੰਧਕੀ ਸਿਸਟਮ ਮੰਦਰਾਂ ਨਾਲ ਮਿਲਦਾ ਜੁਲਦਾ ਹੋਵੇ ਤੇ ਗੁਰਦਵਾਰੇ ਸਿੱਖਾਂ ਦੀਆਂ ਆਜ਼ਾਦ ਰਾਜਸੀ ਭਾਵਨਾਵਾਂ ਦੇ ਕੇਂਦਰ ਨਾ ਬਣਨ ।

ਉਹ ਸਾਨੂੰ ਇਹ ਕਹਿਣ ਦੀ ਵੀ ਇਜਾਜ਼ਤ ਦੇਣ ਨੂੰ ਤਿਆਰ ਹੋ ਜਾਣਗੇ ਕਿ ‘ਹਮ ਹਿੰਦੂ ਨਹੀਂ’। ਪਰ ਉਹ ਇਹ ਇਜਾਜ਼ਤ ਨਹੀਂ ਦੇ ਸਕਦੇ ਕਿ ਅਸੀਂ ਇਹ ਕਹੀਏ ਕਿ ਅਸੀਂ ‘ਹਿੰਦੂਤਵੀ ਰਾਸ਼ਟਰਵਾਦ’ ਦਾ ਹਿੱਸਾ ਨਹੀਂ, ਬਲਕਿ ਆਪਣੇ ਆਪ ਨੂੰ ਉਹਨਾਂ ਤੋਂ ਵੱਖ ਰਾਜਸੀ ਪ੍ਰਭੂਸੱਤਾ ਦੇ ਹੱਕਦਾਰ ਸਮਝਦੇ ਹਾਂ ।

ਭਾਰਤੀ ਰਾਸ਼ਟਰਵਾਦ ਆਪਣੀ ਸਰਪ੍ਰਸਤੀ ਹੇਠ ਤੁਹਾਨੂੰ ਸੂਬੇ ਦੀ ਹਕੂਮਤ ਕਰਨ ਦੀ ਇਜਾਜ਼ਤ ਵੀ ਦੇ ਸਕਦਾ ਹੈ ਪਰ ਤੁਹਾਨੂੰ ਵੱਖਰੇ ਦੇਸ਼ ਦੇ ਹੱਕਦਾਰ ਸਵੀਕਾਰ ਨਹੀਂ ਕਰ ਸਕਦਾ ।

ਰਾਜ ਸੱਤਾ ਦੀ ਖ਼ੁਸ਼ੀ ਹਾਸਿਲ ਕਰਨ ਲਈ ਸਾਡੀਆਂ ਕਈ ਸੰਸਥਾਵਾਂ, ਸੰਪਰਦਾਵਾਂ ਤੇ ਮਹਤੱਵਪੂਰਣ ਵਿਅਕਤੀਆਂ ਨੇ ਇਹ ਸਭ ਕੁਝ ਪਹਿਲਾਂ ਹੀ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਹੋਰ ਬਹੁਤ ਸਾਰੇ ਆਉਣ ਵਾਲੇ ਵਕਤ ਵਿਚ ਕਰਨ ਲੱਗ ਜਾਣਗੇ ।

ਸਿੱਖੀ ਦੇ ਪੱਖ ਤੋਂ ਗੱਲ ਕਰੀਏ ਤਾਂ ਜੇ ਅਸੀਂ ਹਿੰਦੂਤਵੀ ਰਹਿਣ ਸਹਿਣ, ਦਿਨ ਤਿਉਹਾਰ, ਰਸਮੋ ਰਿਵਾਜ ਤੇ ਖਾਣ ਪੀਣ ਹੀ ਰੱਖਣਾ ਹੈ, ਤਾਂ ਬੇਝਿਜਕ ਮੰਨ ਲੈਣਾ ਚਾਹੀਦਾ ਹੈ ਕਿ ਅਸੀਂ ਹਿੰਦੂਤਵ ਦਾ ਹੀ ਹਿੱਸਾ ਹਾਂ।

ਪਰ ਜੇ ਅਸੀਂ ਇਹ ਸਭ ਨਹੀਂ ਸਵੀਕਾਰਨਾ ਚਾਹੁੰਦੇ ਤਾਂ ਇਸ ਦੇ ਖਿਲਾਫ ਹਰ ਕਦਮ ਤੇ ਅੜਨਾ ਤੇ ਲੜਨਾ ਪਵੇਗਾ। ਇਸ ਲੜਾਈ ਨੂੰ ਕੀ ਰੂਪ ਦੇਣਾ ਹੈ, ਇਸ ਦਾ ਫੈਸਲਾ ਹਾਲਾਤ ਤੇ ਵਕਤ ਮੁਤਾਬਕ ਕਰਨਾ ਪਵੇਗਾ। ਪਰ ਦੋਹਾਂ ਵਿੱਚੋਂ ਇੱਕ ਹੀ ਰਸਤਾ ਸਾਨੂੰ ਹੁਣ ਚੁਣਨਾ ਪੈਣਾ ਹੈ। ਦੋਹਾਂ ਰਸਤਿਆਂ ‘ਤੇ ਤੁਰਨ ਦੀ ਕੋਸ਼ਿਸ਼ ਦਾ ਮਤਲਬ ਆਪਣਾ ਆਪ ਗਵਾ ਲੈਣਾ ਹੈ। ਆਨੰਦਪੁਰ ਤੇ ਨਾਗਪੁਰ ਦੇ ਰਸਤੇ ਵੱਖ ਵੱਖ ਹੀ ਨਹੀਂ, ਉਲਟ ਦਿਸ਼ਾਵਾਂ ਵਿਚ ਹਨ ।

**- ਗਜਿੰਦਰ ਸਿੰਘ (ਦਲ ਖ਼ਾਲਸਾ)**

## ਪੰਜਾਬ ਨੂੰ ਗੈਂਗਲੈਂਡ ਬਣਾਉਣ ਵਲ ਤੋਰਨ ਵਾਲੇ ਗਾਇਕਾਂ ਨੂੰ ਨੱਥ ਪਾਵੇ ਸਰਕਾਰ

ਪੰਜਾਬੀ ਮਾਨਸਿਕਤਾ ਲੱਚਰ ਗਾਇਕੀ ਨੂੰ ਪ੍ਰਵਾਨ ਕਰ ਚੁੱਕੀ ਹੈ। ਕੁਝ ਗਾਇਕ ਅਜਿਹੇ ਗੀਤ ਗਾ ਕੇ ਪੰਜਾਬ ਨੂੰ ‘ਗੈਂਗਲੈਂਡ’ ਤੇ ਪੰਜਾਬੀਆਂ ਨੂੰ ਨਸ਼ੇੜੀ ਬਣਾ ਰਹੇ ਹਨ। ਇਸ ਸਭ ‘ਤੇ ਕਾਬੂ ਕਰਨ ਲਈ ਜ਼ਰੂਰੀ ਹੈ ਕਿ ਪੰਜਾਬ ਸਰਕਾਰ ਸਖਤੀ ਕਰੇ ਅਤੇ ਅਜਿਹੇ ਲੱਚਰ ਤੇ ਹਿੰਸਕ ਗਾਣਿਆਂ ਦੇ ਪ੍ਰਸਾਰਨ ਤੇ ਰੋਕ ਲਗਾਈ ਜਾਵੇ ਪਰ ਪੰਜਾਬ ਸਰਕਾਰ ਨੇ ਕੋਈ ਜ਼ਿੰਮੇਵਾਰੀ ਨਹੀਂ ਨਿਭਾਈ। ਪੰਜਾਬ ਦਾ ਇਕ ਫੁਕਰਾ ਗਾਇਕ ਹੈ, ਜਿਹੜਾ ਕਦੇ ਆਪਣੇ ਗੀਤਾਂ ਵਿਚਲੀ ਸ਼ਬਦਾਵਲੀ ਕਰਕੇ ਚਰਚਾ ਵਿਚ ਰਹਿੰਦਾ ਹੈ ਤੇ ਕਦੇ ਆਪਣੇ ਗੀਤ ਦੇ ਵੀਡੀਓ ਵਿਚ ਦਿਖਾਏ ਜਾਂਦੇ ਹਥਿਆਰਾਂ ਕਰਕੇ ਤੇ ਕਦੇ ਆਪਣੇ ਲਾਈਵ ਸ਼ੋਅ ਦੌਰਾਨ ਹੁੰਦੇ ਵਿਵਾਦ ਕਰਕੇ। ਹਾਲ ਹੀ ਵਿਚ ਕੈਨੇਡਾ ਦੇ ਮੈਟਰੋ ਵੈਨਕੂਵਰ ‘ਚ ਕਰਵਾਏ ਜਾ ਰਹੇ ਫਾਈਵ ਐਕਸ ਫੈਸਟੀਵਲ‘ਚ ਇਸ ਗਾਇਕ ਸਿੱਧੂ ਮੂਸੇਵਾਲਾ ਨੇ ਆਉਣਾ ਸੀ ਪਰ ਸਰੀ ਦੀ ਪੁਲਿਸ ਨੇ ਉਸ ਨੂੰ ਜਨਤਕ ਸੁਰੱਖਿਆ ਲਈ ਖਤਰਾਦੱਸ ਕੇ ਗਾਉਣ ਤੋਂ ਮਨ੍ਹਾ ਕਰ ਦਿੱਤਾ ਹੈ। ਪੁਲਿਸ ਨੇ ਇਸ ਸਬੰਧੀ ਸਮਾਗਮ ਦੇ ਪ੍ਰਬੰਧਕ ਵੈਨਕੂਵਰ ਇੰਟਰਨੈਸ਼ਨਲ ਭੰਗੜਾ ਕੰਪੀਟੀਸ਼ਨਤਕ ਪਹੁੰਚ ਕੀਤੀ ਸੀ ਤੇ ਕਿਹਾ ਸੀ ਕਿ ਮੂਸੇਵਾਲਾ ਦੇ ਸ਼ੋਅ ਵਿਚ ਆਉਣ ਤੇ ਉਹ ਸ਼ੋਅ ਨਹੀਂ ਕਰਵਾਉਣ ਦੇਣਗੇ। ਅਖੀਰ ਸ਼ੋਅ ਵਾਲਿਆਂ ਵਲੋਂ ਮੂਸੇਵਾਲਾ ਦਾ ਨਾਮ ਗਾਇਕਾਂ ਦੀ ਲਿਸਟ ਚੋਂ ਕੱਢਣ ਮਗਰੋਂ ਪੁਲਿਸ ਸ਼ੋਅ ਲਈ ਰਾਜ਼ੀ ਹੋ ਗਈ। ਜਿਨ੍ਹਾਂ ਦੇ ਗੀਤਾਂ ਨੇ ਪੰਜਾਬ ਦੀ ਜਵਾਨੀ ਨੂੰ ਗਲਤ ਰਾਹੇ ਪਾਉਣ ਵਿਚ ਆਪਣਾ ਯੋਗਦਾਨ ਪਾਇਆ, ਉਸ ਨੂੰ ਪੰਜਾਬੀ ਲੋਕ ਤਾਂ ਸਮਝ ਨਹੀਂ ਸਕੇ ਪਰ ਕਨੇਡਾ ਦੀ ਪੁਲਿਸ ਨੂੰ ਸਮਝ ਆ ਗਿਆ ਕਿ ਇਹ ਗੀਤ ਸਾਡੇ ਵੀ ਗੈਂਗਲੈਡ ਬਣਾ ਸਕਦੇ ਹਨ। ਜਿਹੜਾ ਕੰਮ ਸਾਡੇ ਲੋਕ ਨਹੀਂ ਕਰ ਸਕੇ, ਉਹ ਕਨੇਡਾ ਦੀ ਪੁਲਿਸ ਨੂੰ ਕਰਨਾ ਪਿਆ। ਪੰਜਾਬ ਸਰਕਾਰ ਜੀ ਤੁਸੀਂ ਇਹਨਾਂ ਗਾਇਕਾਂ ਬਾਰੇ ਚੁੱਪ ਕਿਉਂ ਹੋ ਜੋ ਪੰਜਾਬ ਨੂੰ ਗੈਂਗਲੈਂਡ ਬਣਾਉਣਾ ਚਾਹੁੰਦੇ ਹਨ। ਸ਼੍ਰੋਮਣੀ ਕਮੇਟੀ ਨੂੰ ਇਹਨਾਂ ਗਾਇਕਾਂ ਬਾਰੇ ਕਰੜੀ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਤੇ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਇਹਨਾਂ ਦੇ ਅਖਾੜੇ ਪੰਜਾਬ ਵਿਚ ਨਾ ਲੱਗਣ ਦੇਣ ਤੇ ਇਹਨਾਂ ਦਾ ਬਾਈਕਾਟ ਕਰਨ।

**- ਬਲਵਿੰਦਰ ਪਾਲ ਸਿੰਘ ਪ੍ਰੋ.**

## ਪੰਜਾਬ ਤੋਂ ਵਿਦੇਸ਼ਾਂ ਵਿਚ ਜਾਣ ਲਈ ਆਈਲੈਟਸ ਦਾ ਵਧਦਾ ਰੁਝਾਨ

ਪੰਜਾਬ ਤੋਂ ਵਿਦੇਸ਼ਾਂ ਵਿਚ ਜਾਣ ਦਾ ਰੁਝਾਨ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਆਈਲੈਟਸ ਰਾਹੀਂ ਵਿਦੇਸ਼ਾਂ ਵਿਚ ਜਾਣ ਦਾ ਜੋ ਰੁਝਾਨ ਪੈਦਾ ਹੋਇਆ ਹੈ, ਉਸ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਅੰਕੜਿਆਂ ਮੁਤਾਬਕ ਹਰ ਸਾਲ ਲੱਖ ਤੋਂ ਡੇਢ ਲੱਖ ਵਿਦਿਆਰਥੀ ਆਈਲੈਟਸ ਕਰ ਕੇ ਪੰਜਾਬ ਤੋਂ ਵਿਦੇਸ਼ਾਂ ਵਿਚ ਜਾ ਰਹੇ ਹਨ। ਹਰੇਕ ਵਿਅਕਤੀ ਨੂੰ ਚੰਗੀ ਜ਼ਿੰਦਗੀ ਜਿਊਣ ਅਤੇ ਸੁਪਨੇ ਸਾਕਾਰ ਕਰਨ ਦਾ ਪੂਰਾ ਅਧਿਕਾਰ ਹੈ। ਜੇ ਉਸ ਨੂੰ ਇੱਥੇ ਆਮਦਨ ਦੇ ਵਸੀਲੇ ਪ੍ਰਾਪਤ ਨਹੀਂ ਹੋ ਰਹੇ ਹਨ ਤਾਂ ਉਹ ਵਿਦੇਸ਼ ਜਾਣ ਨੂੰ ਤਰਜੀਹ ਜ਼ਰੂਰ ਦੇਵੇਗਾ। ਆਈਲੈਟਸ ਨੇ ਜਿੱਥੇ ਵਿੱਦਿਅਕ ਸੰਸਥਾਵਾਂ ਨੂੰ ਆਰਥਿਕ ਸੱਟ ਮਾਰੀ ਹੈ, ਉੱਥੇ ਹੀ ਰਿਸ਼ਤਿਆਂ ਦਾ ਮਾਪਦੰਡ ਵੀ ਆਈਲੈਟਸ ਕਰ ਕੇ ਆਏ ਬੈਂਡ ਨਿਰਧਾਰਤ ਕਰਦੇ ਹਨ ਅਤੇ ਦੇਸ਼ਾਂ ਦੇ ਹਿਸਾਬ ਨਾਲ ਕੁੜੀਆਂ ਵਾਲੇ ਪਰਿਵਾਰ ਵੱਲੋਂ ਮੁੰਡਿਆਂ ਵਾਲੇ ਪਰਿਵਾਰ ਤੋਂ ਪੈਸਿਆਂ ਦੀ ਮੰਗ ਕੀਤੀ ਜਾਂਦੀ ਹੈ। ਸਰਕਾਰੀ ਅਤੇ ਗ਼ੈਰ-ਸਰਕਾਰੀ ਕਾਲਜਾਂ, ਯੂਨੀਵਰਸਿਟੀਆਂ ਵਿਚ ਸੀਟਾਂ ਖ਼ਾਲੀ ਹਨ। ਵਿਦੇਸ਼ਾਂ ਵਿਚ ਫੀਸਾਂ ਦੇ ਰੂਪ ਵਿਚ ਕਰੋੜਾਂ-ਅਰਬਾਂ ਰੁਪਏ ਜਾ ਰਹੇ ਹਨ। ਬੱਚਿਆਂ ਦੇ ਕਿਸੇ ਵੀ ਤਰ੍ਹਾਂ ਵਿਦੇਸ਼ ਜਾਣ ਲਈ ਜ਼ਿਆਦਾਤਰ ਮਾਪਿਆਂ ਦੁਆਰਾ ਜ਼ਮੀਨਾਂ ਤਕ ਵੇਚੀਆਂ ਜਾ ਰਹੀਆਂ ਹਨ। ਸ਼ਹਿਰਾਂ ਵਿਚ ਧੜਾਧੜ ਆਈਲੈਟਸ ਸੈਂਟਰ ਖੁੱਲ੍ਹ ਰਹੇ ਹਨ ਅਤੇ ਉਹ ਮਰਜ਼ੀ ਨਾਲ ਫੀਸਾਂ ਵਸੂਲ ਕਰ ਰਹੇ ਹਨ। ਫਾਈਲਾਂ ਲਾਉਣ ਵਾਲੀਆਂ ਏਜੰਸੀਆਂ ਖ਼ੂਬ ਪੈਸਾ ਕਮਾ ਰਹੀਆਂ ਹਨ। ਪੰਜਾਬ ਵਿਚ ਕੁਝ ਸਮਾਂ ਪਹਿਲਾਂ ਲੋਕ ਸਭਾ ਚੋਣਾਂ ਹੋ ਕੇ ਹਟੀਆਂ ਹਨ ਅਤੇ ਇਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਦੌਰਾਨ ਕਿਸੇ ਵੀ ਸਿਆਸੀ ਪਾਰਟੀ ਨੇ ਇਸ ਗੰਭੀਰ ਮਸਲੇ ਨੂੰ ਨਹੀਂ ਚੁੱਕਿਆ ਅਤੇ ਨਾ ਹੀ ਇਸ ਸਮੱਸਿਆ ਦਾ ਹੱਲ ਕਰਨ ਲਈ ਆਪਣੇ ਚੋਣ ਮੈਨੀਫੈਸਟੋ ਵਿਚ ਕੋਈ ਠੋਸ ਨੀਤੀ ਬਣਾਉਣ ਦੀ ਗੱਲ ਕਹੀ ਹੈ। ਸਰਕਾਰਾਂ ਨੂੰ ਬਿਲਕੁਲ ਚਿੰਤਾ ਨਹੀਂ ਕਿ ਉਨ੍ਹਾਂ ਦੇ ਸੂਬੇ ਦਾ ਨੌਜਵਾਨ ਵਰਗ ਇੰਨੀ ਭਾਰੀ ਗਿਣਤੀ ਵਿਚ ਵਿਦੇਸ਼ਾਂ ਵਿਚ ਜਾ ਰਿਹਾ ਹੈ। ਉਹ ਆਪਣੀ ਜ਼ਿੰਮੇਵਾਰੀ ਨਹੀਂ ਸਮਝਦੀਆਂ ਇਸ ਗੰਭੀਰ ਸਮੱਸਿਆ ‘ਤੇ ਘੋਖ-ਪੜਤਾਲ ਕਰਨ ਦੀ। ਪੰਜਾਬ ਵਿਚ ਸਰਕਾਰੀ ਨੌਕਰੀਆਂ ਤਾਂ ਬਹੁਤ ਦੂਰ ਦੀ ਗੱਲ ਹੈ, ਪ੍ਰਾਈਵੇਟ ਸੈਕਟਰ ਵਿਚ ਵੀ ਨੌਕਰੀਆਂ ਨਾਮਾਤਰ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਸਰਕਾਰਾਂ ਦੀ ਬੇਰੁਖੀ ਕਾਰਨ ਸਨਅਤਾਂ ਦਾ ਪੰਜਾਬ ਤੋਂ ਬਾਹਰ ਚਲੇ ਜਾਣਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਇਸ ਮੁੱਦੇ ‘ਤੇ ਸੋਚ-ਵਿਚਾਰ ਕੇ ਅਜਿਹੀਆਂ ਨੀਤੀਆਂ ਬਣਾਈਆਂ ਜਾਣ ਤਾਂ ਜੋ ਇੱਥੇ ਉਦਯੋਗ ਸਥਾਪਤ ਹੋ ਸਕਣ। ਨੌਜਵਾਨਾਂ ਨੂੰ ਕਾਰੋਬਾਰ ਕਰਨ ਲਈ ਘੱਟ ਵਿਆਜ ‘ਤੇ ਕਰਜ਼ਾ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਉਨ੍ਹਾਂ ‘ਚ ਵਿਦੇਸ਼ਾਂ ਪ੍ਰਤੀ ਖਿੱਚ ਘਟ ਸਕੇ।

**-ਕਮਲ ਬਰਾੜ, ਕੋਟਲੀ ਅਬਲੂ**

## ਪੂਰਾ ਪੰਜਾਬ ਡਿੱਗ ਚੁਕਿਆ ਹੈ ਬੋਰਵੈੱਲ ‘ਚ

ਇਸ ਸਮੇਂ ਅਸੀਂ ਜਿਸ ਮੋੜ ‘ਤੇ ਖੜ੍ਹੇ ਹਾਂ, ਉੱਥੇ ਪੰਜਾਬ ਦੇ ਖੇਤ, ਬਹਿਕਾਂ ਸਭ ਰੁੰਡ ਮਰੁੰਡੀਆਂ ਨੇ। ਹਵਾ ਵਿਚ ਜ਼ਹਿਰ ਘੁਲਿਆ ਹੋਇਆ ਹੈ। ਜਵਾਨੀ ਦਾ ਖ਼ੂਨ ਨਸ਼ੇ ਨਾਲ ਪ੍ਰਦੂਸ਼ਿਤ ਹੈ। ਚਾਲੀਵਾਂ ਸਾਲ ਡਾਇਬਟੀਜ਼, ਕਾਲਾ ਪੀਲੀਆ, ਗੁਰਦਿਆਂ ਦੀ ਬਿਮਾਰੀ ਤੇ ਕੈਂਸਰ ਦੀ ਬਿਮਾਰੀ ਨਾਲ ਦਸਤਕ ਦਿੰਦਾ ਹੈ। ਲੋਕ ਸਿਆਸਤਦਾਨਾਂ ਨੂੰ ਸਮੇਂ ਦਾ ਦੁਸ਼ਮਣ ਮੰਨਦੇ ਹਨ ਅਤੇ ਸਿਆਸਤਦਾਨ ਲੋਕਾਂ ਦੀ ਮੂਰਖਤਾਈ ‘ਤੇ ਆਪਣਾ ਵਕਤ ਟਪਾ ਰਹੇ ਹਨ। ਸਮਾਜ ਯੋਜਨਾਹੀਣ ਨਜ਼ਰ ਆ ਰਿਹਾ ਹੈ।

ਜਸਪਾਲ ਸਿੰਘ ਨਾਂ ਦਾ ਮੁੰਡਾ ਜ਼ਿੰਦਗੀ ਦੇ ਸਭ ਤੋਂ ਹੁਸੀਨ ਤੇ ਕਾਰਜਸ਼ੀਲ ਵਰ੍ਹਿਆਂ ਵਿਚ ਪੁਲਿਸ ਥਾਣੇ ਵਿਚ ਆਪਣੀ ਮੌਤ ਸਹੇੜ ਬੈਠਦਾ ਹੈ। ਉਸ ਦੀ ਮੌਤ ਦਾ ਰੋਹ ਕੁਝ ਰੁਪਈਆਂ ਅਤੇ ਆਰਜ਼ੀ ਨੌਕਰੀ ਨਾਲ ਢਕ ਲਿਆ ਜਾਂਦਾ ਹੈ। ਲੋਕ ਜਸਪਾਲ ਨੂੰ ਹਫ਼ਤੇ ਵਿਚ ਹੀ ਭੁੱਲਣ ਲੱਗਦੇ ਹਨ ਤਾਂ ਉਸ ਦੀ ਥਾਂ ਦੋ ਵਰ੍ਹਿਆਂ ਦਾ ਫ਼ਤਹਿਵੀਰ ਸਿੰਘ ਲੈ ਲੈਂਦਾ ਹੈ।ਜਦੋਂ ਉਹ ਆਪਣੇ ਬਾਲ ਮਨ ਦੀ ਕਰਦਾ ਹੈ ਤਾਂ ਆਪਣੇ ਪਰਿਵਾਰ ਦੇ ਪੱਟੇ ਖੂਹ ਵਿਚ ਜਾ ਡਿੱਗਦਾ ਹੈ ਜਿਸ ਨੂੰ ਆਧੁਨਿਕ ਦੌਰ ਵਿਚ ਬੋਰਵੈੱਲ ਕਹਿੰਦੇ ਹਨ।

ਇਹ ਖੂਹ ਪਿਛਲੇ ਚਾਲੀ ਵਰ੍ਹਿਆਂ ਦੇ ਉਸ ਪ੍ਰਬੰਧ ਦੀ ਸਾਂਝੀ ਦੇਣ ਹੈ ਜਿਸ ਨੂੰ ਸਿਰਜਣ ਵਿਚ ਅਸੀਂ ਸਭ ਬਰਾਬਰ ਦੇ ਜ਼ਿੰਮੇਵਾਰ ਹਾਂ। ਅੱਜ ਸੋਸ਼ਲ ਮੀਡੀਆ ਪੰਜਾਬ ਸਰਕਾਰ ਤੇ ਉਸ ਦੇ ਮੁਖੀ ਕੈਪਟਨ ਅਮਰਿੰਦਰ ਸਿੰਘ ਨੂੰ ਜ਼ਿੰਮੇਵਾਰ ਦਰਸਾ ਰਿਹਾ ਹੈ। ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਉਸੇ ਰਾਹ ‘ਤੇ ਤੁਰਿਆ ਹੋਇਆ ਹੈ ਜਿਸ ਤਰ੍ਹਾਂ ਕੋਟਕਪੂਰਾ ਵਿਚ ਬਰਗਾੜੀ ਬੇਅਦਬੀ ਕਾਂਡ ਦਾ ਵਿਰੋਧ ਕਰ ਰਹੇ ਕ੍ਰਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਦੀ ਪੁਲਸੀਆ ਗੋਲੀ ਨਾਲ ਹੋਈ ਮੌਤ ਨੂੰ ਸੱਤਾ ਦੀ ਲੜਾਈ ਵਿਚ ਕਾਂਗਰਸ ਨੇ ਭੁਨਾਇਆ ਸੀ। ਫ਼ਤਹਿਵੀਰ ਜਿਸ ਤਰ੍ਹਾਂ ਗਿਆ, ਉਹ ਸਾਡੇ ‘ਤੇ ਅਣਗਿਣਤ ਸਵਾਲ ਛੱਡ ਗਿਆ ਕਿ ਅਸੀਂ ਅਗਲੇ ਦੌਰ ਵਿਚ ਆਪਣੀ ਸਮਾਜਿਕ, ਸਿਆਸੀ, ਵਿਗਿਆਨਕ ਤੇ ਭੂਗੋਲਿਕ ਸੋਚ-ਸਮਝ ਕਿਵੇਂ ਬਣਾਉਣੀ ਹੈ ?

ਅਸੀਂ ਮੁਫ਼ਤ ਬਿਜਲੀ ਨੂੰ ਵੋਟ ਪਾਈ, ਅਸੀਂ ਤੇ ਸਾਡੀਆਂ ਕਿਸਾਨ ਜੱਥੇਬੰਦੀਆਂ ਨੇ ਕਦੇ ਵੀ ਬਦਲਵੀਂ ਖੇਤੀ, ਵਾਜਿਬ ਰੇਟਾਂ, ਨਵੀਆਂ ਤਕਨੀਕਾਂ, ਪੈਕ ਹਾਊਸ ਰੁਜ਼ਗਾਰਾਂ ਦੀ ਮੰਗ ਨਹੀਂ ਕੀਤੀ। ਅੱਜ ਅਸੀਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਫ਼ਤਹਿਵੀਰ ਨੂੰ ਬੋਰਵੈੱਲ ‘ਚੋਂ ਜਿਊਂਦਾ ਨਾ ਕੱਢਣ ‘ਤੇ ਅਸਫ਼ਲ ਰਹਿਣ ਦਾ ਪ੍ਰਸ਼ਾਸਨਿਕ ਦੋਸ਼ ਲਾ ਰਹੇ ਹਾਂ ਜਿਸ ਦਾ ਸਰਕਾਰ ਕੋਲ ਹਮੇਸ਼ਾ ਦੀ ਤਰ੍ਹਾਂ ਬਦਲਵਾਂ ਰਾਹ ਹੈ ਜਿਸ ਨੂੰ ਮੁਆਵਜ਼ਾ ਕਹਿੰਦੇ ਹਨ। ਇਹ ਮੁਆਵਜ਼ਾ ਲੋਕਾਂ ਦੇ ਇਕੱਠ ਤੈਅ ਕਰਦੇ ਹਨ। ਜਿੰਨਾ ਲੋਕ ਰੋਹ, ਓਨਾ ਵੱਡਾ ਮੁਆਵਜ਼ਾ ਪਰ ਉਸ ਪਿਆਰੇ ਨਿੱਕੇ ਫੁੱਲ ਫ਼ਤਹਿਵੀਰ ਨੂੰ ਅਸਲ ਸ਼ਰਧਾਂਜਲੀ ਇਹੋ ਹੋਵੇਗੀ ਕਿ ਪੰਜਾਬ ਦੀ ਆਬੋ-ਹਵਾ, ਜ਼ਮੀਨ, ਪਾਣੀ, ਖੇਤੀ ਤੇ ਜਵਾਨੀ ਨੂੰ ਮੁੜ ਲੀਹ ‘ਤੇ ਲਿਆਉਣ ਲਈ ਸਰਕਾਰ ‘ਤੇ ਦਬਾਅ ਪਾਇਆ ਜਾਵੇ ਕਿਉਂਕਿ ਫ਼ਤਹਿਵੀਰ ਸਾਡੇ ਨਵੇਂ ਸਿਰਜੇ ਪੰਜਾਬ ਦਾ ਉਹ ਵੀਰ ਹੈ ਜਿਸ ਦੀ ਸ਼ਹਾਦਤ ‘ਤੇ ਸਾਡੀਆਂ ਅੱਖਾਂ ਨਾ ਖੁੱਲ੍ਹੀਆਂ ਤਾਂ ਅਸੀਂ ਲੱਖਾਂ ਫ਼ਤਹਿਵੀਰਾਂ ਦੇ ਕਾਤਲ ਹੋਵਾਂਗੇ ਜਿਨ੍ਹਾਂ ਨੇ ਅਜੇ ਜਨਮ ਲੈਣਾ ਹੈ ਜਾਂ ਪੰਜਾਬ ਵਿਚ ਜਨਮ ਲੈ ਚੁੱਕੇ ਹਨ। ਕਰਿੱਡ ਦੇ ਅੰਕੜਿਆਂ ਮੁਤਾਬਕ ਸੰਨ 2015 ਵਿਚ ਪੰਜਾਬ ਵਿਚ 15 ਲੱਖ ਟਿਊਬਵੈੱਲ ਕੰਮ ਕਰਦੇ ਸਨ। ਐਨਾ ਹੀ ਨਹੀਂ, 2005 ਤੋਂ 2010 ਵਿਚਕਾਰ ਹੋਏ ਤਕਰੀਬਨ ਚਾਰ ਲੱਖ ਬੋਰਵੈੱਲਾਂ ‘ਚੋਂ ਅੱਧੇ 10 ਸਾਲਾਂ ਵਿਚ ਖੜ੍ਹ ਚੁੱਕੇ ਹਨ। ਪੰਜਾਬ ਦੇ 138 ਬਲਾਕਾਂ ‘ਚੋਂ 40 ਬਲਾਕ ਧਰਤੀ ਹੇਠਲੇ ਪਾਣੀ ਦੇ ਮਾਮਲੇ ਵਿਚ ਅਤੀ ਮਾੜੇ ਦੌਰ ਵਿਚ ਹਨ ਅਤੇ ਫ਼ਤਹਿਵੀਰ ਦਾ ਪਿੰਡ ਭਗਵਾਨਪੁਰਾ ਅਜਿਹੇ ਹੀ ਇਕ ਬਲਾਕ ਸੁਨਾਮ ਦਾ ਹਿੱਸਾ ਹੈ। ਜੇ ਸਰਕਾਰ ਤੇ ਲੋਕਾਂ ਨੇ ਨਵੀਆਂ ਯੋਜਨਾਵਾਂ ‘ਤੇ ਕੰਮ ਨਾ ਕੀਤਾ ਤਾਂ ਆਉਂਦੇ ਦੋ-ਤਿੰਨ ਸਾਲਾਂ ਤਕ ਹਰ ਮੋੜ ‘ਤੇ ਅਜਿਹੇ ਬੋਰਵੈੱਲ ਦਿਸਣ ਨੂੰ ਮਿਲਣਗੇ।

**- ਤਰਨਦੀਪ ਬਿਲਾਸਪੁਰ**

## ਪੰਜਾਬੀ ਸੱਭਿਆਚਾਰ ਵਿਚ ਪੰਜ ਦਾ ਮਹੱਤਵ

ਪੰਜਾਬੀ ਸੱਭਿਆਚਾਰ ਵਿਚ ਪੰਜ ਦੇ ਅੰਕ ਤੇ ਸੰਕਲਪ ਦਾ ਵਿਸ਼ੇਸ਼ ਸਥਾਨ ਹੈ । ਪੰਜਾਬ ਇਕ ਅਜਿਹੇ ਭੂਗੋਲਿਕ ਖ਼ਿੱਤੇ ਦਾ ਨਾਮ ਹੈ ਜੋ ਪੰਜਾਂ ਦਰਿਆਵਾਂ (ਸਤਲੁਜ, ਬਿਆਸ, ਰਾਵੀ, ਝਨਾਂ ਤੇ ਜਿਹਲਮ)ਦੇ ਵਿਚਕਾਰ ਸਥਿਤ ਹੈ ।ਪੰਜਾਂ ਦਰਿਆਵਾਂ ਦੀ ਇਸ ਧਰਤੀ ਦਾ ਪੰਜ ਦੇ ਅੰਕੜੇ ਨਾਲ ਵਿਸ਼ੇਸ਼ ਸੰਬੰਧ ਹੈ । ਦੂਜੇ ਸ਼ਬਦਾਂ ਚ ਇੰਜ ਕਹਿ ਸਕਦੇ ਹਾਂ ਕਿ ਪੰਜਾਬ ਕਦੇ ਵੀ ਪੰਜਾਬ ਨਾ ਹੁੰਦਾ ਜੇਕਰ ਇਸ ਧਰਤੀ ‘ਤੇ ਪੰਜ ਦਰਿਆਵਾਂ ਦਾ ਵਹਿਣ ਨਾ ਹੁੰਦਾ । ਪੰਜਾਂ ਦਰਿਆਵਾਂ ਦੀ ਧਰਤੀ ਹੋਣ ਦੇ ਨਾਤੇ, ਨਾ ਹੀ ਪੰਜਾਬ ਪੰਜਾਂ ਦਰਿਆਵਾਂ ਤੋਂ ਮੁਕਤ ਹੋ ਸਕਦਾ ਹੈ, ਨਾ ਹੀ ਪੰਜ ਦੋਆਬਿਆਂ, ਪੰਜ ਪੀਰਾਂ, ਪੰਜ ਪਾਂਡਵਾਂ, ਪੰਜਾਬੀ ਬੋਲੀ ਤੇ ਪੰਜ ਕੰਨਿਆਵਾਂ ਤੋਂ । ਇਸ ਦੇ ਪੰਜ ਹੀ ਪਿਆਲੇ ਹਨ ਤੇ ਪੰਜ ਹੀ ਇਸ਼ਨਾਨ ਹਨ। ਪੰਜ ਪਿਆਰਿਆਂ ਨਾਲ ਗੁਰੂ ਚੇਲੇ ਦੀ ਇਕਮਿਕਤਾ ਹੈ । ਇੱਥੋਂ ਦੇ ਵਾਸੀ ਪੰਜ ਖੰਡਾਂ, ਪੰਜ ਭੌਤਿਕ ਤੱਤਾਂ(ਅੱਗ, ਹਵਾ, ਪਾਣੀ, ਧਰਤੀ ਤੇ ਅਕਾਸ਼) ਪੰਜ ਵਿਸ਼ੇ ਵਿਕਾਰਾਂ (ਕਾਮ,ਕਰੋਧ, ਲੋਭ, ਮੋਹ ਤੇ ਹੰਕਾਰ) ਤੇ ਪੰਜਾਂ ਪਾਂਡਵਾਂ ਦਾ ਮਹੱਤਵ ਸਮਝਦੇ ਹਨ । ਪੰਜਾਂ ਕਕਾਰਾਂ ਦੇ ਅਨੁਸ਼ਾਸਨ ਚ ਰਹਿਣ ਵਾਲੇ ਇੱਥੋਂ ਦੇ ਬਹੁ ਗਿਣਤੀ ਲੋਕਾਂ ਦੀ ਪੰਜ ਵਿਸ਼ੇ ਵਿਕਾਰਾਂ ਨਾਲ ਟੱਕਰ ਹੈ । ਇਹ ਪੰਜਾਂ ਚ ਪਰਮੇਸ਼ਵਰ ਮੰਨਦੇ ਹੋਏ ਪੰਜਾਂ ਪੰਚਾਂ ਦੇ ਫ਼ੈਸਲੇ ਖਿੜੇ ਮੱਥੇ ਪਰਵਾਨ ਕਰਦੇ ਹਨ। ਜੰਗ ਵੇਲੇ ਵੈਰੀ ਨਾਲ ਪੰਜਾ ਕਿਵੇਂ ਲੜਾਉਣਾ ਹੈ ਤੇ ਖ਼ੁਸ਼ੀ ਵੇਲੇ ਪੰਜੇ ਉਂਗਲਾਂ ਘਿਓ ਚ ਕਿਵੇਂ ਰੱਖਣ ਦੇ ਪੂਰੀ ਤਰ੍ਹਾਂ ਮੁਹਾਰਤੀ ਹਨ । ਵਿਆਹ ਵੇਲੇ ਪੰਜ ਪੰਜ ਛੂਛਕਾਂ ਖੇਡਣਾ ਤੇ ਵੱਡਿਆਂ ਤੋਂ ਪੰਜੇ ਦਾ ਅਸ਼ੀਰਵਾਦ ਪਰਾਪਤ ਕਰਨਾ ਇੱਥੋਂ ਦੇ ਵਾਸ਼ਿੰਦਿਆਂ ਦੀ ਪੁਰਾਣੀ ਪਰੰਪਰਾ ਹੈ । ਸੋ ਕਹਿ ਸਕਦੇ ਹਾਂ ਕਿ ਪੰਜ ਦਾ ਅੰਕੜਾ ਪੰਜਾਬੀਆਂ ਵਾਸਤੇ ਬਹੁਤ ਅਹਿਮ ਹੀ ਨਹੀਂ ਸਗੋਂ ਉਹਨਾਂ ਦੇ ਜੀਵਨ ਦਾ ਅਨਿੱਖੜਵਾਂ ਅੰਗ ਹੈ ।

**– ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ**


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## Classified

### GROOM WANTED

**Jat Sikh 1991/5.8 MS Physics/ slim, Smart, Intelligent. Work visa in Sanfrancisco. Father and Mother in Government service in Fathegarh Sahib, India. Wanted Suitable California based citizen boy parents in California till 27th June.**

**Contact : 313-482-7864**

### ਕਿਚਨ ਹੈਲਪਰ ਅਤੇ ਕੈਸ਼ੀਅਰ ਦੀ ਲੋੜ

**ਪੈਨਸਲਵੇਨੀਆ ਗਰੋਸਰੀ ਸਟੋਰ ਤੇ ਕਿਚਨ ਹੈਲਪਰ ਅਤੇ ਕੈਸ਼ੀਅਰ ਦੀ ਲੋੜ ਹੈ। ਖਾਣਾ ਤੇ ਰਿਹਾਇਸ਼ ਫਰੀ, ਵਾਈ.ਫ-ਹਸਬੈਂਡ ਨੂੰ ਪਹਿਲ ਦਿੱਤੀ ਜਾਵੇਗੀ।**

**ਕਾਲ ਕਰੋ**

**610-864-9666**

**484-802-2779**

## ਝਿੱਕਾ ਆਰਟ ਪ੍ਰਮੋਸ਼ਨ ਵਲੋਂ 'ਫਾਦਰ'ਜ਼ ਡੇਅ ਸਮਾਗਮ' ਹੇਅਵਰਡ 'ਚ 23 ਨੂੰ

ਵਿਚ ਯਾਦ ਚਿੰਨ੍ਹ ਅਤੇ ਤੋਹਫੇ ਵੀ ਦਿੱਤੇ ਜਾਣਗੇ। ਇਸ ਤੋਂ ਸਿਵਾ ਅਜੇ ਭੰਗੜਾ ਅਕੈਡਮੀ ਵਲੋਂ ਗਿੱਧਾ ਅਤੇ ਭੰਗੜਾ ਦੀ ਪੇਸ਼ਕਾਰੀ ਹੋਵੇਗੀ। ਬਾਪ ਦੀ ਸਮਾਜਿਕ ਭੂਮਿਕਾ 'ਤੇ ਵੱਖ ਵੱਖ ਲੋਕ ਵਿਚਾਰ ਪੇਸ਼ ਕਰਨਗੇ। ਪੰਜਾਬ ਦੀ ਹਿੱਟ ਗਾਇਕ ਜੋੜੀ ਦੀਪ ਢਿੱਲੋਂ ਅਤੇ ਜੈਸਮੀਨ ਜੱਸੀ ਮਹਿਮਾਨ ਕਲਾਕਾਰ ਵਜੋਂ ਸ਼ਾਮਿਲ ਹੋ ਕੇ ਇਸ ਸੰਗੀਤਕ ਸ਼ਾਮ ਨੂੰ ਹੋਰ ਵੀ ਰੰਗੀਨ ਬਣਾਉਣਗੇ। ਮੰਚ ਸੰਚਾਲਨ ਸ਼ਕਤੀ ਮਾਣਕ ਦਾ ਹੋਵੇਗਾ। ਇੱਥੇ ਰਾਜਾ ਸਵੀਟਸ ਵਿਚ ਹੋਈ ਇਕ ਅਹਿਮ ਮੀਟਿੰਗ ਵਿਚ ਹਾਜ਼ਰ ਸਖਸ਼ੀਅਤਾਂ ਝਿੱਕਾ ਆਰਟ ਪ੍ਰਮੋਸ਼ਨ ਦੇ ਸੰਚਾਲਕ ਮਨਜੀਤ ਝਿੱਕਾ ਅਤੇ ਸੋਨੀਆ ਝਿੱਕਾ, ਭੂਆ ਗੁਰਮੀਤ ਕੌਰ ਛੀਨਾ, ਸ਼ਕਤੀ ਮਾਣਕ, ਕਸ਼ਮੀਰ ਕੌਰ ਭੌਰਾ, ਜਸਪ੍ਰੀਤ ਬਾਗਲਾ, ਜਸਵਿੰਦਰ ਕੌਰ, ਬਲਜਿੰਦਰ ਸਿੰਘ ਪੱਟੀ, ਮਨਜੀਤ ਕੌਰ ਪੱਟੀ, ਪਰਮਿੰਦਰ ਲਾਡੀ, ਜਸਵਿੰਦਰ ਸੱਗੀ ਹਾਜ਼ਰ ਸਨ। ਇਹ ਫੈਸਲਾ ਲਿਆ ਗਿਆ ਕਿ ਅਗਲੇ ਸਾਲ ਤੋਂ 'ਫਾਦਰ'ਜ਼ ਡੇਅ' ਨੂੰ ਹੋਰ ਵੀ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਸੋਨੀਆਂ ਝਿੱਕਾ ਅਤੇ ਮਨਜੀਤ ਝਿੱਕਾ ਨੇ ਕਿਹਾ ਕਿ ਹਾਜ਼ਰ ਸਰੋਤਿਆਂ ਨੂੰ ਚਾਹ ਪਾਣੀ ਦੇ ਨਾਲ ਨਾਲ ਰਾਤ ਦਾ ਭੋਜਨ ਵੀ ਦਿੱਤਾ ਜਾਵੇਗਾ। ਇਸ ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

## ਕਾਂਗਰਸੀ ਕੌਂਸਲਰ ਦੇ ਭਰਾ ਨੇ ਔਰਤ ਨੂੰ ਕੁੱਟ-ਕੁੱਟ ਕੀਤਾ ਅਧਮੋਇਆ

ਕੋਸ਼ਿਸ਼ ਦਾ ਮਾਮਲਾ ਦਰਜ ਕੀਤਾ ਗਿਆ ਹੈ। ਕਾਨੂੰਨ ਤੋਂ ਉਪਰ ਕੋਈ ਵੀ ਨਹੀਂ ਹੈ ਤੇ ਅਜਿਹੀਆਂ ਹਿੰਸਕ ਘਟਨਾਵਾਂ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।" ਇਸ ਮਾਮਲੇ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮਾਮਲਾ ਬੇਹੱਦ ਗੰਭੀਰ ਹੈ ਅਤੇ ਮਾਮਲੇ ਦੀ ਸੁਣਵਾਈ 'ਫਾਸਟ ਟਰੈਕ ਕੋਰਟ' ਵਿਚ ਹੋਣੀ ਚਾਹੀਦੀ ਹੈ।

**ਸੋਸ਼ਲ ਮੀਡੀਆ ਤੇ ਫੁੱਟਿਆ ਲੋਕਾਂ ਦਾ ਗ਼ੁੱਸਾ-**

ਜਿੱਥੇ ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਹੀ ਸਰਕਾਰ ਅਤੇ ਪੁਲਿਸ ਹਰਕਤ ਵਿਚ ਆਈ ਉੱਥੇ ਇਸ ਮਾਮਲੇ ਵਿਚ ਆਮ ਲੋਕਾਂ ਦਾ ਗ਼ੁੱਸਾ ਵੀ ਦੇਖਣ ਨੂੰ ਮਿਲਿਆ। ਜਿੱਥੇ ਕੁਝ ਦਿਨ ਪਹਿਲਾਂ ਸੰਗਰੂਰ ਵਿਚ ਬੋਰਵੈਲ ਵਿਚੋਂ ਦੋ ਸਾਲਾ ਬੱਚੇ ਨੂੰ ਨਾ ਕੱਢ ਸਕਣ ਦੇ ਚਲਦੇ ਸਰਕਾਰ ਨੂੰ ਨਾਮੋਸ਼ੀ ਦਾ ਸਾਹਮਣਾ ਕਰਨ ਪਿਆ ਉੱਥੇ ਇਸ ਘਟਨਾ ਮਗਰੋਂ ਲੋਕਾਂ ਨੇ ਸੂਬੇ ਵਿਚ ਕਾਨੂੰਨ ਵਿਵਸਥਾ ਅਤੇ ਗੁੰਡਾਗਰਦੀ ਦੇ ਮੁੱਦੇ 'ਤੇ ਸਰਕਾਰ ਖ਼ਿਲਾਫ਼ ਖ਼ੂਬ ਗ਼ੁੱਸਾ ਕੱਢਿਆ।

ਪੰਥਕ ਜਥੇਬੰਦੀਆਂ ਦੇ ਆਗੂ ਦੋਸ਼ੀਆਂ ਦੀ ਪੇਸ਼ੀ 'ਤੇ ਆਏ- ਜਿਸ ਵੇਲੇ ਮੁਲਜ਼ਮਾਂ ਨੂੰ ਪੇਸ਼ੀ ਲਿਆਂਦਾ ਗਿਆ ਤਾਂ ਉਨ੍ਹਾਂ ਦਾ ਪੰਥਕ ਜਥੇਬੰਦੀਆਂ ਵਲੋਂ ਕਰੜਾ ਵਿਰੋਧ ਹੋਇਆ। ਲੋਕਾਂ ਨੇ ਦੋਸ਼ੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਤੱਕ ਦੇਣ ਦੀ ਮੰਗ ਪ੍ਰਦਰਸ਼ਨਕਾਰੀਆਂ ਵੱਲੋਂ ਕੀਤੀ ਗਈ। ਪ੍ਰਦਰਸ਼ਨਕਾਰੀ ਪੁਲਿਸ ਵਾਲਿਆਂ ਨਾਲ ਵੀ ਨਾਰਾਜ਼ ਨਜ਼ਰ ਆਏ। ਪੁਲਿਸ ਵਾਲਿਆਂ ਦੇ ਖ਼ਿਲਾਫ਼ ਵੀ ਲੋਕਾਂ ਨੇ ਆਪਣਾ ਗੁੱਸਾ ਕੱਢਿਆ ਤੇ 4 ਦੋਸ਼ੀਆਂ ਦੇ ਅਜੇ ਤੱਕ ਫਰਾਰ ਹੋਣ ਉੱਤੇ ਸਵਾਲ ਖੜ੍ਹੇ ਕੀਤੇ।

## ਮਨੁੱਖ, ਸਿੱਖ ਅਤੇ ਖਾਲਸਾ

ਪ੍ਰੋਫੈਸਰ ਪੂਰਨ ਸਿੰਘ ਜੀ ਨੇ ਖ਼ਾਲਸੇ ਦੀ ਇਉਂ ਵਿਆਖਿਆ ਕੀਤੀ ਹੈ; "ਨਿਸਚੇ ਹੀ ਖ਼ਾਲਸਾ ਇੱਕ ਮਹਾਨ ਬਿਰਿਸ਼ ਹੈ ਜਿਸ ਦੀਆਂ ਜੜ੍ਹਾਂ ਪਤਾਲ਼ ਤਕ ਜਾਂਦੀਆਂ ਹਨ । ਅਤੇ ਟਹਿਣੀਆਂ ਅੰਬਰ ਛੂੰਹਦੀਆਂ ਹਨ । ਜਿਵੇਂ ਰੁੱਖ ਹੇਠ ਰੁੱਖ ਠੀਕ ਤਰੀਕੇ ਨਾਲ ਫਲ ਫੁਲ ਨਹੀਂ ਸਕਦਾ, ਏਸੇ ਤਰ੍ਹਾਂ ਸਿੱਖ ਭੀ ਕਿਸੇ ਅਧੀਨ ਫਲ ਫੁਲ ਨਹੀ ਸਕਦਾ। ਖ਼ਾਲਸੇ ਦੀ ਅਰਦਾਸ ਦੱਬੇ ਕੁਚਲਿਆਂ ਦੀ ਅਰਦਾਸ ਨਹੀਂ ਹੈ। ਇਹਦੀ ਤਾਂ ਜੇਤੂਆਂ ਵਾਲੀ ਅਰਦਾਸ ਹੁੰਦੀ ਹੈ। "

ਗੁਰੂ ਨਾਨਕ ਸਾਹਿਬ ਜੀ ਨੇ ਖਾਲਸੇ ਨੂੰ ਪਰੇਮ ਕਰਨਾ ਹੀ ਨਹੀਂ ਸਿਖਾਇਆ ਬਲਕਿ ਏਨਾ ਸੋਹਣਾ ਬਣਨਾ ਸਿਖਾਇਆ ਹੈ ਤਾਂ ਕਿ ਦੁਨੀਆ ਭਰ ਦੇ ਲੋਕ ਖ਼ਾਲਸੇ ਨੂੰ ਪਿਆਰ ਕਰਨ ਲਈ ਮਜਬੂਰ ਹੋ ਜਾਣ । ਪ੍ਰਚਾਰ ਕੀਤਾ ਜਾਂਦਾ ਹੈ ਕਿ ਰਾਜ ਕੋਈ ਥਾਲੀ ਵਿਚ ਪਰੋਸ ਕੇ ਨਹੀ ਦੇਂਦਾ। ਰਾਜ ਮਨੋਬਲ ਨਾਲ ਲਿਆ ਜਾਂਦਾ ਹੈ। ਅਸਲ ਗੱਲ ਇਹ ਹੈ ਕਿ ਜੇ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਬਣ ਜਾਵੇ, ਖ਼ਾਲਸਾ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਨੁਸਾਰ ਚਲਦਾ ਹੋਇਆ ਵਿਚਰੇ ਤਾਂ ਦੁਨੀਆ ਭਰ ਦੇ ਮਨੁੱਖਤਾ ਪ੍ਰਸਤ ਬੁੱਧੀਜੀਵੀ ਲੋਕ ਮਿੰਨਤਾਂ ਤਰਲੇ ਕਰਕੇ ਖ਼ਾਲਸੇ ਨੂੰ ਆਪਣੇ ਦੇਸ਼ ਦੀ ਵਾਗਡੋਰ ਸੰਭਾਲਣਗੇ। ਗੁਰੂ ਜੀ ਨੇ ਐਵੇਂ ਨਹੀਂ ਫੁਰਮਾਇਆ:-

ਹਸਤਿ ਸਿਰਿ ਜਿਉ ਅੰਕੁਸ ਹੈ
ਅਹਿਰਨ ਜਿਉ ਸਿਰਿ ਦੇਇ ॥
ਮਨ ਤਨ ਆਗੇ ਰਾਖ ਕੈ
ਊਭੀ ਸੇਵ ਕਰੇਇ ॥
ਇਉ ਗੁਰਮੁਖ ਆਪ ਨਿਵਾਰੀਐ
ਸਭਿ ਰਾਜ ਸ੍ਰਿਸ਼ਟੀ ਕਾ ਲੇਇ ॥

ਗੁਰੂ ਨਾਨਕ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਮਰਨ ਦੀ ਖੇਡ ਖੇਡਣ ਲਈ ਵੰਗਾਰਿਆ ਹੈ। ਉਹਨਾਂ ਮਹਿਸੂਸ ਕੀਤਾ ਸੀ ਕਿ ਇਸ ਤਰ੍ਹਾਂ ਦੀ ਜ਼ਿੰਦਗੀ ਨਾਲੋਂ ਮੌਤ ਹਜ਼ਾਰ ਦਰਜੇ ਚੰਗੀ ਹੈ ਜਿਸ ਵਿਚ ਅਜ਼ਾਦੀ ਦੀ ਅੱਗ ਨਹੀਂ ਬਲ਼ਦੀ। ਏਹੀ ਖ਼ਾਲਸੇ ਦੀ ਪ੍ਰੇਮਾ ਭਗਤੀ ਦੀ ਭਾਵਨਾ ਹੈ । ਇਹੀ ਕਾਰਨ ਹੈ ਕਿ ਖ਼ਾਲਸਾ ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਭੱਜ ਭੱਜ ਕੇ ਇੱਕ ਦੂਜੇ ਦੇ ਮੂਹਰੇ ਹੋ-ਹੋ ਕੇ ਸ਼ਹੀਦੀ ਪਾਉਣ ਨੂੰ ਅਨੰਦ ਸਮਝਦਾ ਹੈ। ਖ਼ਾਲਸੇ ਨੂੰ ਯਕੀਨ ਹੈ ਕਿ ਜੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੀ ਰਾਖੀ ਕਰਦਾ-ਕਰਦਾ ਸ਼ਹੀਦ ਹੋਵੇਗਾ ਤਾਂ ਉਹ ਅਨੰਤ ਜਨਮਾਂ ਤਕ ਜਦ ਭੀ ਉਹ ਇਸ ਧਰਤੀ 'ਤੇ ਆਵੇਗਾ ਤਾਂ ਉਹ ਖ਼ਾਲਸੇ ਦੇ ਰੂਪ ਵਿਚ ਆਵੇਗਾ ਅਤੇ ਗੁਰੂ ਜੀ ਦੇ ਰਹਿੰਦੇ ਕੰਮਾਂ ਦੀ ਪੂਰਤੀ ਦਾ ਮੌਕਾ ਮਿਲੇਗਾ ।

ਇਹਨਾਂ ਕਾਰਨਾਂ ਕਰਕੇ ਹੀ ਖ਼ਾਲਸਾ ਧਰਤੀ ਦਾ ਸਭ ਤੋਂ ਸੁੰਦਰ ਪ੍ਰਾਣੀ ਹੈ।

## ਪਰਵਾਸੀ ਪੰਜਾਬੀ, ਬੇਵਿਸ਼ਵਾਸੀ ਅਤੇ ਸਰਕਾਰੀ ਪਹਿਲਕਦਮੀ

ਅਮਰੀਕਾ, ਨੀਊਜ਼ੀਲੈਂਡ, ਅਸਟ੍ਰੇਲੀਆ ਵਿੱਚ ਗਏ ਪੰਜਾਬੀਆਂ ਨੇ ਵੀ ਹਰ ਖੇਤਰ ਵਿੱਚ ਆਪਣਾ ਨਾਮ ਰੋਸ਼ਨ ਕੀਤਾ ਅਤੇ ਇਨ੍ਹਾਂ ਆਪਣੀ ਜ਼ਿੰਦਗੀ ਵਿੱਚ ਪ੍ਰਵਾਨ ਚੜ੍ਹੇ ਪ੍ਰਵਾਸੀ ਪੰਜਾਬੀਆਂ ਨੇ ਜਿੱਥੇ ਆਪਣੇ ਪਰਿਵਾਰਾਂ ਲਈ ਸੁਖ ਸੁਵਿਧਾਵਾਂ ਪੈਦਾ ਕਰਨ ਦਾ ਯਤਨ ਕੀਤਾ, ਉੱਥੇ ਪੰਜਾਬ ਜਾਂ ਦੇਸ਼ ਵਸਦੇ ਰਿਸ਼ਤੇਦਾਰਾਂ ਅਤੇ ਹੋਰ ਪੰਜਾਬੀਆਂ ਦੇ ਭਲੇ ਹਿਤ ਆਪਣੇ ਕਾਰੋਬਾਰ ਖੋਲ੍ਹਕੇ ਉਹਨਾਂ ਦੀ ਸਹਾਇਤਾ ਵੀ ਕਰਨੀ ਚਾਹੀ, ਜਿਹੜੀ ਕਿ ਬਹੁਤਾ ਇਸ ਕਰਕੇ ਸਫਲਤਾ ਹਾਸਲ ਨਾ ਕਰ ਸਕੀ ਕਿ ਸਰਕਾਰਾਂ ਵਲੋਂ ਅਤੇ ਸਰਕਾਰੀ ਮਸ਼ੀਨਰੀ ਵਲੋਂ ਉਹਨਾਂ ਦੇ ਕੰਮ ਵਿੱਚ ਅੜਿੱਕੇ ਡਾਹੇ ਜਾਂਦੇ ਰਹੇ, ਜਿਸ ਤੋਂ ਪ੍ਰਵਾਸੀ ਪਿਛਲੇ ਸਮੇਂ ਤੋਂ ਡਾਢੇ ਨਿਰਾਸ਼ ਦਿਸ ਰਹੇ ਹਨ।

ਪ੍ਰਵਾਸੀ ਪੰਜਾਬੀਆਂ ਦੀਆਂ ਵੱਡੀਆਂ ਸਮੱਸਿਆਵਾਂ ਪ੍ਰਤੀ ਸਰਕਾਰਾਂ ਦੇ ਅਵੇਸਲੇਪਨ ਨੇ ਪ੍ਰਵਾਸੀਆਂ ਨੂੰ ਸਦਾ ਪ੍ਰੇਸ਼ਾਨ ਕੀਤਾ ਹੈ। ਉਹਨਾਂ ਦੀਆਂ ਜਾਇਦਾਦਾਂ ਪੰਜਾਬ ਵਿੱਚ ਸੁਰੱਖਿਅਤ ਨਹੀਂ। ਬਹੁਤੇ ਰਿਸ਼ਤੇਦਾਰਾਂ, ਭੂ-ਮਾਫੀਏ ਨੇ ਸਰਕਾਰੀ ਪ੍ਰਸ਼ਾਸਨ ਨਾਲ ਰਲਕੇ ਪ੍ਰਵਾਸੀਆਂ ਦੀਆਂ ਜਾਇਦਾਦਾਂ ਹੀ ਨਹੀਂ ਹੜੱਪੀਆਂ, ਉਹਨਾਂ ਉੱਤੇ ਝੂਠੇ ਕੇਸ ਵੀ ਦਰਜ਼ ਕਰਵਾਏ।

ਇਹਨਾਂ ਸਮੱਸਿਆਵਾਂ ਦੇ ਹੱਲ ਲਈ ਸਮੇਂ-ਸਮੇਂ ਦੀਆਂ ਅਕਾਲੀ-ਭਾਜਪਾ ਜਾਂ ਕਾਂਗਰਸ ਸਰਕਾਰਾਂ ਨੇ ਨਵੇਂ ਕਨੂੰਨ ਬਣਾਏ। ਪ੍ਰਵਾਸੀ ਪੰਜਾਬੀਆਂ ਦੀ ਸੰਸਥਾ ਐੱਨ.ਆਰ.ਆਈ. ਸਭਾ ਜਲੰਧਰ ਦੀ ਸਥਾਪਨਾ ਕੀਤੀ। ਐੱਨ.ਆਰ.ਆਈ. ਥਾਣੇ ਬਣਾਏ ਗਏ। ਐੱਨ.ਆਰ.ਆਈ. ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਹਰ ਵਰ੍ਹੇ ਪ੍ਰਵਾਸੀ ਪੰਜਾਬੀਆਂ ਦੀਆਂ ਬਹੁਤੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ। ਸੈਂਕੜਿਆਂ ਦੀ ਗਿਣਤੀ ਵਿੱਚ ਜ਼ਮੀਨ, ਜਾਇਦਾਦ ਦੇ ਕੇਸ ਅਦਾਲਤਾਂ ਵਿੱਚ ਹਨ। ਬਹੁਤੇ ਪ੍ਰਵਾਸੀਆਂ ਦੀਆਂ ਹਿੱਸੇ ਆਉਂਦੀਆਂ ਦੁਕਾਨਾਂ, ਮਕਾਨ, ਜਾਇਦਾਦਾਂ ਉੱਤੇ ਕਬਜ਼ੇ ਉਹਨਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ।

ਹੈਰਾਨੀ, ਪ੍ਰੇਸ਼ਾਨੀ ਦੀ ਗੱਲ ਤਾਂ ਇਹ ਹੈ ਕਿ ਉਹ ਪ੍ਰਵਾਸੀ, ਜਿਹਨਾਂ ਨੇ ਪੰਜਾਬ ਰਹਿੰਦੇ ਪੰਜਾਬੀਆਂ ਦੀ ਬਾਂਹ ਫੜੀ, ਉਹਨਾਂ ਦੀ ਸਹਾਇਤਾ ਕੀਤੀ, ਉਹਨਾਂ ਦੇ ਔਖੇ ਵੇਲੇ ਕੰਮ ਵੀ ਆਏ, ਉਹਨਾਂ ਪ੍ਰਵਾਸੀ ਪੰਜਾਬੀਆਂ ਦੀਆਂ ਸੇਵਾਵਾਂ ਪ੍ਰਤੀ ਕਦੇ ਉਹਨਾਂ ਨੂੰ ਸਨਮਾਨਿਤ ਨਹੀਂ ਕੀਤਾ ਗਿਆ। ਜਿੰਨਾ ਕੁ ਚਿਰ ਸਰਕਾਰਾਂ ਨੂੰ ਪ੍ਰਵਾਸੀਆਂ ਦੀ ਵੋਟਾਂ ਵਿੱਚ ਸਹਾਇਤਾ ਦੀ ਲੋੜ ਸੀ, ਉਨਾ ਚਿਰ ਉਹਨਾਂ ਪ੍ਰਵਾਸੀ ਸੰਮੇਲਨ ਵੀ ਕਰਵਾਏ, ਐੱਨ.ਆਰ.ਆਈ. ਸਭਾ ਦੀਆਂ ਸਰਗਰਮੀਆਂ ਵੀ ਜਾਰੀ ਰੱਖੀਆਂ, ਪਰ ਹੁਣ ਉਹ ਸਭ ਬੰਦ ਕਰ ਦਿੱਤੀਆਂ ਗਈਆਂ ਹਨ।

ਪਰ ਹੁਣ ਚੰਗੀ ਖ਼ਬਰ ਹੈ ਕਿ ਉਹਨਾਂ ਪ੍ਰਵਾਸੀ ਪੰਜਾਬੀਆਂ, ਜਿਹਨਾਂ ਨੇ ਵਿਦੇਸ਼ਾਂ ਵਿੱਚ ਹਰ ਖੇਤਰ ਵਿੱਚ ਨਾਮਣਾ ਖੱਟਿਆ, ਉਹਨਾਂ ਪ੍ਰਵਾਸੀ ਪੰਜਾਬੀਆਂ ਨੂੰ ਅਚੀਵਰ ਐਵਾਰਡ ਅਗਲੇ ਵਰ੍ਹੇ ਤੋਂ ਦਿੱਤੇ ਜਾਣਗੇ, ਜਿਹਨਾਂ ਦੀ ਚੋਣ ਦੇ ਹੁਕਮ ਪੰਜਾਬ ਸਰਕਾਰ ਨੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਵਿਭਾਗ ਨੂੰ ਦੇ ਦਿੱਤੇ ਹਨ। ਇਹ ਹੋਰ ਵੀ ਚੰਗੀ ਖ਼ਬਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਸਮੇਂ ਕਰਵਾਏ ਜਾ ਰਹੇ ਸਮਾਗਮਾਂ ਵਿੱਚ 550 ਪ੍ਰਵਾਸੀ ਪੰਜਾਬੀਆਂ ਨੂੰ ਸੱਦਾ ਪੱਤਰ ਭੇਜੇ ਜਾਣਗੇ, ਜਿਹਨਾਂ ਦਾ ਰਹਿਣ-ਸਹਿਣ ਤੇ ਆਵਾਜਾਈ ਦਾ ਪ੍ਰਬੰਧ ਪੰਜਾਬ ਸਰਕਾਰ ਕਰੇਗੀ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋਏ ਪ੍ਰਵਾਸੀ ਪੰਜਾਬੀਆਂ ਨੂੰ ਸੂਬੇ ਦੇ ਵਿਕਾਸ ਲਈ ਆਪਣੇ ਨਾਲ ਜੋੜਨ ਵਾਸਤੇ ਅਚੀਵਰ ਐਵਾਰਡ ਲਈ ਚੰਗੇ ਸੁਲਝੇ ਹੋਏ ਨਿਰਪੱਖ ਉਹਨਾਂ ਪ੍ਰਵਾਸੀ ਪੰਜਾਬੀਆਂ ਦੀ ਚੋਣ ਹੋਣੀ ਚਾਹੀਦੀ ਹੈ, ਜਿਹਨਾਂ ਦੀਆਂ ਪ੍ਰਾਪਤੀਆਂ ਉੱਤੇ ਕੋਈ ਸ਼ੰਕਾ ਨਾ ਹੋਵੇ ਜਾਂ ਕੋਈ ਉਂਗਲ ਨਾ ਉਠਾ ਸਕੇ। ਇਸੇ ਤਰ੍ਹਾਂ ਪ੍ਰਕਾਸ਼ ਪੁਰਬ ਲਈ ਉਹਨਾਂ ਪੰਜਾਬੀ ਪ੍ਰਵਾਸੀਆਂ ਨੂੰ ਸੱਦਾ ਪੱਤਰ ਭੇਜਿਆ ਜਾਣਾ ਚਾਹੀਦਾ ਹੈ, ਜਿਹਨਾਂ ਦੀ ਪੰਜਾਬੀ ਸਮਾਜ ਨੂੰ ਦੇਸ਼-ਵਿਦੇਸ਼ ਵਿੱਚ ਵੱਡੀ ਦੇਣ ਹੋਵੇ, ਤਦੇ ਹੀ ਪ੍ਰਵਾਸੀ ਪੰਜਾਬੀਆਂ ਨਾਲ ਸਰਕਾਰ ਦਾ ਸੰਪਰਕ ਅਤੇ ਵਿਸ਼ਵਾਸ ਵਧੇਗਾ। ਲੋੜ ਤਾਂ ਇਸ ਗੱਲ ਦੀ ਵੀ ਹੈ ਕਿ ਪ੍ਰਵਾਸੀ ਪੰਜਾਬੀਆਂ ਦੀ ਸੰਸਥਾ ਐੱਨ.ਆਰ. ਆਈ. ਸਭਾ ਦੀ ਚੋਣ ਕਰਕੇ ਉਸਨੂੰ ਸਰਗਰਮ ਕੀਤਾ ਜਾਵੇ ਅਤੇ ਐੱਨ.ਆਰ.ਆਈ. ਕਮਿਸ਼ਨ ਨੂੰ ਵੀ ਵਧੇਰੇ ਤਾਕਤਾਂ ਦਿੱਤੀਆਂ ਜਾਣ।

ਪੰਜਾਬ, ਦੇਸ਼ ਦੇ ਬਾਕੀ ਹਿੱਸੇ ਵਾਂਗ ਵੱਡੀ ਬੇਰੁਜ਼ਗਾਰੀ, ਕਿਸਾਨੀ ਸੰਕਟ ਅਤੇ ਭੈੜੀ ਅਰਥ ਵਿਵਸਥਾ ਦਾ ਸ਼ਿਕਾਰ ਹੋਇਆ ਪਿਆ ਹੈ। ਪੰਜਾਬ ਸਰਕਾਰ ਦਾ ਖਜ਼ਾਨਾ ਖਾਲੀ ਹੈ। ਪੰਜਾਬ ਕੋਲ ਵੱਡੇ ਉਦਯੋਗ ਨਹੀਂ ਹਨ। ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਵਿੱਚ ਉਦਯੋਗ ਲਗਾਉਣ ਲਈ ਤਦੇ ਪ੍ਰੇਰਿਆ ਜਾ ਸਕਦਾ ਹੈ, ਜੇਕਰ ਉਹਨਾਂ ਦਾ ਭਰੋਸਾ ਜਿੱਤਿਆ ਜਾਏ। ਉਹ ਪ੍ਰਵਾਸੀ ਪੰਜਾਬੀ ਜਿਹਨਾਂ ਨੇ ਵਿਸ਼ਵ ਭਰ ਵਿਚ ਵੱਖੋ-ਵੱਖਰੇ ਖੇਤਰਾਂ ਵਿਚ ਨਾਮ ਖੱਟਿਆ ਹੈ, ਪੰਜਾਬ ਦੇ ਅਰਥਚਾਰੇ ਨੂੰ ਥਾਂ ਸਿਰ ਕਰਨ ਲਈ ਉਹਨਾਂ ਦੀਆਂ ਸੇਵਾਵਾਂ ਲੈਣ ਤੋਂ ਵੀ ਗੁਰੇਜ ਨਹੀਂ ਕਰਨਾ ਚਾਹੀਦਾ। ਕੈਨੇਡਾ, ਅਮਰੀਕਾ, ਬਰਤਾਨੀਆ ਵਸਦੇ ਪੰਜਾਬੀ ਪ੍ਰਵਾਸੀ ਸਿਆਸਤਦਾਨ, ਪੰਜਾਬ ਨਾਲ ਉੱਥੋਂ ਦੀਆਂ ਸਰਕਾਰਾਂ ਦੇ ਸਮਝੌਤੇ ਜਾਂ ਵਪਾਰਿਕ ਲੈਣ-ਦੇਣ ਕਰਵਾ ਸਕਦੇ ਹਨ, ਜਿਸਦਾ ਸੂਬੇ ਪੰਜਾਬ ਨੂੰ ਵੱਡਾ ਫਾਇਦਾ ਹੋ ਸਕਦਾ ਹੈ।

## ਬੋਰ, ਵੀਰ ਅਤੇ ਡਿਜ਼ੀਟਲ ਇੰਡੀਆ

ਕਰ ਦਿੰਦਾ ਹੈ। ਅੱਜ ਇਸ ਹਾਦਸੇ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿਚ ਅਸੀਂ ਹਾਲੇ ਰੱਸੀਆਂ, ਕੁੰਡੀਆਂ ਤੇ ਬਾਲ਼ਟੀਆਂ ਨਾਲ਼ ਹੀ ਕੰਮ ਚਲਾਉਂਦੇ ਹਾਂ ਤੇ ਟੈਕਨੌਲੋਜੀ ਦੇ ਖੇਤਰ ਵਿੱਚ ਅਸੀਂ ਹਲੇ ਰੱਸੇ ਰੱਸੀਆਂ ਖਿੱਚਣ ਜੋਗੇ ਹੀ ਹਾਂ।

ਦੂਜੇ ਲੋਕ ਚੰਦ 'ਤੇ ਪੱਕੇ ਵੱਸ ਜਾਣ ਦੀਆਂ ਵਿਓਂਤਾਂ ਬਣਾ ਰਹੇ ਹਨ ਤੇ ਸਾਨੂੰ ਸੌ ਸਵਾ ਸੌ ਫੁੱਟ ਧਰਤੀ 'ਚ ਉਤਰ ਕੇ ਨਿੱਕੀ ਜਹੀ ਮਾਸੂਮ ਜਾਨ ਤਕ ਜਾਣ ਲਈ ਵੀ ਪੰਜ ਰਾਤਾਂ ਤੇ ਛੇ ਦਿਨ ਚਾਹੀਦੇ ਹਨ।

ਅਖੀਰ ਬੋਰ-ਵੈੱਲ 'ਚ ਡਿਗੇ ਬੱਚੇ ਨੂੰ ਛੇਵੇਂ ਦਿਨ ਉਸੇ ਤਰ੍ਹਾਂ ਬਾਹਰ ਕੱਢਦੇ ਹਾਂ ਜਿਵੇਂ ਸੱਤਰ ਸਾਲ ਪਹਿਲਾਂ ਕੁੰਡੇ ਕੁੰਡੀਆਂ ਨਾਲ਼ ਖੂਹ ਵਿੱਚ ਡਿੱਗਿਆ ਹੋਇਆਂ ਡੋਲ ਕੱਢਿਆ ਜਾਂਦਾ ਸੀ। ਨਾ ਡਿਜ਼ੀਟਲ ਇੰਡੀਆ ਦੀਆਂ ਡੀਂਗਾਂ ਮਾਰਨ ਵਾਲ਼ਾ ਕਿਤੇ ਨਜ਼ਰ ਆਇਆ ਤੇ ਨਾ ਹੀ ਸਾਡੇ ਮੁੱਖ ਮੰਤਰੀ ਨੂੰ ਫੁਰਸਤ ਮਿਲੀ ਕਿ ਉਹ ਬੱਚੇ ਦੇ ਮਾਂ ਬਾਪ ਨੂੰ ਧੀਰਜ ਹੀ ਬੰਨ੍ਹਾ ਦਿੰਦਾ; ਬਚਾਉ ਕਾਰਜਾਂ 'ਚ ਲੱਗੇ ਲੋਕਾਂ ਦਾ ਹੌਸਲਾ ਹੀ ਵਧਾ ਜਾਂਦਾ। ਪਰ ਕਿੱਥੇ, ਉਸ ਨੇ ਤਾਂ ਨੇੜੇ ਆਈ ਜੰਨ ਤੇ ਕੁੜੀ ਦੇ ਕੰਨ ਵਿੰਨ੍ਹਣ ਜਿਹਾ ਬਿਆਨ ਦਾਗ ਦਿੱਤਾ ਕਿ ਸਾਰੇ ਡੀਸੀ ਆਪੋ ਆਪਣੇ ਜ਼ਿਲ੍ਹਿਆਂ ਵਿੱਚ ਨੰਗੇ ਬੋਰਾਂ ਦਾ ਪਤਾ ਲਾਉਣ।

ਕੋਈ ਪੁੱਛੇ ਕਿ ਜਿਹੜਾ ਵਿਚਾਰਾ ਬੋਰ 'ਚ ਡਿੱਗਿਆ ਹੋਇਆ ਹੈ, ਉਸ ਦੀ ਤਾਂ ਸਾਰ ਲੈ ਲਉ। ਗੋਂਗਲੂਆਂ ਤੋਂ ਮਿੱਟੀ ਝਾੜਨੀ ਸਿੱਖਣੀ ਹੋਵੇ ਤਾਂ ਸਾਡੇ ਮੰਤਰੀਆਂ, ਮੁੱਖ ਮੰਤਰੀਆਂ ਤੋਂ ਸਿੱਖੋ। ਹੋਰ ਤਾਂ ਹੋਰ ਤਾਜ਼ੀ-ਤਾਜ਼ੀ ਜਿੱਤ ਦੀਆਂ ਲੁੱਡੀਆਂ ਪਾਉਣ ਵਾਲ਼ੀ ਨੱਕ-ਚੜ੍ਹੋ ਵੀ ਨਹੀਂ ਆਈ ਤੇ ਨਾ ਹੀ ਉਸ ਦੇ ਖਾਵੰਦ ਨੂੰ ਚੇਤਾ ਆਇਆ ਕਿ ਵੋਟਾਂ ਦੇ ਬਾਅਦ ਵੀ ਉਨ੍ਹਾਂ ਦੀ ਕੋਈ ਜਿੰਮੇਂਵਾਰੀ ਹੁੰਦੀ ਹੈ।

ਹੋਰ ਨਹੀਂ ਤਾਂ ਲੂੰਬੜ ਸਿਆਸਤ ਦੇ ਬਾਬਾ ਬੋਹੜ ਕਿ ਥੋੜ੍ਹ ਹੀ ਘੜੀ ਪਲ ਮੰਜੇ 'ਤੇ ਬੈਠ ਕੇ ਬਚਾਉ ਕਾਰਜ ਦੇਖ ਜਾਂਦੇ।

ਫ਼ਤਿਹਵੀਰ ਦੀ ਬੁਰੀ ਕਿਸਮਤ ਨੂੰ ਚੋਣਾਂ ਹੁਣੇ ਹੋ ਕੇ ਹਟੀਆਂ ਸਨ। ਜੇ ਕਿਤੇ ਇਹੀ ਚੋਣਾਂ ਹਲੇ ਹੋਣੀਆਂ ਹੁੰਦੀਆਂ ਤਾਂ ਪ੍ਰਧਾਨ ਮੰਤਰੀ ਤਕ ਲੋਕਾਂ ਨੇ ਭਗਵਾਨਪੁਰ ਆ ਕੇ ਸਿਰ 'ਤੇ ਤਸਲੇ ਚੁੱਕ ਲੈਣੇ ਸਨ ਤੇ ਦੇਸ਼ ਦੀਆਂ ਵੱਡੀਆਂ ਅਖਬਾਰਾਂ 'ਚ ਫੋਟੋਆਂ ਛਪਣੀਆਂ ਸਨ। ਵੱਡੇ ਚੈਨਲਾਂ ਨੇ ਇਤਨੀ ਹਾਲਪਾਰ੍ਹਿਆ ਮਚਾ ਦੇਣੀ ਸੀ ਕਿ ਫ਼ਤਿਹਵੀਰ ਨੂੰ ਬਚਾ ਲਿਆ ਜਾਣਾ ਸੀ।

ਫ਼ਤਿਹਵੀਰ ਦਾ ਬੋਰ-ਵੈੱਲ ਵਿੱਚ ਡਿਗਣਾ, ਉਸ ਨੂੰ ਜਲਦੀ ਨਾ ਕੱਢ ਸਕਣਾ ਤੇ ਨਾ ਬਚਾ ਸਕਣਾ ਪੂਰੇ ਮੁਲਕ ਭਾਰਤ 'ਤੇ ਸਵਾਲੀਆ ਚਿੰਨ੍ਹ ਲਗਾ ਗਿਆ ਹੈ।

ਇਸ ਵਕਤ ਸਾਡੇ ਕੋਲ ਮਾਤਮ ਮਨਾਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੈ। ਚਿੰਤਾ ਦਾ ਹੱਲ ਚਿੰਤਨ ਵਿਚੋਂ ਨਿਕਲਦਾ ਹੈ, ਧਰਨੇ, ਤੋੜ-ਭੰਨ, ਜਲਸਿਆਂ ਜਾਂ ਭਾਸ਼ਣਾਂ ਵਿੱਚੋਂ ਨਹੀਂ।ਫ਼ਤਿਹਵੀਰ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਸਾਨੂੰ ਉਸ ਮਾਰੂ ਬੋਰ-ਵੈੱਲ ਦੇ ਦਰਸ਼ਣ ਕਰਵਾ ਦਿੱਤੇ ਹਨ, ਜਿਸ ਵਿੱਚ ਸਾਰਾ ਭਾਰਤ ਡਿੱਗਿਆ ਹੋਇਆ ਹੈ। ਨੈਤਿਕ ਅਤੇ ਇਮਾਨਦਾਰਾਨਾ ਚਿੰਤਨ ਦੇ ਇਲਾਵਾ ਇਸ ਦਾ ਕੋਈ ਹੱਲ ਨਹੀਂ ਹੈ।

## ਗੁਰੂ ਨਾਨਕ ਘਰ ਦਾ ਪਹਿਲਾ ਰਬਾਬੀ ਤੇ ਸਰੋਤਾ ਭਾਈ ਮਰਦਾਨਾ

ਤੀਜੀ ਉਦਾਸੀ ਨਾਥਾਂ-ਜੋਗੀਆਂ ਤੇ ਡੇਰਿਆਂ ਵੱਲ ਅਤੇ ਚੌਥੀ ਉਦਾਸੀ ਇਸਲਾਮੀ ਧਰਮ ਅਸਥਾਨਾਂ ਵੱਲ ਕੀਤੀ। ਇਸ ਸਮੇਂ ਦੌਰਾਨ ਭਾਈ ਮਰਦਾਨੇ ਨੇ ਅਨੇਕ ਪ੍ਰਕਾਰ ਦੇ ਕੌਤਕ ਦੇਖੇ। ਇਨ੍ਹਾਂ ਵਿੱਚ ਕੌਡੇ ਰਾਖਸ਼ ਤੇ ਸੱਜਣ ਠੱਗ ਵਰਗੇ ਦੁਸ਼ਟਾਂ ਨੂੰ ਸਿੱਧੇ ਰਾਹ ਪਾਉਣ, ਵਲੀ ਕੰਧਾਰੀ ਦਾ ਹੰਕਾਰ ਤੋੜਨ ਵਰਗੀਆਂ ਅਲੌਕਿਕ ਘਟਨਾਵਾਂ ਮੁੱਖ ਹਨ। ਬਾਬੇ ਗੁਰੂ ਨਾਨਕ ਦੀ ਸੰਗਤ ਵਿਚ ਹੀ ਭਾਈ ਮਰਦਾਨੇ ਦੀ ਤਾਲੀਮ ਦਾ ਵਿਕਾਸ ਹੋਇਆ। ਉਸ ਅੰਦਰ ਆਗਿਆਕਾਰੀ, ਵਫਾਦਾਰੀ, ਇਮਾਨਦਾਰੀ, ਦਲੇਰੀ, ਸਿਰੜੀ, ਹਿੰਮਤੀ ਆਦਿ ਚੰਗੇ ਗੁਣ ਪੈਦਾ ਹੋਏ। ਭਾਈ ਮਰਦਾਨਾ ਪਿਤਾ ਪੁਰਖੀ ਰਾਗ ਵਿੱਦਿਆ ਦਾ ਮਾਹਿਰ ਸੀ। ਬਾਬੇ ਨਾਨਕ ਦੀ ਸੰਗਤ ਸਦਕਾ ਹੀ ਭਾਈ ਮਰਦਾਨੇ ਨੂੰ ਸੰਗੀਤ ਦਾ ਸੁਆਮੀ ਕਿਹਾ ਜਾਂਦਾ ਹੈ। ਮੁਗਲ ਕਾਲ ਦੇ ਵਿਸ਼ਵ ਪ੍ਰਸਿੱਧ ਗਾਇਕ ਤਾਨਸੈਨ ਦੇ ਗੁਰੂ ਹਰਿਦਾਸ ਭਾਈ ਮਰਦਾਨਾ ਜੀ ਦੇ ਸ਼ਾਗਿਰਦ ਸਨ। ਅਸਲੋਂ ਹੀ ਭਾਈ ਮਰਦਾਨਾ ਧੁਰ ਦਰਗਾਹੋਂ ਸਾਜ਼-ਆਵਾਜ਼ ਦੇ ਧਨੀ ਸਨ। ਗੁਰਮਿਤ ਸੰਗੀਤ ਦੀਆਂ ਕਲਾਤਮਿਕ ਬਰੀਕੀਆਂ ਅਤੇ ਸੂਖਮ ਤਰੰਗਾਂ ਨੂੰ ਮਿਲਾ ਕੇ ਸੰਗੀਤ ਤੇ ਬਾਣੀ ਦੀ ਇਕਸੁਰਤਾ ਦੀ ਸਿਖਲਾਈ ਲੈਣ ਦਾ ਪਹਿਲਾ ਮੌਕਾ ਭਾਈ ਮਰਦਾਨਾ ਜੀ ਨੂੰ ਹੀ ਨਸੀਬ ਹੋਇਆ ਹੈ। ਇਹ ਗੱਲ ਬੜੇ ਫ਼ਖ਼ਰ ਨਾਲ ਕਹੀ ਜਾ ਸਕਦੀ ਹੈ ਕਿ ਭਾਈ ਮਰਦਾਨਾ ਗੁਰਮਤਿ ਸੰਗੀਤ ਦਾ ਪਹਿਲਾ ਕੀਰਤਨੀਆ ਸੀ। ਆਪ 1534 ਈ. ਵਿਚ ਪ੍ਰਲੋਕ ਗਮਨ ਕਰ ਗਏ। ਉਨ੍ਹਾਂ ਦੀ ਇੱਛਾ ਮੁਤਾਬਿਕ ਉਨ੍ਹਾਂ ਦਾ ਸੰਸਕਾਰ ਬਾਬੇ ਗੁਰੂ ਨਾਨਕ ਨੇ ਆਪਣੇ ਹੱਥੀਂ ਕੀਤਾ। ਗੁਰੂ ਨਾਨਕ ਦਾ ਲਾਇਆ ਇਹ ਬੂਟਾ ਮੁਰਝਾਇਆ ਨਹੀਂ ਬਲਕਿ ਮਰਦਾਨੇ ਦੀ ਅੰਸ਼ 'ਚੋਂ ਭਾਈ ਲਾਲ ਜੀ ਅੱਜਕਲ੍ਹ ਵੀ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।

## ਅਗਲੇ ਹ.ਫਤੇ ਤੋਂ ਹੋਵੇਗੀ ਅਮਰੀਕਾ 'ਚੋਂ .ਗੈਰ-ਕਾਨੂੰਨੀ ਸ਼ਰਨਾਰਥੀਆਂ ਨੂੰ ਬਾਹਰ ਕੱਢਣ ਦੀ ਕਾਰਵਾਈ

ਮੈਕਸੀਕੋ ਕੇਂਦਰੀ ਅਮਰੀਕਾ ਤੋਂ ਆਉਣ ਵਾਲੇ ਪ੍ਰਵਾਸੀ, ਜੋ ਕਿ ਸੰਯੁਕਤ ਰਾਜ ਵਿਚ ਪਨਾਹ ਭਾਲਦੇ ਹਨ, ਨੂੰ ਕੇਸ ਦੀ ਸੁਣਵਾਈ ਤਕ ਮੈਕਸੀਕੋ ਵਿਚ ਹੀ ਰੋਕੀ ਰੱਖੇਗਾ। ਨਤੀਜਤਨ ਮੈਕਸੀਕੋ-ਅਮਰੀਕਾ ਸਰਹੱਦ 'ਤੇ ਵਡੇ ਪੱਧਰ 'ਤੇ ਫ਼ੌਜ ਨੂੰ ਤੈਨਾਤ ਕਰ ਦਿਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ 'ਚ ਗਵਾਟੇਮਾਲਾ ਅਤੇ ਹੋਰ ਮੱਧ ਅਮਰੀਕੀ ਦੇਸ਼ਾਂ ਤੋਂ ਵੱਡੀ ਗਿਣਤੀ 'ਚ ਸ਼ਰਨਾਰਥੀ ਆ ਰਹੇ ਹਨ। ਇਹ ਦੇਸ਼ ਗਿਰੋਹਾਂ ਦੀ ਹਿੰਸਾ ਦੇ ਸ਼ਿਕਾਰ ਹਨ। ਟਰੰਪ ਨੇ .ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਲੜਾਈ ਨੂੰ ਮੁੱਖ ਕੇਂਦਰ ਬਿੰਦੂ ਬਣਾਇਆ ਹੋਇਆ ਹੈ। ਉੱਥੇ ਹੀ ਮੈਕਸੀਕੋ ਦੇ ਰਸਤੇ .ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖ਼ਲ ਹੋਣ ਵਾਲੇ ਪ੍ਰਵਾਸੀਆਂ ਵਿਰੁੱਧ ਕਾਰਵਾਈ ਦੇ ਸਕਾਰਾਤਮਕ ਨਤੀਜੇ ਮਿਲ ਰਹੇ ਹਨ। ਮੈਕਸੀਕੋ ਵੱਲੋਂ ਸਰਹੱਦਾਂ 'ਤੇ 6000 ਜਵਾਨਾਂ ਦੀ ਤਾਇਨਾਤੀ ਤੋਂ ਬਾਅਦ ਅਮਰੀਕੀ ਸਰਹੱਦ ਅੰਦਰ ਦਾਖ਼ਲ ਹੋਣ ਵਾਲੇ .ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ 'ਚ ਇਕ ਤਿਹਾਈ ਤੋਂ ਵੀ ਵੱਧ ਦੀ ਕਮੀ ਆਈ ਹੈ।

## ਗੁਰੂ ਨਾਨਕ ਦਾ ਧਰਮ, ਗਿਆਨ ਤੇ ਪੰਥ

ਗੁਰੂ ਨਾਨਕ ਪੰਥ ਦਾ ਵਿਕਾਸ ਭਾਵੇਂ ਵਿਸ਼ਵ ਪੱਧਰ 'ਤੇ ਹੋ ਚੁੱਕਿਆ ਹੈ ਪਰ ਜਿਸ ਸੰਕਟ ਦਾ ਸਾਹਮਣਾ ਅਜੋਕਾ ਸਿਖ ਸਮਾਜ ਕਰ ਰਿਹਾ ਹੈ, ਉਹ ਕਦੇ ਸਾਹਮਣੇ ਨਹੀਂ ਆਇਆ। ਸਿੱਖ ਧਰਮ ਦੇ ਮੁਖੀਆਂ ਨੇ ਪੰਥਕ ਸੰਸਥਾਵਾਂ ਦੀ ਜੋ ਦੁਰਦਸ਼ਾ ਕੀਤੀ ਹੈ, ਉਹ ਕਦੇ ਸਿੱਖ ਕੌਮ ਸੋਚ ਵੀ ਨਹੀਂ ਸੀ ਸਕਦੀ ਅਤੇ ਸਥਿਤੀ ਇਹ ਬਣੀ ਹੋਈ ਹੈ ਕਿ ਇਹ ਆਗੂ ਪੰਥਕ ਸੰਸਥਾਵਾਂ ਦੀ ਮਰਿਯਾਦਾ ਨੂੰ ਰੋਲਣ ਤੋਂ ਬਾਅਦ ਵੀ ਇਹਨਾਂ ਸੰਸਥਾਵਾਂ ਦੇ ਚੌਧਰੀ ਹੋਣ ਵਜੋਂ ਆਪਣਾ ਮਾਣ ਮਹਿਸੂਸ ਕਰ ਰਹੇ ਹਨ। ਇਹਨਾਂ ਦੀ ਬਦੌਲਤ ਹੀ ਸਿਖ ਨੌਜਵਾਨਾਂ ਪੀੜ੍ਹੀ ਵੱਡੀ ਗਿਣਤੀ ਵਿਚ ਸਿਖ ਸਭਿਆਚਾਰ ਨੂੰ ਤਿਆਗ ਕੇ ਮਾਨਸਿਕ ਅਤੇ ਸਰੀਰਕ ਪੱਖੋਂ ਪਤਿਤ ਹੋ ਰਹੀ ਅਤੇ ਜ਼ਿੰਦਗੀ ਦੇ ਸੱਚ ਤੋਂ ਉਪਰਾਮ ਹੋ ਰਹੀ ਹੈ। ਜੇਕਰ ਰੋਮਨ ਕੈਥੋਲਿਕ ਚਰਚ ਦੇ ਪੋਪ ਦੇ ਮੁਕਾਬਲੇ 'ਤੇ ਆਪਣੇ ਧਾਰਮਿਕ ਆਗੂਆਂ ਵੱਲ ਝਾਤੀ ਮਾਰੀਏ ਤਾਂ ਸ਼ਰਮ ਮਹਿਸੂਸ ਹੁੰਦੀ ਹੈ, ਕਿਉਂਕਿ ਪੋਪ ਨੂੰ ਆਪਣੇ ਧਰਮ ਤੋਂ ਇਲਾਵਾ ਦੁਨੀਆਂ ਭਰ ਦੇ ਧਰਮਾਂ ਬਾਰੇ ਗਿਆਨ ਹੁੰਦਾ ਹੈ, ਵਿਸ਼ਵ ਵਿਦਿਆਲਿਆਂ ਦੀਆਂ ਉੱਚ ਡਿਗਰੀਆਂ ਉਸ ਕੋਲ ਹੁੰਦੀਆਂ ਹਨ ਪਰ ਇਸ ਦੇ ਉਲਟ ਸਾਡੇ ਧਾਰਮਿਕ ਆਗੂਆਂ, ਸਿੰਘ ਸਾਹਿਬਾਨਾਂ ਨੂੰ ਆਪਣੇ ਧਰਮ ਬਾਰੇ ਗਿਆਨ ਕੀ ਹੋਣਾ ਹੈ, ਉਹ ਤਾਂ ਰਸਮੀ ਤੌਰ 'ਤੇ ਵੀ ਏਨੇ ਪੜ੍ਹੇ ਲਿਖੇ ਨਹੀਂ ਹੁੰਦੇ ਕਿ ਉਹ ਦੂਸਰੇ ਵਿਅਕਤੀ ਨਾਲ ਸਭਿਅਕ ਵਿਹਾਰ ਕਰ ਸਕਣ ਜਾਂ ਆਪਣੇ ਧਰਮ, ਇਤਿਹਾਸ ਬਾਰੇ ਜਾਣਕਾਰੀ ਦੇ ਸਕਣ। ਗੁਰੂ ਨਾਨਕ ਸਾਹਿਬ ਨੇ ਸਮਾਜ ਨੂੰ ਦ੍ਰਿੜ ਕਰਨ ਲਈ ਔਰਤ ਨੂੰ ਸਤਿਕਾਰਿਆ, ਮਰਦ ਦੇ ਬਰਾਬਰ ਸਥਾਨ ਦਿੱਤਾ ਹੈ ਅਤੇ ਮਨੁੱਖ ਨੂੰ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਜੋ ਸਰਮਾਇਆ ਦਿੱਤਾ ਹੈ, ਉਹ ਸਿਖ ਜਗਤ ਦਾ ਸਭਿਆਚਾਰ ਬਣ ਗਿਆ ਹੈ। ਕਿਰਤ ਕਰਨੀ, ਸਖਤ ਮਿਹਨਤ ਕਰਨੀ ਸਿਖ ਭਾਈਚਾਰੇ ਦੇ ਹੱਡਾਂ ਵਿਚ ਅਜਿਹਾ ਰਚ ਮਿਚ ਗਿਆ ਹੈ, ਜਿਸ ਦੁਆਰਾ ਉਹਨਾਂ ਨੇ ਨਾ ਕੇਵਲ ਆਪਣੀ ਕੌਮ, ਸਮਾਜ ਦੀ ਨੁਹਾਰ ਬਦਲ ਦਿੱਤੀ ਹੈ, ਬਲਕਿ ਵਿਸ਼ਵ ਵਿਚ ਵੀ ਆਪਣੀ ਕਿਰਤ ਤੇ ਮਿਹਨਤ ਸਦਕਾ ਗੁਰੂ ਦਾ ਡੰਕਾ ਵਜਾਇਆ ਹੈ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦਾ ਫਲਸਫਾ ਕਰਮ, ਗਿਆਨ ਤੇ ਰੂਹਾਨੀਅਤ ਦਾ ਅਦਭੁਤ ਸੰਗਮ ਹੈ, ਜਿਸ ਨੇ ਸਿੱਖੀ ਦੇ ਮਹਿਲ ਨੂੰ ਮਜ਼ਬੂਤ ਨੀਹਾਂ 'ਤੇ ਉਸਾਰਿਆ ਹੈ। ਗੁਰੂ ਨਾਨਕ ਸਾਹਿਬ ਦਾ ਪੰਥ ਤੇ ਮਨੁੱਖਤਾ ਦਾ ਭਵਿੱਖ ਆਪਸ ਵਿਚ ਪੂਰਕ ਹਨ। ਸਮਾਂ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ, ਹੋਰ ਅਵੇਸਲਾਪਣ ਗੁਰੂ ਨਾਨਕ ਦੇ ਪੰਥ ਤੇ ਮਨੁੱਖਤਾ ਲਈ ਖਤਰਨਾਕ ਸਾਬਤ ਹੋਵੇਗਾ। ਗੁਰੂ ਨਾਨਕ ਪੰਥ ਦੀਆਂ ਸਮੁੱਚੀਆਂ ਸੰਸਥਾਵਾਂ ਨੂੰ ਨਵੇਂ ਸਮਾਜ ਦੀ ਸਿਰਜਣਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਆਪਣੇ ਵਿਦਿਅਕ ਅਦਾਰੇ, ਪ੍ਰਚਾਰ ਨੀਤੀ ਉੱਚ ਪੱਧਰ ਦੀ ਉਸਾਰਨੀ ਚਾਹੀਦੀ ਹੈ ਤਾਂ ਜੋ ਆਉਣ ਵਾਲੇ ਦਸਾਂ ਸਾਲਾਂ ਦੌਰਾਨ ਕੋਈ ਵੀ ਸਿੱਖ ਤੇ ਪੰਜਾਬੀ ਅਨਪੜ੍ਹ ਨਾ ਰਹੇ। ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਲਈ ਸੰਕਲਪ ਨੂੰ ਮੁੱਖ ਰੱਖ ਕੇ ਸਾਨੂੰ ਸਮੁੱਚੇ ਵਿਸ਼ਵ ਦੀ ਜਥੇਬੰਦੀ ਬਣਾ ਕੇ ਅਜਿਹਾ ਦਸਵੰਧ ਫੰਡ ਖੋਲ੍ਹਣਾ ਚਾਹੀਦਾ ਹੈ, ਜਿਸ ਦੇ ਅੰਤਰਗਤ ਸਿਹਤਮੰਦ ਕਦਰਾਂ-ਕੀਮਤਾਂ ਪ੍ਰਗਟਾਉਣ ਲਈ ਟੀਵੀ. ਚੈਨਲ ਸਥਾਪਿਤ ਕੀਤਾ ਜਾਵੇ, ਸਸਤੀਆਂ ਦਰਾਂ 'ਤੇ ਸਿਹਤ ਸਹੂਲਤ ਕੇਂਦਰ ਅਤੇ ਵਿਦਿਅਕ ਅਦਾਰੇ ਖੋਲ੍ਹੇ ਜਾਣ ਤਾਂ ਜੋ ਗੁਰੂ ਨਾਨਕ ਸਾਹਿਬ ਦੀ ਸਾਂਝੀਵਾਲਤਾ ਦਾ ਸਿਧਾਂਤ ਅਮਲੀ ਤੌਰ 'ਤੇ ਵਿਸ਼ਵ ਪੱਧਰ 'ਤੇ ਉਜਾਗਰ ਹੋ ਸਕੇ ਅਤੇ ਸਿੱਖ ਰਾਜਨੀਤੀ ਨੂੰ ਸਥਾਪਤ ਕੀਤਾ ਜਾ ਸਕੇ।

## ਸਿੱਖ ਰੈਫਰੈਂਸ ਲਾਇਬਰੇਰੀ ਦੇ ਅਮੁੱਲੇ ਖਜ਼ਾਨੇ ਦੀ ਲੁੱਟ ਬਾਰੇ ਵਿਵਾਦ ਛਿੜਿਆ

ਸਾਬਕਾ ਸਕੱਤਰ ਦਲਮੇਘ ਸਿੰਘ, ਮੌਜੂਦਾ ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ.ਅਮਰ ਸਿੰਘ ਸ਼ਾਮਲ ਹਨ। ਇਹ ਪੰਜ ਮੈਂਬਰੀ ਕਮੇਟੀ ਫੌਜ ਵਲੋਂ ਵਾਪਸ ਕੀਤੇ ਗਏ ਸਮਾਨ ਅਤੇ ਰੈਫਰੈਂਸ ਲਾਇਬਰੇਰੀ ਵਿਚ ਪੁੱਜੇ ਸਮਾਨ ਦੀ ਜਾਂਚ ਕਰੇਗੀ ਤੇ ਸੰਨ 1984 ਤੋਂ ਲੈ ਕੇ ਹੁਣ ਤਕ ਦੇ ਸਮੁੱਚੇ ਰਿਕਾਰਡ ਨੂੰ ਵਾਚੇਗੀ। ਇਸੇ ਤਰ੍ਹਾਂ ਪਾਵਨ ਸਰੂਪ ਵੇਚੇ ਜਾਣ ਦੀ ਵੀ ਜਾਂਚ ਕੀਤੀ ਜਾਵੇਗੀ। ਇਹ ਕਮੇਟੀ ਜਾਂਚ ਉਪਰੰਤ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸੌਂਪੇਗੀ। ਉਨ੍ਹਾਂ ਸਪਸ਼ਟ ਕੀਤਾ ਕਿ ਜਾਂਚ ਦੌਰਾਨ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਊਣਤਾਈ ਸਾਹਮਣੇ ਆਈ ਤਾਂ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਜੇਕਰ ਇਸ ਸਬੰਧੀ ਲਾਏ ਗਏ ਦੋਸ਼ ਸਾਬਤ ਨਾ ਹੋਏ ਤਾਂ ਸਬੰਧਿਤ ਲੋਕਾਂ ਖਿਲਾਫ ਵੀ ਅਦਾਲਤੀ ਕਾਰਵਾਈ ਕੀਤੀ ਜਾਵੇਗੀ।

ਅੰਗਰੇਜ਼ੀ ਵਿੱਚ ਲਿਖੀ ਵਾਧੂ ਲਾਈਨ ਸਾਹਮਣੇ ਆਈ-

ਸਾਬਕਾ ਸਹਾਇਕ ਸਕੱਤਰ ਕੁਲਵੰਤ ਸਿੰਘ, ਜਿਨ੍ਹਾਂ ਨੇ ਫੌਜ ਵੱਲੋਂ ਵਾਪਿਸ ਭੇਜੇ ਸਾਮਾਨ ਦੀ ਸੂਚੀ 'ਤੇ ਦਸਤਖ਼ਤ ਕੀਤੇ ਸਨ, ਨੇ ਦਾਅਵਾ ਕੀਤਾ ਕਿ ਇਸ ਦਸਤਾਵੇਜ਼ ਉਪਰ ਅੰਗਰੇਜ਼ੀ ਵਿੱਚ ਇੱਕ ਵਾਧੂ ਲਾਈਨ ਸ਼ਾਮਲ ਕੀਤੀ ਹੋਈ ਹੈ, ਜੋ ਉਸ ਵੇਲੇ ਨਹੀਂ ਸੀ। ਇਸ ਲਾਈਨ ਵਿੱਚ ਦਰਜ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਾਰਾ ਸਮਾਨ ਵਸੂਲ ਲਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਬਦਾਂ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਹੈ। ਸਤੰਬਰ-1984 ਵਿੱਚ ਆਏ ਸਮਾਨ ਦੀ ਇਸ ਸੂਚੀ 'ਤੇ ਉਸ ਵੇਲੇ ਦੇ ਸਕੱਤਰ ਭਾਨ ਸਿੰਘ, ਸਾਬਕਾ ਲਾਇਬਰੇਰੀਅਨ ਬਲਬੀਰ ਸਿੰਘ ਦੇ ਵੀ ਦਸਤਖ਼ਤ ਹਨ, ਸਾਬਕਾ ਲਾਇਬਰੇਰੀਅਨ ਵੀ ਮੀਟਿੰਗ ਵਿਚ ਹਾਜ਼ਰ ਸੀ। ਸ਼੍ਰੋਮਣੀ ਕਮੇਟੀ ਇਸ ਦਸਤਾਵੇਜ਼ 'ਤੇ ਬਾਅਦ ਵਿੱਚ ਦਰਜ ਕੀਤੀ ਪੰਕਤੀ ਵਿੱਚ ਦਰਜ ਹੱਥ ਲਿਖਤ ਦੀ ਪਛਾਣ ਲਈ ਵੀ ਵਿਗਿਆਨਕ ਜਾਂਚ ਦਾ ਸਹਾਰਾ ਲਵੇਗੀ।

### ਪੰਥਕ ਮਾਹਿਰ ਸੁਚੇਤ ਹੋਣ-

ਸਿੱਖ ਰੈਫਰੇਂਸ ਲਾਇਬਰੇਰੀ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਵਰਗੇ ਤੇ ਕੁਲਵੰਤ ਸਿੰਘ ਪੰਥਕ ਮਾਹਿਰਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ ਤੇ ਇਸ ਮਾਮਲੇ ਨੂੰ ਬਰੀਕੀ ਨਾਲ ਘੋਖਣਾ ਚਾਹੀਦਾ ਹੈ ਤੇ ਗੁਆਚੀ ਹੋਈ ਸਿੱਖ ਵਿਰਾਸਤ ਨੂੰ ਭਾਲਣਾ ਚਾਹੀਦਾ ਹੈ। ਇਕ ਪਾਸੇ ਜੋ ਕਿਤਾਬਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਾਪਸ ਆਏ, ਉਹ ਕਿਹੜੇ-ਕਿਹੜੇ ਹਨ, ਉਨ੍ਹਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਤੇ ਉਹ ਇਸ ਵੇਲੇ ਕਿੱਥੇ ਹਨ, ਇਸ ਦੀ ਵੀ ਨਿਸ਼ਾਨਦੇਹੀ ਵੀ ਹੋਣੀ ਜ਼ਰੂਰੀ ਹੈ। ਜੇ ਉਹ ਸਾਰੇ ਜਾਂ ਉਨ੍ਹਾਂ ਵਿਚੋਂ ਕੁਝ ਨਹੀਂ ਮਿਲ ਰਹੇ ਤਾਂ ਇਸ ਲਈ ਕੌਣ-ਕੌਣ ਜ਼ਿੰਮੇਵਾਰ ਹੈ, ਇਸ ਦੀ ਜਾਂਚ ਹੋਣੀ ਵੀ ਜ਼ਰੂਰੀ ਹੈ। ਜੇਕਰ ਇਹ ਇਲਜ਼ਾਮ ਲੱਗ ਰਿਹਾ ਹੈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਦੀਆਂ ਇਤਿਹਾਸਕ ਬੀੜਾਂ ਜਿਨ੍ਹਾਂ ਦੀ 3 ਸਫ਼ਿਆਂ ਦੀ ਲਿਸਟ ਗਿਆਨੀ ਗਿਆਨ ਸਿੰਘ ਨਿਹੰਗ ਨੇ ਬਣਾਈ ਸੀ, ਉਹ ਸਾਰੀਆਂ ਹੀ ਗਾਇਬ ਹਨ ਤੇ ਖ਼ਾਸ ਕਰਕੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦਾ ਭਾਈ ਹਰਿਦਾਸ ਵਲੋਂ ਤਿਆਰ ਕੀਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ, ਜਿਸ 'ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਿਸ਼ਾਨ ਵੀ ਦੱਸਿਆ ਜਾਂਦਾ ਹੈ, ਨੂੰ ਲੰਡਨ ਵਿਚ ਕਰੋੜਾਂ ਰੁਪਏ ਵਿਚ ਵੇਚਣ ਦੇ ਇਲਜ਼ਾਮਾਂ ਦੀ ਜਾਂਚ ਸੀ.ਬੀ.ਆਈ. ਤੇ ਇੰਟਰਪੋਲ ਰਾਹੀਂ ਕਰਵਾਈ ਜਾਣੀ ਚਾਹੀਦੀ ਹੈ। ਅਤੇ ਹਰ ਜ਼ਿੰਮੇਵਾਰ ਵਿਅਕਤੀ ਚਾਹੇ ਸ਼੍ਰੋਮਣੀ ਕਮੇਟੀ ਦਾ ਕੋਈ ਅਧਿਕਾਰੀ ਹੋਵੇ, ਮੈਂਬਰ ਹੋਵੇ ਜਾਂ ਸਾਬਕਾ ਪ੍ਰਧਾਨ ਹੋਵੇ, ਦੇ ਖਿਲਾਫ਼ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਜਿਨ੍ਹਾਂ ਨੇਤਾਵਾਂ ਨੇ ਇਸ ਮਾਮਲੇ ਵਿਚ ਆਪਣੀ ਨੈਤਿਕ ਜ਼ਿੰਮੇਵਾਰੀ ਨਹੀਂ ਨਿਭਾਈ, ਉਨ੍ਹਾਂ ਖਿਲਾਫ਼ ਵੀ ਅਕਾਲ ਤਖ਼ਤ ਸਾਹਿਬ ਵਲੋਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਪਰ ਦੂਜੇ ਪੱਖ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ, ਜੇਕਰ ਸੱਚਮੁੱਚ 12000 ਦੇ ਕਰੀਬ ਕਿਤਾਬਾਂ ਤੇ ਦਸਤਾਵੇਜ਼ ਅਤੇ ਸੈਂਕੜੇ ਗੁਰੂ ਸਾਹਿਬ ਦੇ ਸਰੂਪ ਵਾਪਸ ਨਹੀਂ ਮਿਲੇ ਤਾਂ ਉਨ੍ਹਾਂ ਦੀ ਵਾਪਸੀ ਦੀ ਮੰਗ ਆਪਣੀ ਜਗ੍ਹਾ ਪੂਰੇ ਜ਼ੋਰ ਨਾਲ ਕਰਨੀ ਚਾਹੀਦੀ ਹੈ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼੍ਰੋਮਣੀ ਕਮੇਟੀ ਦੇ 1984 ਤੋਂ ਲੈ ਕੇ ਹੁਣ ਤੱਕ ਬਣਨ ਵਾਲੇ ਸਾਰੇ ਪ੍ਰਧਾਨ ਜਿਨ੍ਹਾਂ ਵਿਚ ਜਥੇ: ਗੁਰਚਰਨ ਸਿੰਘ ਟੌਹੜਾ, ਜਥੇ: ਕਾਬਲ ਸਿੰਘ, ਬਲਦੇਵ ਸਿੰਘ ਸੀਬੀਆ, ਬੀਬੀ ਜਗੀਰ ਕੌਰ, ਜਥੇ: ਜਗਦੇਵ ਸਿੰਘ ਤਲਵੰਡੀ, ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ, ਅਲਵਿੰਦਰ ਪਾਲ ਸਿੰਘ ਪਖੋਕੇ, ਜਥੇ: ਅਵਤਾਰ ਸਿੰਘ ਤੇ ਮੌਜੂਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਭ ਦਾ ਰੋਲ ਇਸ ਮਾਮਲੇ ਵਿਚ ਉਸਾਰੂ ਨਹੀਂ ਮੰਨਿਆ ਜਾ ਸਕਦਾ।

### ਕੀ-ਕੀ ਵਾਪਰਿਆ-

ਵੱਖ-ਵੱਖ ਸੂਚਨਾਵਾਂ ਅਨੁਸਾਰ ਫ਼ੌਜ ਵਲੋਂ 12581 ਤੋਂ ਲੈ ਕੇ 16000 ਕਿਤਾਬਾਂ, ਖਰੜੇ ਤੇ ਹੋਰ ਦਸਤਾਵੇਜ਼ ਅਤੇ 512 ਤੋਂ ਲੈ ਕੇ 1500 ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਕਬਜ਼ੇ ਵਿਚ ਲੈ ਕੇ ਪਹਿਲਾਂ ਅੰਮ੍ਰਿਤਸਰ ਦੇ ਯੂਥ ਹੋਸਟਲ ਵਿਚ ਪਹੁੰਚਾਏ ਗਏ ਜਿਥੇ ਇਨ੍ਹਾਂ ਦੀ ਛਾਂਟੀ ਕੀਤੀ ਗਈ। ਛਾਂਟੀ ਕਰਨ ਵਾਲਿਆਂ ਵਿਚ ਦੋ ਨਾਂਅ ਸ਼੍ਰੋਮਣੀ ਕਮੇਟੀ ਦੇ ਸਾਬਕ ਅਧਿਕਾਰੀਆਂ ਨੂੰ ਯਾਦ ਹਨ ਸ਼ਬਦਲ ਸਿੰਘ ਤੇ ਰਣਜੀਤ ਸਿੰਘ ਨੰਦਾ। ਛਾਂਟੀ ਤੋਂ ਬਾਅਦ ਇਹ ਕਿਤਾਬਾਂ ਸੀ.ਬੀ.ਆਈ. ਨੂੰ ਸੌਂਪੀਆਂ ਗਈਆਂ।

ਦੱਸਿਆ ਗਿਆ ਹੈ ਕਿ 4 ਜੁਲਾਈ, 1984 ਨੂੰ ਸੀ.ਬੀ.ਆਈ. ਨੂੰ ਇਨ੍ਹਾਂ ਕਿਤਾਬਾਂ ਆਦਿ ਦੇ 4 ਵੱਡੇ ਬੋਰੇ ਤੇ 72 ਛੋਟੇ ਬੈਗ, 6 ਜੁਲਾਈ ਨੂੰ 37 ਵੱਡੇ ਬੈਗ, 7 ਜੁਲਾਈ ਨੂੰ 16 ਹੋਰ ਵੱਡੇ ਬੈਗ ਅਤੇ 6 ਮਾਰਚ, 1985 ਨੂੰ 12 ਵੱਡੇ ਬੈਗ ਦਿੱਤੇ ਗਏ ਸਨ। ਬਾਅਦ ਵਿਚ ਸੀ.ਬੀ.ਆਈ. ਨੇ ਵੱਖ-ਵੱਖ ਸਮਿਆਂ 'ਤੇ 7 ਕਿਸ਼ਤਾਂ ਵਿਚ ਸਮਾਨ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤਾ ਦੱਸਿਆ ਜਾਂਦਾ ਹੈ। ਲੁਧਿਆਣਾ ਦੇ ਅਨੁਰਾਗ ਸਿੰਘ ਨੇ ਇਨ੍ਹਾਂ ਸਾਰੇ ਦਸਤਾਵੇਜ਼ਾਂ ਦੀ ਇਕ ਲੰਮੀ ਲਿਸਟ ਬਣਾਈ ਹੋਈ ਹੈ, ਜਿਸ ਅਨੁਸਾਰ 13.10.1989, 20 ਜੂਨ, 1990 ਅਤੇ 28 ਦਸੰਬਰ, 1990 ਨੂੰ ਤਿੰਨ ਕਿਸ਼ਤਾਂ ਵਿਚ ਕਿਤਾਬਾਂ ਮੋੜੀਆਂ ਗਈਆਂ। ਇਸ ਲਿਸਟ ਵਿਚ ਉਹ ਚੀਜ਼ਾਂ ਵੀ ਦਰਜ ਹਨ ਜੋ ਫ਼ੌਜ ਨੇ ਵਾਪਸ ਨਹੀਂ ਕੀਤੀਆਂ, ਜਿਨ੍ਹਾਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪੀ.ਏ. ਰਛਪਾਲ ਸਿੰਘ ਦੀ ਡਾਇਰੀ, ਜਨਰਲ ਸੁਬੇਗ ਸਿੰਘ ਦੀ ਡਾਇਰੀ ਤੇ ਖਾਲਿਸਤਾਨ ਸਬੰਧੀ ਕੁਝ ਸਮਾਨ ਦਰਜ ਹੈ। ਵਾਪਸ ਕੀਤੀਆਂ ਕਿਤਾਬਾਂ ਤੇ ਗੁਰੂ ਸਾਹਿਬ ਦੇ ਸਰੂਪਾਂ ਨੂੰ ਪ੍ਰਾਪਤ ਕਰਨ ਵਾਲੀਆਂ ਰਸੀਦਾਂ 'ਤੇ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਭਾਨ ਸਿੰਘ ਅਤੇ ਸਹਾਇਕ ਸਕੱਤਰ ਕੁਲਵੰਤ ਸਿੰਘ ਦੇ ਦਸਤਖ਼ਤ ਹਨ ਜਦੋਂ ਕਿ ਸਰਕਾਰ ਵਲੋਂ ਪੀ.ਐਨ. ਸਾਹਨੀ, ਆਰ.ਪੀ. ਨਈਅਰ ਅਤੇ ਐਸ.ਐਸ. ਢਿੱਲੋਂ ਦੇ ਦਸਤਖ਼ਤ ਵੀ ਹਨ। ਇਕ ਸਫ਼ੇ 'ਤੇ ਲਾਇਬ੍ਰੇਰੀਅਨ ਬਲਬੀਰ ਸਿੰਘ ਦੇ ਦਸਤਖ਼ਤ ਵੀ ਦੱਸੇ ਜਾ ਰਹੇ ਹਨ। ਇਕ ਵੱਡੀ ਗੱਲ ਸਾਹਮਣੇ ਆਈ ਹੈ ਕਿ ਵਾਪਸ ਕੀਤੇ ਦਸਤਾਵੇਜ਼ਾਂ ਵਿਚ ਰੈਫਰੈਂਸ ਲਾਇਬ੍ਰੇਰੀ ਦੇ 3 ਰਜਿਸਟਰ ਵੀ ਹਨ, ਜਿਨ੍ਹਾਂ ਤੋਂ ਪੂਰੀ ਲਿਸਟ ਹੁਣ ਵੀ ਬਣ ਸਕਦੀ ਹੈ ਕਿ ਫ਼ੌਜ ਦੇ ਕਬਜ਼ੇ ਤੋਂ ਪਹਿਲਾਂ ਕਿਹੜੀਆਂ ਕਿਤਾਬਾਂ ਤੇ ਦਸਤਾਵੇਜ਼ ਲਾਇਬ੍ਰੇਰੀ ਵਿਚ ਪਏ ਸਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਹਿਸਾਬ ਵਾਲਾ ਵੱਖਰਾ ਰਜਿਸਟਰ ਕਿੱਥੇ ਹੈ, ਉਸ ਦਾ ਕੁਝ ਪਤਾ ਨਹੀਂ। ਚਾਹੀਦਾ ਤਾਂ ਇਹ ਸੀ ਕਿ ਜਦੋਂ 1990 ਵਿਚ ਇਹ ਤਿੰਨੇ ਰਜਿਸਟਰ ਸ਼੍ਰੋਮਣੀ ਕਮੇਟੀ ਨੂੰ ਮਿਲ ਗਏ ਸਨ ਤਾਂ ਉਸ ਵੇਲੇ ਇਕ ਲਿਸਟ ਬਣਾਈ ਜਾਂਦੀ ਕਿ ਕਿਹੜੀਆਂ-ਕਿਹੜੀਆਂ ਕਿਤਾਬਾਂ ਜਾਂ ਦਸਤਾਵੇਜ਼ ਨਹੀਂ ਮਿਲੇ ਜਾਂ ਘੱਟੋ-ਘੱਟ ਜਦੋਂ ਸੰਨ 2000 ਵਿਚ ਹੁਣ ਸਾਬਕ ਪਿਆਰੇ ਭਾਈ ਸਤਨਾਮ ਸਿੰਘ ਖੰਡਾ ਨੇ ਹਾਈ ਕੋਰਟ ਵਿਚ ਰੈਫਰੈਂਸ ਲਾਇਬ੍ਰੇਰੀ ਦਾ ਸਾਮਾਨ ਵਾਪਸ ਕਰਨ ਦੀ ਰਿਟ ਪਾਈ ਸੀ, ਉਸ ਵੇਲੇ ਤਾਂ ਇਹ ਲਿਸਟ ਬਣਾ ਕੇ ਸ਼੍ਰੋਮਣੀ ਕਮੇਟੀ ਨੂੰ ਅਦਾਲਤ ਵਿਚ ਪੇਸ਼ ਕਰਨੀ ਹੀ ਚਾਹੀਦੀ ਸੀ।

### ਭਾਈ ਖੰਡਾ ਦਾ ਇਲਜ਼ਾਮ-

ਗ਼ੌਰਤਲਬ ਹੈ ਕਿ ਭਾਈ ਖੰਡਾ ਨੇ ਅਦਾਲਤ ਵਿਚ ਸੀ.ਬੀ.ਆਈ., ਭਾਰਤ ਦੇ ਰੱਖਿਆ ਮੰਤਰੀ, ਗ੍ਰਹਿ ਮੰਤਰੀ, ਪੰਜਾਬ ਸਰਕਾਰ, ਪੰਜਾਬ ਪੁਲਿਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਨੂੰ ਵੀ ਪਾਰਟੀ ਬਣਾਇਆ ਸੀ। ਪਰ ਸ਼੍ਰੋਮਣੀ ਕਮੇਟੀ ਖੰਡਾ ਦੇ ਇਲਜ਼ਾਮ ਅਨੁਸਾਰ ਮਿੰਨਤਾਂ ਕਰਕੇ ਸਹਾਇਕ ਪਟੀਸ਼ਨਰ ਤਾਂ ਬਣ ਗਈ ਪਰ ਕੇਸ ਵਿਚ ਮੂਕ ਦਰਸ਼ਨ ਹੀ ਬਣੀ ਰਹੀ। ਇਸ ਦਰਮਿਆਨ ਭਾਰਤ ਸਰਕਾਰ ਦੇ ਅੰਡਰ ਸੈਕਟਰੀ ਵੀ.ਕੇ. ਗੁਪਤਾ ਨੇ ਸੀ.ਬੀ.ਆਈ. ਵਲੋਂ ਪੇਸ਼ ਹੋ ਕੇ ਅਦਾਲਤ ਵਿਚ ਦੱਸਿਆ ਕਿ ਸੀ.ਬੀ.ਆਈ. ਨੇ 4000 ਦੇ ਕਰੀਬ ਪੁਸਤਕਾਂ ਤੇ 185 ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤੇ ਹਨ। ਉਸ ਵੇਲੇ ਵੀ ਸ਼੍ਰੋਮਣੀ ਕਮੇਟੀ ਨੇ ਇਸ ਦੇ ਖਿਲਾਫ਼ ਕੁਝ ਨਹੀਂ ਕਿਹਾ।

ਭਾਈ ਸਤਨਾਮ ਸਿੰਘ ਖੰਡਾ ਦਾ ਇਲਜ਼ਾਮ ਹੈ ਕਿ ਸ਼੍ਰੋਮਣੀ ਕਮੇਟੀ ਨੇ ਅਦਾਲਤ ਨੂੰ ਕੋਈ ਲਿਸਟ ਪੇਸ਼ ਨਹੀਂ ਕੀਤੀ। ਇਕ ਹੋਰ ਸੂਚਨਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 20 ਹੋਰ ਸਰੂਪ ਵੀ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤੇ ਗਏ ਸਨ। ਸੁਯੋਗ ਅਦਾਲਤ ਨੇ 28 ਅਪ੍ਰੈਲ, 2004 ਨੂੰ ਇਸ ਕੇਸ ਦਾ ਫ਼ੈਸਲਾ ਕਰ ਦਿੱਤਾ ਕਿ ਬਾਕੀ ਸਾਰੇ ਦਸਤਾਵੇਜ਼, ਕਿਤਾਬਾਂ, ਸਰੂਪ ਆਦਿ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤੇ ਜਾਣ। ਪਰ ਹੈਰਾਨੀ ਦੀ ਗੱਲ ਹੈ ਕਿ 2004 ਵਿਚ ਹੋਏ ਫ਼ੈਸਲੇ ਤੋਂ ਬਾਅਦ 15 ਸਾਲ ਬੀਤ ਜਾਣ ਤੱਕ ਸ਼੍ਰੋਮਣੀ ਕਮੇਟੀ ਤੇ ਉਸ 'ਤੇ ਕਾਬਜ਼ ਅਕਾਲੀ ਦਲ ਸੁੱਤਾ ਰਿਹਾ ਤੇ ਅਦਾਲਤ ਵਲੋਂ ਆਪਣੇ ਹੱਕ ਵਿਚ ਆਏ ਫ਼ੈਸਲੇ ਨੂੰ ਲਾਗੂ ਕਰਵਾਉਣ ਲਈ ਕੋਈ ਕਾਨੂੰਨੀ, ਦਫ਼ਤਰੀ ਕਾਰਵਾਈ ਨਹੀਂ ਕੀਤੀ।

ਇਸ ਦਰਮਿਆਨ ਲੁਧਿਆਣਾ ਦੇ ਅਨੁਰਾਗ ਸਿੰਘ ਨੇ ਇਹ ਸਵਾਲ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ ਕਿ 29 ਸਤੰਬਰ, 1984 ਤੋਂ ਲੈ ਕੇ 28 ਦਸੰਬਰ, 1990 ਤੱਕ ਵਾਪਸ ਆਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਹੋਰ ਖਰੜੇ ਤੇ ਗ੍ਰੰਥ ਕਿੱਥੇ ਹਨ ਤਾਂ 28 ਮਾਰਚ, 2009 ਨੂੰ ਗੁਰਤੇਜ ਸਿੰਘ ਦੀ ਅਗਵਾਈ ਵਿਚ ਇਕ ਜਾਂਚ ਕਮੇਟੀ ਬਣਾਈ ਗਈ, ਜਿਸ ਨੇ 10 ਸਾਲ ਬੀਤ ਜਾਣ 'ਤੇ ਵੀ ਆਪਣੀ ਰਿਪੋਰਟ ਪੇਸ਼ ਨਹੀਂ ਕੀਤੀ।

### ਸ਼੍ਰੋਮਣੀ ਕਮੇਟੀ ਵਲੋਂ ਤਿਆਰ ਕੀਤੀ ਲਿਸਟ

ਇਨ੍ਹਾਂ ਵਿਚ 205 ਹੱਥ ਲਿਖਤ ਸਰੂਪ ਵੀ ਸ਼ਾਮਲ ਹਨ, ਜੋ ਵਾਪਸ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਕਿ 307 ਹੱਥ ਲਿਖਤ ਪਾਵਨ ਸਰੂਪ ਸਰਕਾਰ ਨੇ ਹਾਲੇ ਤੱਕ ਵਾਪਸ ਨਹੀਂ ਕੀਤੇ ਗਏ। ਇਸ ਤੋਂ ਬਿਨਾ ਕਰੀਬ 11,107 ਹੱਥ ਲਿਖਤ ਕਿਤਾਬਾਂ ਵੀ ਸਰਕਾਰ ਵੱਲੋਂ ਵਾਪਸ ਨਹੀਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਰਿਕਾਰਡ ਮੁਤਾਬਕ ਲਾਇਬ੍ਰੇਰੀ ਵਿਚ 24999 ਪੁਸਤਕਾਂ, 560 ਹੱਥ ਲਿਖਤ ਪਾਵਨ ਸਰੂਪ ਅਤੇ 1398 ਹੱਥ ਲਿਖਤ ਪੋਥੀਆਂ ਮੌਜੂਦ ਹਨ।

ਮੁੱਖ ਸਕੱਤਰ ਨੇ ਕਿਹਾ ਕਿ ਉਸ ਸਮੇਂ ਸਰਕਾਰ ਨੇ ਕੁਲਵੰਤ ਸਿੰਘ ਨੂੰ ਸਿੱਖ ਲਾਇਬ੍ਰੇਰੀ ਦਾ ਕੀਮਤੀ ਸਾਮਾਨ ਵਾਪਸ ਕੀਤਾ ਸੀ ਜੋ ਕਿ ਮੀਟਿੰਗ ਵਿਚ ਮੌਜੂਦ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਤਕਰੀਬਨ 85 ਪੱਤਰ ਲਿਖ ਕੇ ਲੰਮੇ ਅਰਸੇ ਤੋਂ ਸਰਕਾਰਾਂ ਪਾਸੋਂ ਲਾਇਬਰੇਰੀ ਦੇ ਸਮਾਨ ਦੀ ਵਾਪਸੀ ਮੰਗ ਰਹੀ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ 1984 ਤੋਂ ਬਾਅਦ ਹੁਣ ਤੱਕ ਸ਼੍ਰੋਮਣੀ ਕਮੇਟੀ ਵਿਚ 17 ਸਕੱਤਰ, 18 ਲਾਇਬ੍ਰੇਰੀ ਇੰਚਾਰਜ, 2 ਡਾਇਰੈਕਟਰ ਅਤੇ 8 ਲਾਇਬ੍ਰੇਰੀਅਨ ਸੇਵਾ ਨਿਭਾ ਚੁੱਕੇ ਹਨ। ਜੇਕਰ ਲਾਇਬਰੇਰੀ ਦਾ ਸਾਰਾ ਸਮਾਨ ਵਾਪਸ ਆ ਗਿਆ ਸੀ ਤਾਂ ਉਹ ਇਨ੍ਹਾਂ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਨਜ਼ਰ ਕਿਉਂ ਨਾ ਪਿਆ ?

ਡਾ. ਰੂਪ ਸਿੰਘ ਨੇ ਪ੍ਰਕਾਸ਼ਤ ਖ਼ਬਰਾਂ ਵਿੱਚ ਵੱਡੀ ਕੀਮਤ 'ਤੇ ਵੇਚੇ ਗਏ ਹੱਥ ਲਿਖਤ ਸਰੂਪ ਬਾਰੇ ਕਿਹਾ ਕਿ ਇਸ ਬਾਰੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਪੜਤਾਲ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜੋ ਕੋਈ ਵੀ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਡਾ. ਰੂਪ ਸਿੰਘ ਨੇ ਕਿਹਾ ਕਿ ਸਿੱਖ ਰੈਫਰੈਂਸ ਲਾਇਬਰੇਰੀ ਦਾ ਚੁਰਾਇਆ ਗਿਆ ਅਨਮੋਲ ਸਰਮਾਇਆ ਪੂਰਨ ਰੂਪ ਵਿਚ ਸ਼੍ਰੋਮਣੀ ਕਮੇਟੀ ਨੂੰ ਵਾਪਸ ਨਹੀਂ ਕੀਤਾ ਗਿਆ। ਉਨ੍ਹਾਂ ਵੇਰਵੇ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੂੰ ਲਾਇਬ੍ਰੇਰੀ ਦੇ ਸਾਬਕਾ ਡਾਇਰੈਕਟਰ ਡਾ. ਅਨੁਰਾਗ ਸਿੰਘ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਲਿਸਟਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 205 ਹੱਥਲਿਖਤ ਸਰੂਪ, 807 ਪੁਸਤਕਾਂ, 1 ਹੁਕਮਨਾਮਾ ਅਤੇ ਅਖ਼ਬਾਰਾਂ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤੀਆਂ ਗਈਆਂ ਸਨ।

ਡਾ. ਰੂਪ ਸਿੰਘ ਨੇ ਵਿਸਥਾਰ ਦਿੰਦਿਆਂ ਦੱਸਿਆ ਕਿ ਅਸੈਸ਼ਨ ਰਜਿਸਟਰਾਂ ਦੇ ਰਿਕਾਰਡ ਮੁਤਾਬਕ ਜੂਨ 1984 ਤੋਂ ਪਹਿਲਾਂ ਲਾਇਬ੍ਰੇਰੀ ਵਿਚ 512 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਸਰੂਪ ਅਤੇ 12613 ਦੁਰਲੱਭ ਪੁਸਤਕਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਅਖ਼ਬਾਰਾਂ ਮੌਜੂਦ ਸਨ। ਉਨ੍ਹਾਂ ਕਿਹਾ ਕਿ ਜੇਕਰ ਮੀਡੀਆ ਵਿਚ ਆਈ ਸੂਚੀ ਅਤੇ ਡਾ. ਅਨੁਰਾਗ ਸਿੰਘ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਲਾਇਬ੍ਰੇਰੀ ਦਾ ਸਮਾਨ ਵਾਪਸ ਆਇਆ ਵੀ ਹੈ ਤਾਂ ਫਿਰ ਵੀ 307 ਹੱਥਲਿਖਤ ਪਾਵਨ ਸਰੂਪ ਅਤੇ 11107 ਪੁਸਤਕਾਂ ਸ਼੍ਰੋਮਣੀ ਕਮੇਟੀ ਪਾਸ ਨਹੀਂ ਪੁੱਜੀਆਂ।

ਡਾ. ਰੂਪ ਸਿੰਘ ਨੇ ਦੱਸਿਆ ਕਿ ਕਰੜੀ ਘਾਲਣਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਰੈਫਰੈਂਸ ਲਾਇਬਰੇਰੀ ਨੂੰ ਨਵੇਂ ਸਿਰਿਓਂ ਅਬਾਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਰਿਕਾਰਡ ਮੁਤਾਬਕ ਲਾਇਬਰੇਰੀ ਵਿਚ 24999 ਪੁਸਤਕਾਂ, 560 ਹੱਥਲਿਖਤ ਪਾਵਨ ਸਰੂਪ ਅਤੇ 1398 ਹੱਥਲਿਖਤ ਪੋਥੀਆਂ ਮੌਜੂਦ ਹਨ। ਡਾ. ਰੂਪ ਸਿੰਘ ਅਨੁਸਾਰ ਹੋਈ ਇਕੱਤਰਤਾ ਵਿਚ 21 ਮੌਜੂਦਾ ਤੇ ਸਾਬਕਾ ਅਧਿਕਾਰੀ ਸ਼ਾਮਲ ਹੋਏ। ਇਕੱਤਰਤਾ ਦੀ ਸਮੁੱਚੀ ਆਡੀਓ ਤੇ ਵੀਡੀਓ ਰਿਕਾਰਡਿੰਗ ਵੀ ਕੀਤੀ ਗਈ ਹੈ। ਯਾਦ ਰਹੇ ਕਿ ਮੀਡੀਆ ਦੇ ਇਕ ਹਿੱਸੇ ਵੱਲੋਂ ਖ਼ਬਰਾਂ ਪ੍ਰਕਾਸ਼ਤ ਕੀਤੀਆਂ ਗਈਆਂ ਕਿ ਕੇਂਦਰ ਸਰਕਾਰ ਵੱਲੋਂ ਲਾਇਬ੍ਰੇਰੀ ਦਾ ਸਮੂਹ ਸਰਮਾਇਆ ਵਾਪਸ ਕਰ ਦਿੱਤਾ ਗਿਆ ਸੀ। ਇਸ ਮਾਮਲੇ ਦੀ ਗੰਭੀਰਤਾ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਨਿਰਦੇਸ਼ਾਂ ਅਨੁਸਾਰ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਲਾਇਬਰੇਰੀ ਨਾਲ ਸਬੰਧਿਤ ਰਹੇ ਮੌਜੂਦਾ ਅਤੇ ਸਾਬਕਾ ਅਧਿਕਾਰੀਆਂ ਦੀ ਇਕੱਤਰਤਾ ਬੁਲਾਈ ਸੀ।

ਇਸ ਮੀਟਿੰਗ ਵਿਚ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਸਾਬਕਾ ਸਕੱਤਰ ਦਲਮੇਘ ਸਿੰਘ, ਕੁਲਵੰਤ ਸਿੰਘ, ਜੋਗਿੰਦਰ ਸਿੰਘ ਅਦਲੀਵਾਲ, ਸਤਬੀਰ ਸਿੰਘ, ਦਿਲਬਾਗ ਸਿੰਘ, ਲਾਇਬਰੇਰੀ ਦੇ ਸਾਬਕਾ ਡਾਇਰੈਕਟਰ ਡਾ. ਅਨੁਰਾਗ ਸਿੰਘ, ਸਾਬਕਾ ਸੁਪਰਵਾਈਜ਼ਰ ਹਰਦੀਪ ਸਿੰਘ ਤੇ ਹੋਰਨਾਂ ਸਮੇਤ ਮੌਜੂਦਾ ਅਮਲਾ ਹਾਜ਼ਰ ਸੀ।

## ਦਿੱਲੀ ਪੁਲਿਸ ਵੱਲੋਂ ਦੋ ਸਿੱਖਾਂ ਦੀ ਵਹਿਸ਼ੀਆਨਾ ਮਾਰਕੁੱਟ

ਵਲੋਂ ਸੜਕ 'ਤੇ ਲਗਾਤਾਰ ਘਸੀਟਿਆ ਗਿਆ। ਇਸ ਪਿੱਛੋਂ ਥਾਣੇ ਲਿਜਾ ਕੇ ਵੀ ਉਨ੍ਹਾਂ 'ਤੇ ਤਸ਼ੱਦਦ ਢਾਹਿਆ ਗਿਆ।

ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਡਰਾਈਵਰ ਨੇ ਇੱਕ ਦਰਜਨ ਦੇ ਲਗਭਗ ਪੁਲਿਸ ਮੁਲਾਜ਼ਮਾਂ ਉੱਤੇ ਹਮਲਾ ਕੀਤਾ ਸੀ। ਡਰਾਈਵਰ ਦੇ ਸਹਾਇਕ ਨੇ ਗ੍ਰਾਮੀਣ ਸੇਵਾ ਦਾ ਵਾਹਨ ਭਜਾਉਣ ਦਾ ਜਤਨ ਕੀਤਾ, ਜਿਸ ਚੱਕਰ ਵਿੱਚ ਵਾਹਨ ਇੱਕ ਮੁਲਾਜ਼ਮ ਦੀ ਲੱਤ ਉੱਤੋਂ ਦੀ ਲੰਘ ਗਿਆ। ਬਾਅਦ ਵਿਚ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇੱਕ ਪੁਲਿਸ ਮੁਲਾਜ਼ਮ ਦੇ ਸਿਰ ਵਿੱਚ ਕਾਫ਼ੀ ਡੂੰਘੀ ਸੱਟ ਵੀ ਲੱਗੀ ਦੱਸੀ ਗਈ ਹੈ। ਉਸ ਦੇ ਸਿਰ 'ਤੇ ਪੰਜ ਟਾਂਕੇ ਲੱਗੇ ਹਨ। ਪੁਲਿਸ ਦਾ ਦੋਸ਼ ਹੈ ਕਿ ਡਰਾਈਵਰ ਨੇ ਕ੍ਰਿਪਾਨ ਨਾਲ ਉਨ੍ਹਾਂ ਦੇ ਇੱਕ ਮੁਲਾਜ਼ਮ ਨੂੰ ਜ਼ਖ਼ਮੀ ਕੀਤਾ ਹੈ।

### ਘੱਟ ਗਿਣਤੀ ਕਮਿਸ਼ਨ ਵਲੋਂ ਨੋਟਿਸ-

ਦਿੱਲੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਕਰਤਾਰ ਸਿੰਘ ਕੋਛੜ ਨੇ ਪੁਲੀਸ ਦੀ ਹਰਕਤ ਦਾ ਸਖ਼ਤ ਨੋਟਿਸ ਲਿਆ ਤੇ ਕਿਹਾ ਕਿ ਸਥਾਨਕ ਡੀਸੀਪੀ ਨੂੰ ਤਲਬ ਕੀਤਾ ਜਾਵੇਗਾ।

### ਸਿੱਖ ਸੰਗਤ ਵਲੋਂ ਧਰਨਾ-

ਸਿੱਖਾਂ ਨੇ ਮੁਖਰਜੀ ਨਗਰ ਪੁਲਿਸ ਥਾਣੇ ਦੇ ਬਾਹਰ ਪੁਲਿਸ ਵਿਰੁੱਧ ਰੋਸ ਮੁਜ਼ਾਹਰਾ ਕੀਤਾ। ਇਸ ਰੋਸ ਧਰਨੇ ਵਿਚ ਦਿੱਲੀ ਕਮੇਟੀ ਮੈਂਬਰ, ਹਿੰਦੂ, ਮੁਸਲਮਾਨ, ਦਲਿਤ ਵੀ ਸ਼ਾਮਲ ਸਨ, ਨੇ ਥਾਣੇ ਅੱਗੇ ਧਰਨਾ ਲਾ ਕੇ ਜ਼ਿੰਮੇਵਾਰ ਮੁਲਾਜ਼ਮਾਂ ਨੂੰ ਮੁਅਤਲ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਬਾਬਾ ਬਲਜੀਤ ਸਿੰਘ ਦਾਦੂਵਾਲ, ਪੰਥਕ ਆਗੂ ਪਰਮਜੀਤ ਸਿੰਘ ਸਰਨਾ ਅਕਾਲੀ ਦਲ ਦਿੱਲੀ, ਮਨਜੀਤ ਸਿੰਘ ਜੀਕੇ ਵੀ ਪਹੁੰਚੇ ਸਨ। ਧਰਨੇ ਦੌਰਾਨ ਗੁੱਸੇ ਵਿਚ ਆਏ ਸਿੱਖ ਨੌਜਵਾਨਾਂ ਨੇ ਏਸੀਪੀ ਨੂੰ ਕੁੱਟ ਕੱਢਿਆ। ਬਚਾਉਣ ਲਈ ਪੁਲਿਸ ਵੀ ਬੇਵੱਸ ਨਜ਼ਰ ਆਈ। ਇਸ ਘਟਨਾ ਦੀ ਜਾਣਕਾਰੀ ਮਿਲਦੇ ਹੀ ਦਿੱਲੀ ਕਮੇਟੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਵਿਚ ਦਿੱਲੀ ਕਮੇਟੀ ਦੇ ਮੈਂਬਰਾਂ ਨੇ ਵਧੀਕ ਡੀਸੀਪੀ ਤੋਂ ਨੌਜਵਾਨ ਨਾਲ ਕਥਿਤ ਕੁੱਟਮਾਰ ਕਰਨ ਵਾਲੇ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ।

### ਪੰਜਾਬ ਸਰਕਾਰ ਤੇ 'ਆਪ' ਨੇ ਮੰਗੀ ਜਾਂਚ-

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਖ ਵੱਖ ਬਿਆਨਾਂ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਸ ਘਟਨਾ ਦੇ ਜ਼ਿੰਮੇਵਾਰ ਦੋਸ਼ੀ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ।

ਪੰਜਾਬ ਵਿੱਚ ਆਮ ਆਦਮੀ ਦੀ ਇਕਾਈ ਦੇ ਸੀਨੀਅਰ ਆਗੂ ਕੁਲਤਾਰ ਸਿੰਘ ਸੰਧਵਾਂ, ਪ੍ਰੋ. ਬਲਜਿੰਦਰ ਕੌਰ, ਕੁਲਵੰਤ ਸਿੰਘ ਪੰਡੋਰੀ, ਜੈ ਕਿਸ਼ਨ ਸਿੰਘ ਰੋੜੀ ਤੇ ਮਨਜੀਤ ਸਿੰਘ ਬਿਲਾਸਪੁਰ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਤੁਰੰਤ ਬਰਖ਼ਾਸਤ ਕਰਕੇ ਉਨ੍ਹਾਂ 'ਤੇ ਫ਼ੌਜਦਾਰੀ ਮੁਕੱਦਮਾ ਦਰਜ ਕੀਤਾ ਜਾਵੇ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਤੇ ਦਲ ਖਾਲਸਾ ਦੇ ਆਗੂ ਪਰਮਜੀਤ ਸਿੰਘ ਟਾਂਡਾ ਨੇ ਵੱਖ-ਵੱਖ ਬਿਆਨਾਂ ਵਿਚ ਇਸ ਮਾਮਲੇ ਵਿਚ ਪੁਲੀਸ ਕਰਮਚਾਰੀਆਂ ਖਿਲਾਫ ਆਈਪੀਸੀ ਦੀ ਧਾਰਾ 307 ਹੇਠ ਕੇਸ ਦਰਜ ਕਰਨ ਅਤੇ ਉਨ੍ਹਾਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਦਿੱਲੀ ਵਿੱਚ ਨਿਰਦੋਸ਼ ਸਿੱਖਾਂ ਉੱਤੇ ਹਮਲੇ ਲਈ ਜ਼ਿੰਮੇਵਾਰ ਪੁਲੀਸ ਕਰਮੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕਰਕੇ ਪੁਲੀਸ ਕਰਮੀਆਂ ਵਿਰੁੱਧ ਕਤਲ ਦੀ ਕੋਸ਼ਿਸ਼ ਦਾ ਕੇਸ ਦਰਜ ਕੀਤਾ ਜਾਵੇ।

**ਸ਼੍ਰੋਮਣੀ ਕਮੇਟੀ ਵਲੋਂ ਘਟਨਾ ਦੀ ਨਿੰਦਾ-**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਗ੍ਰਹਿ ਮੰਤਰੀ ਨੂੰ ਚਿੱਠੀ ਲਿਖਦਿਆਂ ਦੋਸ਼ੀ ਪੁਲਿਸ ਮੁਲਾਜ਼ਮਾਂ ਖਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਦੀ ਮੰਗ ਕੀਤੀ ਹੈ।

### ਤਿੰਨ ਪੁਲਿਸ ਮੁਲਾਜ਼ਮ ਮੁਅੱਤਲ-

ਇਸ ਮਾਮਲੇ ਵਿਚ ਸਹਾਇਕ ਸਬ-ਇੰਸਪੈਕਟਰ ਸੰਜੇ ਮਲਿਕ ਤੇ ਕਾਂਸਟੇਬਲ ਦੇਵੇਂਦਰ ਤੇ ਪੁਸ਼ਪੇਂਦਰ ਨੂੰ ਮੁਅੱਤਲ ਕਰ ਦਿੱਤਾ ਗਿਆ। ਪਹਿਲੇ ਮਾਮਲੇ ਵਿੱਚ ਸਿੱਖ ਟੈਂਪੂ ਚਾਲਕ ਤੇ ਉਨ੍ਹਾਂ ਦੇ ਸਾਥੀਆਂ ਨੂੰ ਮੁਲਜ਼ਮ ਠਹਿਰਾਇਆ ਗਿਆ ਹੈ। ਦੂਜਾ ਮਾਮਲਾ ਸਿੱਖ ਚਾਲਕ ਵੱਲੋਂ ਦਿੱਲੀ ਪੁਲਿਸ ਖ਼ਿਲਾਫ਼ ਦਰਜ ਕੀਤਾ ਗਿਆ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਦਰਅਸਲ ਪੁਲਿਸ ਦੀ ਗੱਡੀ ਹਲਕਾ ਜਿਹਾ ਸਰਬਜੀਤ ਸਿੰਘ ਦੇ ਟੈਂਪੂ ਨਾਲ ਟਕਰਾ ਗਈ ਸੀ। ਪਹਿਲਾ ਮਾਮਲਾ ਪੁਲਿਸ ਵੱਲੋਂ ਦਰਜ ਕੀਤਾ ਗਿਆ ਜਿਸ ਵਿੱਚ ਧਾਰਾਵਾਂ 186, 353, 332, 34 ਲਾਈਆਂ ਗਈਆਂ ਹਨ। ਘਟਨਾ ਵਿੱਚ ਪੁਲਿਸ ਦੇ 8 ਮੁਲਾਜ਼ਮ ਜ਼ਖ਼ਮੀ ਹੋਏ ਹਨ। 2 ਥਾਣੇਦਾਰ ਤੇ ਇੱਕ ਪੁਲਿਸ ਕਰਮੀ ਮੁਅੱਤਲ ਕਰ ਦਿੱਤੇ ਗਏ ਹਨ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## ਖੁਸ਼ਖ਼ਬਰੀ

ਬਹੁਤ ਹੀ ਪ੍ਰਾਈਮ ਲੋਕੇਸ਼ਨ ਉਤੇ, ਫੁਲ ਸਰਵਿਸ ਟਰੱਕ ਰਿਪੇਅਰ ਦੀ ਦੁਕਾਨ, 3 ਏਕੜ ਦੀ ਫੈਂਸ ਲੱਗੀ ਸੁਰੱਖਿਅਤ ਪਾਰਕਿੰਗ ਸਮੇਤ ਵਿਕਾਊ ਹੈ

**Full service truck repair shop with 3 acreage fence and secure parking at prime location**









**Asking price $2,150,000**

Address 2101 E Charter way Stockton available.

Please Contact Ranjit Singh at 408-355-5700



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM